# ਗੁਰੂ ਨਾਨਕ ਸਾਹਿਬ
## ਦਾ ਸਿਰਜਿਆ ਹੋਇਆ
# ਮਨੁੱਖ (ਸਿੱਖ)
## ਕਿਹੋ ਜਿਹਾ ਹੋਵੇ ?

- ੴ (ਪਰਮਾਤਮਾ ਇਕ ਹੈ।)
- ਏਕੁ ਪਿਤਾ ਏਕਸ ਕੇ ਹਮ ਬਾਰਿਕ।
- ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
  ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥
- ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
- ਸਾਹਿਬੁ ਮੇਰਾ ਏਕੋ ਹੈ ਏਕੋ ਹੈ ਭਾਈ ਏਕੋ ਹੈ ॥

ਗੁਰੂ ਨਾਨਕ ਸਾਹਿਬ ਦਾ ਸਿਰਜਿਆ ਹੋਇਆ ਮਨੁੱਖ ਵੱਖ-ਵੱਖ ਦੇਵਤਿਆਂ ਤੋਂ ਵਿਸ਼ਵਾਸ ਕਾਰਨ ਸਮਾਜ ਵਿਚ ਪੈਦਾ ਹੋਈਆਂ ਵੰਡੀਆਂ ਨੂੰ ਦੂਰ ਕਰਨ ਲਈ ਇਕ ਅਕਾਲ ਪੁਰਖ ਵਿਚ ਵਿਸ਼ਵਾਸ ਰਖਦਾ ਹੈ। ਅਸੀਂ ਸਾਰੇ ਇੱਕ ਪਿਤਾ ਦੀ ਔਲਾਦ ਹਾਂ, ਬਰਾਬਰ ਹਾਂ, ਕੋਈ ਮੰਦਾ ਚੰਗਾ ਨਹੀਂ। ਔਰਤ ਤੇ ਮਰਦ ਵਿਚ ਵੀ ਬਰਾਬਰਤਾ ਹੈ।

- ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥
- ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।

ਸੱਚ ਆਚਾਰ ਵਾਲਾ ਮਨੁੱਖ ਹੀ ਸਰਬੱਤ ਦਾ ਭਲਾ ਲੋਚਦਾ ਹੈ।

**ਅਸਲ ਵਿੱਦਿਆ ਹੈ- ਨਾਮ ਜਪਣਾ, ਵੰਡ ਛੱਕਣਾ ਤੇ ਸੱਚੀ-ਸੁੱਚੀ ਕਿਰਤ ਕਰਨਾ**, ਇਹ ਮਨੁੱਖੀ ਸ਼ਖਸੀਅਤ ਦੀ ਉਸਾਰੀ ਕਰਦੀ ਹੈ।

**ਆਓ! ਗੁਰੂ ਨਾਨਕ ਸਾਹਿਬ ਜੀ ਦਾ ਸੋਹਣਾ ਸਮਾਜ ਸਿਰਜਣ ਦਾ ਆਦਰਸ਼ ਪੂਰਾ ਕਰਨ ਵਿੱਚ ਆਪਣਾ ਹਿੱਸਾ ਪਾਈਏ।**

ਗੁਰੂ ਨਾਨਕ ਦੇਵ ਜੀ
550 ਸਾਲਾ
ਪ੍ਰਕਾਸ਼ ਪੁਰਬ
ਨੂੰ ਸਮਰਪਿਤ

www.HarjitPrintingPress.com 0172-2226297, 5098297

ੴ ਸਤਿਗੁਰ ਪ੍ਰਸਾਦਿ ॥

## ਸਤਿਨਾਮੁ ਸਰਬ ਕਲਿਆਣ ਟਰੱਸਟ (ਰਜਿ.)

# ਧਾਰਮਿਕ ਵਿੱਦਿਆ ਪੋਥੀ

### ਜਮਾਤ - ਦਸਵੀਂ

ਸਰਬ ਕਲਿਆਣ ਚਰਨ ਪ੍ਰਭ ਸੇਵਾ ॥
ਸਤਿਨਾਮੁ ਸਰਬ ਕਲਿਆਣ ਟਰੱਸਟ (ਰਜਿ.)

ਪ੍ਰਕਾਸ਼ਕ:
ਸਤਿਨਾਮੁ ਸਰਬ ਕਲਿਆਣ ਟਰੱਸਟ (ਰਜਿ.)
ਭੇਟਾ-25/-

# ਤਤਕਰਾ

## ਛਿਮਾਹੀ ਪਹਿਲੀ


1. **ਗੁਰਬਾਣੀ ਕੰਠ**-ਜਪੁ ਜੀ ਸਾਹਿਬ ਸੰਪੂਰਨ (ਪੰਨਾ ਨੰ. 112 ਤੇ ਦੇਖੋ)
2. **ਗੁਰਬਾਣੀ ਸੰਥਿਆ**- ਅਨੰਦੁ ਸਾਹਿਬ ਪਹਿਲੀਆਂ ੨੦ ਪਉੜੀਆਂ ਅਤੇ ਜਾਪੁ ਸਾਹਿਬ ੧੨੧ ਤੋਂ ੧੬੦ ਛੰਦ — 1
3. **ਸ਼ਬਦ**-ਨਾਰਾਇਨ ਨਰਪਤਿ ਨਮਸਕਾਰੈ॥ — 14
4. **ਸਲੋਕ ਅਤੇ ਪੰਗਤੀਆਂ** — 14
5. **ਇਤਿਹਾਸ** - ਭਾਣਾ, ਸ਼ਾਂਤੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਗੁਰਦੁਆਰਾ ਸ਼ੀਸ਼ ਗੰਜ, ਮਾਤਾ ਭਾਗ ਕੌਰ ਜੀ, ਭਗਤ ਸੈਣ ਜੀ, ਭਗਤ ਭੀਖਨ ਜੀ, ਮਹਾਰਾਜਾ ਰਣਜੀਤ ਸਿੰਘ ਜੀ, ਭਾਈ ਕਾਹਨ ਸਿੰਘ ਨਾਭਾ, ਮੋਰਚਾ ਗੁਰੂ ਕਾ ਬਾਗ — 16
6. **ਸਿੱਖ ਸਿਧਾਂਤ ਅਤੇ ਪ੍ਰੰਪਰਾਵਾਂ**— ਕੇਸਾਂ ਦੇ ਰੋਗ ਅਤੇ ਇਲਾਜ, ਗੁਰਬਾਣੀ ਅਤੇ ਸਾਇੰਸ, ਨਾਨਕਸ਼ਾਹੀ ਕਲੰਡਰ, ਸਿੱਖ ਰਹਿਤ ਮਰਯਾਦਾ — 41
7. **ਵਾਤਾਵਰਣ ਸਬੰਧੀ ਸਾਡਾ ਕਰਤੱਵ** — 53
8. **ਪ੍ਰੋਜੈਕਟ ਵਰਕ** — 54


## ਛਿਮਾਹੀ ਦੂਜੀ


1. **ਗੁਰਬਾਣੀ ਕੰਠ**-ਰਹਿਰਾਸ ਸਾਹਿਬ ਸੰਪੂਰਨ (ਪੰਨਾ ਨੰ. 119 ਤੇ ਦੇਖੋ)
2. **ਗੁਰਬਾਣੀ ਸੰਥਿਆ**- ਅਨੰਦੁ ਸਾਹਿਬ ੨੧ ਤੋਂ ੪੦ ਪਉੜੀਆਂ ਅਤੇ ਜਾਪੁ ਸਾਹਿਬ ੧੬੧ ਤੋਂ ੧੯੯ ਛੰਦ — 55
3. **ਸ਼ਬਦ**-ਗੁਰੂ ਪੂਰੈ ਮੇਰੀ ਰਾਖਿ ਲਈ॥ — 70
4. **ਸਲੋਕ ਅਤੇ ਪੰਗਤੀਆਂ** — 71
5. **ਇਤਿਹਾਸ**-ਸੂਰਬੀਰਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਤਖਤ ਸ੍ਰੀ ਹਜ਼ੂਰ ਸਾਹਿਬ ਨੰਦੇੜ, ਮਾਤਾ ਸਾਹਿਬ ਕੌਰ ਜੀ, ਭਗਤ ਕਬੀਰ ਜੀ, ਸ. ਸ਼ਾਮ ਸਿੰਘ ਜੀ ਅਟਾਰੀ, ਦੇਸ਼ ਦੀ ਅਜਾਦੀ ਵਿੱਚ ਸਿੱਖਾਂ ਦਾ ਹਿੱਸਾ, ਗਿਆਨੀ ਦਿੱਤ ਸਿੰਘ ਜੀ — 73
6. **ਸਿੱਖ ਸਿਧਾਂਤ ਅਤੇ ਪ੍ਰੰਪਰਾਵਾਂ**— ਮਨੁੱਖ ਤੇ ਜਾਤ-ਪਾਤ, ਕੇਸਾਂ ਦੀ ਮਹੱਤਤਾ, ਗੁਰਬਾਣੀ ਅਤੇ ਸਾਇੰਸ, ਸਿੱਖ ਰਹਿਤ ਮਰਯਾਦਾ, — 98
6. **ਪ੍ਰੋਜੈਕਟ ਵਰਕ** — 112
7. **ਜਪੁਜੀ ਸਾਹਿਬ ਅਤੇ ਰਹਿਰਾਸ ਸਾਹਿਬ** — 112


☞ ਵਿਦਿਆ ਅਤੇ ਪੈਸਾ ਦੋਵੇਂ ਹੀ ਧਨ ਹਨ ਪਰ ਦੋਨਾਂ ਵਿੱਚ ਫਰਕ ਇਹ ਹੈ ਕਿ ਵਿਦਿਆ ਖਰਚ ਕਰਨ ਨਾਲ ਵਧਦੀ ਹੈ ਅਤੇ ਧਨ ਖਰਚ ਕਰਨ ਨਾਲ ਘਟਦਾ ਹੈ ਅਤੇ ਖਰਚ ਨਾ ਕੀਤਾ ਜਾਵੇ ਤਾਂ ਉਪਯੋਗੀ ਨਹੀਂ ਹੁੰਦਾ। ਵਿਦਿਆ ਧਨ ਨੂੰ ਕੋਈ ਚੋਰੀ ਨਹੀਂ ਕਰ ਸਕਦਾ ਜਦਕਿ ਰੁਪਿਆ-ਪੈਸਾ ਚੋਰ ਚੋਰੀ ਕਰ ਲੈਂਦਾ ਹੈ। ਵਿਦਿਆ ਨਾਲ ਧਨ ਮਿਲ ਜਾਂਦਾ ਹੈ ਪਰ ਧਨ ਨਾਲ ਪੁਸਤਕ ਤਾਂ ਮਿਲਦੀ ਹੈ ਪਰ ਵਿਦਿਆ ਨਹੀਂ ਮਿਲਦੀ।



# ਛਿਮਾਹੀ ਪਹਿਲੀ

## ਗੁਰਬਾਣੀ ਕੰਠ

### ਜਪੁ ਜੀ ਸਾਹਿਬ ਸੰਪੂਰਨ

ਪੰਨਾ ਨੰ. 112 ਤੇ ਦੇਖੋ

### ਗੁਰਬਾਣੀ ਸੰਥਿਆ ਰਾਮਕਲੀ ਮਹਲਾ ੩ ਅਨੰਦੁ

ੴ ਸਤਿਗੁਰ ਪ੍ਰਸਾਦਿ॥

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥

**ਪਦ ਅਰਥ** - ਅਨੰਦੁ-ਪ੍ਰਸੰਨਤਾ ਸੰਤੁਸ਼ਟੀ। ਪਾਇਆ-ਪ੍ਰਾਪਤ ਕੀਤਾ। ਸਹਜ-ਅਡੋਲ ਅਵਸਥਾ। ਮਨਿ-ਮਨ ਵਿਚ। ਵਾਧਾਈ-ਚੜ੍ਹਦੀ ਕਲਾ, ਉਤਸ਼ਾਹ ਪੈਦਾ ਕਰਨ ਵਾਲਾ ਗੀਤ। ਪਰੀਆ-ਰਾਗਾਂ ਦੀਆਂ ਰਾਗਣੀਆਂ। ਕੇਰਾ-ਦਾ।

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥੨॥

**ਪਦ ਅਰਥ** - ਮੰਨ ਮੇਰੇ-ਹੇ ਮੇਰੇ ਮਨਾ, ਸਭਿ-ਸਾਰੇ। ਵਿਸਾਰਣਾ-ਦੂਰ ਕਰਨਾ। ਅੰਗੀਕਾਰੁ-ਪੱਖ, ਸਹਾਇਤਾ। ਸਮਰਥੁ-ਸਭ ਕੁਝ ਕਰਨ ਵਾਲਾ। ਮਨਹੁ-ਮਨ ਤੋਂ। ਵਿਸਰੇ-ਭੁੱਲਦਾ ਹੈ।

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥
ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥
ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥
ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥
ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥

**ਪਦ ਅਰਥ** - ਘਰਿ ਤੇਰੈ-ਤੇਰੇ ਘਰ ਵਿਚ। ਤ-ਤਾਂ। ਸਭ ਕਿਛੁ-ਹਰੇਕ ਚੀਜ਼। ਦੇਹਿ-ਤੂੰ ਦੇਂਦਾ ਹੈਂ। ਸੁ-ਉਹ ਮਨੁੱਖ। ਪਾਵਏ-ਪਾ ਲੈਂਦਾ ਹੈ, ਹਾਸਲ ਕਰਦਾ ਹੈ। ਸਿਫਤਿ ਸਲਾਹ-

ਵਡਿਆਈ। ਮਨਿ-ਮਨ ਵਿਚ। ਵਸਾਵਏ-ਵਸਾਵੈ, ਵਸਾਂਦਾ ਹੈ। ਜਿਨ ਕੈ ਮਨਿ-ਜਿਨ੍ਹਾਂ ਦੇ ਮਨ ਵਿਚ। ਵਾਜੇ-ਵੱਜਦੇ ਹਨ। ਸਬਦ-ਸਾਜਾਂ ਦੇ ਆਵਾਜ਼, ਰਾਗਾਂ ਦੀਆਂ ਸੁਰਾਂ। ਘਨੇਰੇ -ਬੇਅੰਤ। ਸਚੇ-ਹੇ ਸਦਾ ਕਾਇਮ ਰਹਿਣ ਵਾਲੇ!

ਸਾਚਾ ਨਾਮੁ ਮੇਰਾ ਆਧਾਰੋ॥
ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥
ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ॥
ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ॥
ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ॥
ਸਾਚਾ ਨਾਮੁ ਮੇਰਾ ਆਧਾਰੋ ॥੪॥

**ਪਦ ਅਰਥ** - ਆਧਾਰੋ-ਆਸਰਾ। ਜਿਨਿ-ਜਿਸ (ਨਾਮ) ਨੇ। ਭੁਖ-ਲਾਲਚ। ਕਰਿ-(ਪੈਦਾ) ਕਰ ਕੇ। ਮਨਿ-ਮਨ ਵਿਚ। ਇਛਾ-ਮਨ ਦੀਆਂ ਕਾਮਨਾਵਾਂ। ਸਭਿ-ਸਾਰੀਆਂ। ਕੁਰਬਾਣੁ-ਸਦਕੇ। ਵਿਟਹੁ-ਤੋਂ।

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ॥
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ॥
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ॥੫॥

**ਪਦ ਅਰਥ** - ਵਾਜੇ-ਵੱਜਦੇ ਹਨ। ਪੰਚ ਸਬਦ-ਪੰਜ ਕਿਸਮਾਂ ਦੇ ਸਾਜਾਂ ਦੀਆਂ ਮਿਲਵੀਆਂ ਸੁਰਾਂ। ਤਿਤੁ-ਉਸ ਵਿਚ। ਤਿਤੁ ਘਰਿ-ਉਸ ਹਿਰਦੇ ਘਰ ਵਿਚ। ਸਭਾਗੈ-ਭਾਗਾਂ ਵਾਲੇ ਵਿਚ। ਕਲਾ-ਸੱਤਿਆ। ਜਿਤੁ ਘਰਿ-ਜਿਸ ਘਰ ਵਿਚ। ਧਾਰੀਆ-ਤੂੰ ਪਾਈ ਹੈ। ਪੰਚ ਦੂਤ-ਕਾਮਾਦਿਕ ਪੰਜ ਵੈਰੀ। ਕੰਟਕੁ-ਕੰਡਾ। ਕੰਟਕੁ ਕਾਲੁ-ਡਰਾਉਣਾ ਕਾਲ, ਮੌਤ ਦਾ ਡਰ। ਧੁਰਿ-ਧੁਰ ਤੋਂ। ਕਰਮਿ-ਮਿਹਰ ਨਾਲ। ਸਿ-ਸੇ, ਉਹ ਬੰਦੇ। ਨਾਮਿ-ਨਾਮ ਵਿਚ, ਅਨਹਦ-ਅਨ-ਹਦ, ਬਿਨਾਂ ਵਜਾਏ ਵੱਜਣ ਵਾਲੇ, ਇਕ-ਰਸ, ਲਗਾਤਾਰ।

ਸਾਚੀ ਲਿਵੈ ਬਿਨੁ ਦੇਹ ਨਿਮਾਣੀ॥
ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥
ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ॥
ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ॥
ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥੬॥

**ਪਦ ਅਰਥ** - ਸਾਚੀ ਲਿਵ-ਸੱਚੀ ਲਗਨ, ਸਦਾ ਕਾਇਮ ਰਹਿਣ ਵਾਲੀ ਲਗਨ, ਸਦਾ-ਥਿਰ ਪ੍ਰਭੂ ਨਾਲ ਪ੍ਰੀਤ। ਦੇਹ-ਸਰੀਰ। ਨਿਮਾਣੀ-ਨਿਆਸਰੀ ਜਿਹੀ, ਹੋਲੇ ਮੇਲ ਦੀ। ਕਿਆ ਕਰੇ-ਕੀ ਕਰਦਾ ਹੈ? ਜੋ ਕੁਝ ਕਰਦੀ ਹੈ ਨਕਾਰੇ ਕੰਮ ਹੀ ਕਰਦੀ ਹੈ। ਬਨਵਾਰੀ-ਹੇ ਜਗਤ-ਵਾੜੀ





ਦੇ ਮਾਲਕ! ਸਵਾਰੀਆ-ਸੁੱਚਜੇ ਪਾਸੇ ਲਾਈ ਜਾ ਸਕਦੀ ਹੈ। ਵੇਚਾਰੀਆ-ਪਰ-ਅਧੀਨ, ਨਿਮਾਣੀ ਜਿਹੀ, ਮਾਇਆ ਦੇ ਪ੍ਰਭਾਵ ਹੇਠ।

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥੭॥

**ਪਦ ਅਰਥ** - ਸਭੁ ਕੋ-ਹਰੇਕ ਜੀਵ। ਪਿਆਰਿਆ-ਹੇ ਪਿਆਰੇ ਭਾਈ! ਕ੍ਰਿਪਾ ਕਰੇ-ਜਦੋਂ ਗੁਰੂ ਕਿਰਪਾ ਕਰਦਾ ਹੈ। ਕਿਲਵਿਖ-ਪਾਪ। ਅੰਜਨੁ-ਸੁਰਮਾ। ਸਾਰਿਆ-(ਅੱਖਾਂ ਵਿਚ) ਪਾਂਦਾ ਹੈ। ਅੰਦਰਹੁ-ਮਨ ਵਿਚੋਂ। ਸਚੈ-ਸਦਾ-ਥਿਰ (ਪਰਮਾਤਮਾ) ਨੇ। ਸਬਦੁ-ਬੋਲ। ਸਬਦੁ ਸਵਾਰਿਆ-ਬੋਲ ਸਵਾਰ ਦਿੱਤਾ (ਭਾਵ, ਖ਼ਰਵੇ ਬੋਲ ਨਿੰਦਾ ਆਦਿ ਦੇ ਬੋਲ ਨਹੀਂ ਬੋਲਦਾ)। ਏਹ ਅਨੰਦੁ ਹੈ-ਅਸਲ ਆਤਮਕ ਆਨੰਦ ਇਹ ਹੈ (ਕਿ ਮਨੁੱਖ ਦਾ ਖਰ੍ਹਵਾ ਤੇ ਨਿੰਦਾ ਆਦਿਕ ਵਾਲਾ ਸੁਭਾਉ ਹੀ ਨਹੀਂ ਰਹਿੰਦਾ)।

ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ॥
ਪਾਵੈ ਤ ਸੋ ਜਨੁ ਦੇਹਿ ਜਿਸ ਨੋ ਹੋਰਿ ਕਿਆ ਕਰਹਿ ਵੇਚਾਰਿਆ॥
ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ ਇਕਿ ਨਾਮਿ ਲਾਗਿ ਸਵਾਰਿਆ॥
ਗੁਰਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ॥
ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ॥੮॥

**ਪਦ ਅਰਥ** - ਬਾਬਾ-ਹੇ ਹਰੀ! ਦੇਹਿ-(ਆਨੰਦ ਦੀ ਦਾਤਿ) ਦੇਂਦਾ ਹੈ। ਹੋਰਿ ਵੇਚਾਰਿਆ-ਹੋਰ ਵਿਚਾਰੇ ਜੀਵ। ਕਿਆ ਕਰਹਿ-ਕੀ ਕਰ ਸਕਦੇ ਹਨ? ਮਾਇਆ ਅੱਗੇ ਉਹਨਾਂ ਦੀ ਪੇਸ਼ ਨਹੀਂ ਜਾਂਦੀ। ਇਕਿ-ਕਈ ਜੀਵ। ਭਰਮਿ-(ਮਾਇਆ ਦੀ) ਭਟਕਣਾ ਵਿਚ। ਦਹਦਿਸਿ-ਦਸੀਂ ਪਾਸੀਂ। ਭਾਣਾ-ਰਜ਼ਾ।

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ॥
ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ॥
ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥
ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ॥
ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥੯॥

**ਪਦ ਅਰਥ** - ਅਕਥ-ਜਿਸ ਦੇ ਸਾਰੇ ਗੁਣ ਬਿਆਨ ਨ ਕੀਤੇ ਜਾ ਸਕਣ। ਕਰਹ-ਅਸੀਂ ਕਰੀਏ। ਕਿਤੁ ਦੁਆਰੈ-ਕਿਸ ਵਸੀਲੇ ਨਾਲ? ਸਉਪਿ-ਹਵਾਲੇ ਕਰ ਦਿਹੁ। ਹੁਕਮਿ ਮੰਨਿਐ-ਜੇ (ਪ੍ਰਭੂ ਦਾ) ਹੁਕਮ (ਸਿਰ ਮੱਥੇ ਤੇ) ਮੰਨ ਲਿਆ ਜਾਏ। ਕੇਰਾ-ਦਾ, ਕੇਰੀ-ਦੀ।

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥
ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥
ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥
ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ॥੧੦॥

ਪਦ ਅਰਥ - ਕਿਨੈ-ਕਿਸੇ ਮਨੁੱਖ ਨੇ ਵੀ। ਮੰਨ ਮੇਰਿਆ- ਹੇ ਮੇਰੇ ਮਨ! (ਲਫ਼ਜ਼ 'ਮੰਨ' ਦੀ "" ਇਕ ਮਾਤ੍ਰਾ ਵਧਾਣ ਵਾਸਤੇ ਹੀ ਹੈ, ਅਸਲ ਲਫ਼ਜ਼ 'ਮਨ' ਹੀ ਹੈ)। ਜਿਨਿ-ਜਿਸ (ਮਾਇਆ) ਨੇ। ਏਤੁ ਭਰਮਿ-ਇਸ ਭੁਲੇਖੇ ਵਿਚ ਕਿ ਮੋਹ ਇਕ ਮਿੱਠੀ ਚੀਜ਼ ਹੈ। ਭੁਲਾਇਆ-ਕੁਰਾਹੇ ਪਾ ਦਿੱਤਾ। ਤਿਨੈ-ਉਸੇ (ਪ੍ਰਭੂ) ਨੇ। ਜਿਨਿ-ਜਿਸ (ਪ੍ਰਭੂ) ਨੇ। ਠਗਉਲੀ-ਠਗ-ਬੂਟੀ। ਕੁਰਬਾਣੁ-ਸਦਕੇ, ਵਾਰਨੇ। ਵਿਟਹੁ-ਤੋਂ।

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥
ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥
ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥੧੧॥

ਪਦ ਅਰਥ - ਸਮਾਲੇ-ਸਮਾਲਿ, ਚੇਤੇ ਰੱਖ। ਜਿ-ਜਿਹੜਾ। ਮੂਲੇ ਨ-ਬਿਲਕੁਲ ਨਹੀਂ। ਕੀਚੈ-ਕਰਨਾ ਚਾਹੀਦਾ। ਜਿਤੁ-ਜਿਸ ਕਰਕੇ। ਅੰਤਿ-ਅੰਤ ਵੇਲੇ, ਆਖ਼ਰ ਨੂੰ।

ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ॥
ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ॥
ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ॥
ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ॥
ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ॥੧੨॥

ਪਦ ਅਰਥ - ਅਗਮ-ਹੇ ਅਪਹੁੰਚ ਪ੍ਰਭੂ! ਅਗੋਚਰਾ-ਹੇ ਅਗੋਚਰ ਹਰੀ! ਅਗੋਚਰ-ਜਿਸ ਤਕ ਗਿਆਨ ਇੰਦ੍ਰਿਆਂ ਦੀ ਪਹੁੰਚ ਨ ਹੋ ਸਕੇ। ਕਿਨੈ-ਕਿਸੇ ਨੇ ਵੀ। ਆਪੁ-ਆਪਣੇ ਸਰੂਪ ਨੂੰ। ਜਾਣਹੇ-ਜਾਣਹਿ, ਤੂੰ ਜਾਣਦਾ ਹੈ। ਸਭਿ-ਸਾਰੇ। ਆਖਿ-ਆਖ ਕੇ। ਵਖਾਣਏ-ਵਖਾਣੈ, ਬਿਆਨ ਕਰੇ। ਕੋ-ਕੋਈ ਜੀਵ! ਆਖਹਿ-ਤੂੰ ਆਖਦਾ ਹੈਂ, ਤੂੰ ਬੋਲਦਾ ਹੈਂ। ਵੇਖਹਿ-ਤੂੰ ਸੰਭਾਲ ਕਰਦਾ ਹੈਂ। ਜਿਨਿ-ਜਿਸ ਨੇ।

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥
ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ ॥





ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ ॥
ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ॥੧੩॥

ਪਦ ਅਰਥ - ਸੁਰਿ-ਦੇਵਤੇ। ਮੁਨਿ ਜਨ-ਮੁਨੀ ਲੋਕ, ਰਿਸ਼ੀ। ਅੰਮ੍ਰਿਤੁ-ਆਤਮਕ ਆਨੰਦ ਦੇਣ ਵਾਲਾ ਨਾਮ-ਜਲ। ਗੁਰਿ-ਗੁਰੂ ਨੇ। ਮਨਿ-ਮਨ ਵਿਚ। ਸਭਿ-ਸਾਰੇ। ਇਕਿ-ਕਈ ਜੀਵ। ਵੇਖਿ-(ਗੁਰੂ ਨੂੰ) ਵੇਖ ਕੇ। ਪਰਸਣਿ-(ਗੁਰੂ ਦੇ ਚਰਨ) ਪਰਸਣ ਲਈ। ਭਲਾ ਭਾਇਆ-ਮਿੱਠਾ ਲੱਗਦਾ ਹੈ, ਪਿਆਰਾ ਲੱਗਦਾ ਹੈ। ਤੇ-ਤੋਂ।

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥੧੪॥

ਪਦ ਅਰਥ - ਭਗਤ-ਆਤਮਕ ਆਨੰਦ ਮਾਨਣ ਵਾਲੇ ਬੰਦੇ। ਚਾਲ-ਜੀਵਨ ਜੁਗਤੀ। ਨਿਰਾਲੀ-ਵੱਖਰੀ। ਕੇਰੀ-ਦੀ। ਬਿਖਮ-ਔਖਾ। ਮਾਰਗਿ-ਰਾਹ ਉਤੇ। ਤਜਿ-ਤਿਆਗ ਕੇ। ਖੰਨਿਅਹੁ-ਖੰਡੇ ਨਾਲੋਂ, ਤਲਵਾਰ ਨਾਲੋਂ। ਵਾਲਹੁ-ਵਾਲ ਨਾਲੋਂ। ਨਿਕੀ-ਬਾਰੀਕ। ਏਤੁ ਮਾਰਗਿ-ਇਸ ਰਸਤੇ ਉਤੇ। ਆਪੁ-ਆਪਾ-ਭਾਵ। ਜਗਹੁ-ਹਰੇਕ ਜੁਗ ਵਿਚ, ਸਦਾ ਹੀ, ਹਰ ਸਮੇਂ।

ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ ਹੋਰੁ ਕਿਆ ਜਾਣਾ ਗੁਣ ਤੇਰੇ॥
ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ ॥
ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ ॥
ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰ ਦੁਆਰੈ ਸੁਖੁ ਪਾਵਹੇ ॥
ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ ਚਲਾਵਹੇ ॥੧੫॥

ਪਦ ਅਰਥ - ਚਲਹ-ਅਸੀਂ ਜੀਵ ਤੁਰਦੇ ਹਾਂ। ਹੋਰੁ-ਹੋਰ ਭੇਤ। ਕਿਆ ਜਾਣਾ ਮੈਂ ਨਹੀਂ ਜਾਣਦਾ। ਮਾਰਗਿ-(ਆਨੰਦ ਦੇ) ਰਸਤੇ ਉਤੇ। ਪਾਵਹੇ-ਪਾਵਹਿ, ਤੂੰ ਪਾਂਦਾ ਹੈ। ਲਾਇਹਿ-ਤੂੰ ਲਾਂਦਾ ਹੈ। ਸਿ-ਉਹ ਬੰਦੇ। ਧਿਆਵੇ-ਧਿਆਵਹਿ, ਧਿਆਉਂਦੇ ਹਨ। ਸੁਖ-ਆਤਮਕ ਆਨੰਦ। ਤਿਵੈ-ਉਸ ਤਰ੍ਹਾਂ, ਤਿਉਂ ਹੀ।

ਏਹੁ ਸੋਹਿਲਾ ਸਬਦੁ ਸੁਹਾਵਾ॥
ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥
ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥
ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ ॥
ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ ॥੧੬॥

ਪਦ ਅਰਥ - ਸੋਹਿਲਾ-ਖ਼ੁਸ਼ੀ ਦਾ ਗੀਤ, ਆਨੰਦ ਦੇਣ ਵਾਲਾ ਗੀਤ ਸੁਹਾਵਾ-ਸੋਹਣਾ। ਏਹੁ-ਇਹ ਸੋਹਿਲਾ। ਮੰਨਿ-ਮਨ ਵਿਚ (ਅੱਖਰ 'ਮ' ਦੀ "" ਸਿਰਫ਼ ਇਕ ਮਾਤ੍ਰਾ ਵਧਾਣ ਵਾਸਤੇ

ਹੈ, ਅਸਲ ਲਫ਼ਜ਼ 'ਮਨ' ਹੀ ਹੈ)। ਇਕਿ-ਕਈ ਜੀਵ। ਗਲੀ-ਨਿਰੀਆਂ ਗੱਲਾਂ ਕਰਨ ਨਾਲ।

ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ॥
ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ॥
ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ॥
ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ॥
ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ॥੧੭॥

ਪਦ ਅਰਥ - ਗੁਰਮੁਖਿ-ਗੁਰੂ ਦੀ ਸਰਨ ਪੈ ਕੇ। ਸਹਿਤ ਸਿਉ-ਸਮੇਤ। ਕੁਟੰਬ-ਪਰਿਵਾਰ। ਸਬਾਈਆ-ਸਾਰੀ ਹੀ। ਮੰਨਿ-ਮਨ ਵਿਚ।

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ॥
ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥੧੮॥

ਪਦ ਅਰਥ - ਕਰਮੀ-(ਬਾਹਰੋਂ ਧਾਰਮਿਕ ਜਾਪਦੇ) ਕੰਮਾਂ ਨਾਲ, ਕਰਮ ਕਾਂਡ ਦੇ ਰਾਹੀਂ। ਸਹਜੁ-ਅਡੋਲਤਾ, ਆਤਮਕ ਆਨੰਦ। ਸਹਸਾ-(ਮਾਇਆ ਦੇ ਮੋਹ ਤੋਂ ਪੈਦਾ ਹੋਏ) ਚਿੰਤਾ-ਸਹਿਮ। ਕਿਤੈ ਸੰਜਮਿ-ਕਿਸੇ ਜੁਗਤੀ ਨਾਲ। ਰਹੇ-ਥੱਕ ਗਏ। ਮਲੀਣੁ-ਮੈਲਾ। ਕਿਤੁ-ਕਿਸ ਦੇ ਰਾਹੀਂ? ਕਿਤੁ ਸੰਜਮਿ-ਕਿਸ ਤਰੀਕੇ ਨਾਲ? ਮੰਨੁ-ਮਨ। ਇਵ ਇਸ ਤਰ੍ਹਾਂ।

ਜੀਅਹੁ ਮੈਲੇ ਬਾਹਰਹੁ ਨਿਰਮਲ ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ॥੧੯॥

ਪਦ ਅਰਥ - ਜੀਅਹੁ-ਜਿੰਦ ਤੋਂ, ਮਨ ਵਿਚੋਂ। ਤਿਨੀ-ਉਹਨਾਂ ਬੰਦਿਆਂ ਨੇ। ਮਰਣੁ-ਮੌਤ। ਬੇਤਾਲੇ-ਭੂਤਨੇ ਤਾਲ ਤੋਂ ਖੁੰਝੇ ਹੋਏ। ਜਿਨ-ਜਿਨ੍ਹਾਂ ਨੇ।

ਜੀਅਹੁ ਨਿਰਮਲ ਬਾਹਰਹੁ ਨਿਰਮਲ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ
ਕਮਾਣੀ॥ ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ॥
ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ॥
ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ॥੨੦॥

ਪਦ ਅਰਥ - ਸਤਿਗੁਰ ਤੇ-ਗੁਰੂ ਤੋਂ (ਮਿਲੀ ਹੋਈ), ਜਿਸ ਦਾ ਉਪਦੇਸ਼ ਗੁਰੂ ਤੋਂ ਮਿਲਿਆ





ਹੈ। ਕਰਣੀ-ਆਚਰਨ, ਕਰਨ ਜੋਗ ਕੰਮ। ਕਮਾਣੀ-ਕਮਾਈ ਹੈ। ਕੂੜ-ਮਾਇਆ ਦਾ ਮੋਹ। ਸੋਇ-ਖ਼ਬਰ। ਮਨਸਾ-ਮਨ ਦਾ ਫੁਰਨਾ, ਮਨ ਵਿਚ ਮਾਇਆ ਦੇ ਮੋਹ ਦਾ ਫੁਰਨਾ। ਸਚਿ-ਪ੍ਰਭੂ ਦੇ ਸਿਮਰਨ ਵਿਚ। ਵਣਜਾਰੇ-(ਜਗਤ ਵਿਚ ਭਗਤੀ ਦਾ) ਵਣਜ ਕਰਨ ਆਏ ਬੰਦੇ। ਮੰਨੁ-ਮਨ।

# ਜਾਪੁ ਸਾਹਿਬ

ਕਿ ਹੁਸਨਲ ਵਜੂ ਹੈਂ ॥ ਤਮਾਮੁਲ ਰੁਜੂ ਹੈਂ ॥
ਹਮੇਸੁਲ ਸਲਾਮੈਂ॥ ਸਲੀਖਤ ਮੁਦਾਮੈਂ॥੧੨੧॥

ਅਰਥ: ਹੇ ਵਾਹਿਗੁਰੂ! ਤੂੰ ਸੁੰਦਰਤਾ ਦੀ ਮੂਰਤੀ ਹੈਂ, ਸਭ ਵੱਲ ਤੇਰਾ ਧਿਆਨ ਹੈ, ਤੂੰ ਸਦਾ ਕਾਇਮ ਰਹਿਣ ਵਾਲਾ ਹੈਂ, ਤੇਰੀ ਰਚੀ ਜਗਤ-ਰਚਨਾ ਦੀ ਸਜਾਵਟ ਸਦੀਵੀ ਹੈ (ਭਾਵ, ਇਸ ਵਿਚ ਕੋਈ ਵਿਘਨ ਨਹੀਂ ਪਾ ਸਕਦਾ)।੧੨੧।

ਗ਼ਨੀਮੁਲ ਸ਼ਿਕਸਤੈ॥ ਗ਼ਰੀਬੁਲ ਪਰਸਤੈ॥
ਬਿਲੰਦੁਲ ਮਕਾਨੈ॥ ਜ਼ਮੀਨੁਲ ਜ਼ਮਾਨੈ॥੧੨੨॥

ਅਰਥ: ਹੇ ਪਰਮਾਤਮਾ! ਤੂੰ ਵੈਰੀਆਂ ਨੂੰ ਹਾਰ ਦੇਣ ਵਾਲਾ ਹੈਂ, ਤੂੰ ਗਰੀਬਾਂ ਦੀ ਪਾਲਨਾ ਕਰਨ ਵਾਲਾ ਹੈਂ, ਤੇਰਾ ਸਭ ਤੋਂ ਉੱਚਾ ਟਿਕਾਣਾ ਹੈ, ਤੂੰ ਧਰਤੀ ਉਤੇ ਹਰ ਥਾਂ ਤੇ ਹਰ ਸਮੇਂ ਮੌਜੂਦ ਹੈਂ।੧੨੨।

ਤਮੀਜ਼ੁਲ ਤਮਾਮੈ॥ ਰੁਜੂਅਲ ਨਿਧਾਨੈ॥
ਹਰੀਫੁਲ ਅਜੀਮੈ॥ ਰਜ਼ਾਇਕ ਯਕੀਨੈ॥੧੨੩॥

ਅਰਥ: ਹੇ ਪਰਮਾਤਮਾ! ਤੂੰ ਸਭ ਦੀ ਤਮੀਜ਼ ਵਾਲਾ ਹੈਂ (ਭਾਵ ਤੂੰ ਸਭ ਦੀ ਪਛਾਣ ਕਰ ਸਕਦਾ ਤੇ ਚੰਗੇ ਮੰਦੇ ਆਦਿ ਦਾ ਫਰਕ ਸਮਝਦਾ ਹੈਂ), ਤੂੰ ਸਭ ਦੇ ਧਿਆਨ ਦਾ ਖਜ਼ਾਨਾ ਹੈਂ (ਭਾਵ, ਸਭ ਦਾ ਧਿਆਨ ਰੱਖਣ ਦਾ ਤੇਰਾ ਗੁਣ ਬੇਅੰਤ ਹੈ), ਤੂੰ ਵੱਡਾ ਮਿੱਤਰ ਹੈਂ, ਤੂੰ ਸਭ ਨੂੰ ਯਕੀਨੀ ਤੌਰ ਤੇ ਰਿਜ਼ਕ ਦੇਣ ਵਾਲਾ ਹੈਂ।੧੨੩।

ਅਨੇਕੁਲ ਤਰੰਗ ਹੈਂ ॥ ਅਭੇਦ ਹੈਂ ਅਭੰਗ ਹੈਂ ॥
ਅਜ਼ੀਜ਼ੁਲ ਨਿਵਾਜ਼ ਹੈਂ ॥ ਗ਼ਨੀਮੁਲ ਖ਼ਿਰਾਜ ਹੈ॥੧੨੪॥

ਅਰਥ: ਹੇ ਵਾਹਿਗੁਰੂ! ਤੂੰ ਵੱਡੇ ਸਮੁੰਦਰ ਵਾਂਗ ਹੈਂ ਅਤੇ ਜਗਤ ਦੇ ਸਭੇ ਰੂਪ ਰੰਗ ਤੇ ਜੀਅ ਜੰਤ ਮਾਨੋ ਤੇਰੀਆਂ ਅਣਗਿਣਤ ਲਹਿਰਾਂ ਹਨ, ਤੇਰਾ ਭੇਤ ਨਹੀਂ ਪਾਇਆ ਜਾ ਸਕਦਾ, ਤੂੰ ਨਾਸ ਰਹਿਤ ਹੈਂ, ਤੂੰ ਆਪਣੇ ਪਿਆਰਿਆਂ ਨੂੰ ਵਡਿਆਈ ਦੇਂਦਾ ਹੈਂ। ਵੈਰੀਆਂ ਪਾਸੋਂ ਤੂੰ ਚੱਟੀ ਭਰਾਉਂਦਾ ਹੈਂ (ਭਾਵ ਜੋ ਤੇਰੇ ਅਗੇ ਆਕੀ ਹੋ ਖਹਿੰਦੇ ਹਨ, ਤੂੰ ਉਨ੍ਹਾਂ ਦੀ ਚੰਗੀ ਭੁਗਤ ਸੁਆਰਦਾ ਹੈਂ)।੧੨੪।

ਨਿਰੁਕਤ ਸਰੂਪ ਹੈਂ ॥ ਤ੍ਰਿਮੁਕਤਿ ਬਿਭੂਤ ਹੈਂ ॥
ਪ੍ਰਭੁਗਤਿ ਪ੍ਰਭਾ ਹੈਂ ॥ ਸੁਜੁਗਤਿ ਸੁਧਾ ਹੈਂ ॥੧੨੫॥

**ਅਰਥ:** ਹੇ ਕਰਤਾਰ! ਤੇਰੀ ਹਸਤੀ ਅਜਿਹੀ ਹੈ ਜਿਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ, ਤੇਰਾ ਪਰਤਾਪ ਅਜਿਹਾ ਹੈ ਜੋ ਮਾਇਆ ਦੇ ਤਿੰਨਾਂ ਗੁਣਾਂ ਤੋਂ ਪਰੇ ਹੈ (ਭਾਵ, ਤੇਰੇ ਪਰਤਾਪ ਨੂੰ ਮਾਇਆ ਪੋਹ ਨਹੀਂ ਸਕਦੀ)। ਜਗਤ ਦੇ ਸਭੇ ਜੀਵ ਤੇਰੇ ਹੀ ਪਰਕਾਸ਼ ਨੂੰ ਚੰਗੀ ਤਰ੍ਹਾਂ ਮਾਣ ਰਹੇ ਹਨ, ਤੂੰ ਇਕ ਐਸਾ ਅੰਮ੍ਰਿਤ (ਮਹਾਨ ਉੱਤਮ ਰਸ) ਹੈਂ ਜੋ ਸਭ ਜੀਵਾਂ ਨਾਲ ਚੰਗੀ ਤਰ੍ਹਾਂ ਮਿਲਿਆ ਹੋਇਆ ਹੈਂ, ਭਾਵ ਜਿਸ ਦਾ ਅਨੰਦ ਜਗਤ ਦਾ ਹਰੇਕ ਜੀਵ ਹਰ ਵੇਲੇ ਮਾਣ ਸਕਦਾ ਹੈ।੧੨੫।

**ਸਦੈਵੰ ਸਰੂਪ ਹੈਂ ॥ ਅਭੇਦੀ ਅਨੂਪ ਹੈਂ ॥**
**ਸਮਸਤੋ ਪਰਾਜ ਹੈਂ ॥ ਸਦਾ ਸਰਬ ਸਾਜ ਹੈਂ ॥੧੨੬॥**

**ਅਰਥ:** ਹੇ ਪਰਮਾਤਮਾ! ਤੇਰੀ ਹਸਤੀ ਸਦਾ ਕਾਇਮ ਰਹਿਣ ਵਾਲੀ ਹੈ, ਤੇਰਾ ਕੋਈ ਸਰੀਰ ਨਹੀਂ, ਤੇਰੇ ਵਰਗਾ ਤੇ ਤੇਰੇ ਜਿੱਡਾ ਹੋਰ ਕੋਈ ਨਹੀਂ, ਤੂੰ ਸਭ ਨੂੰ ਜਿੱਤਣ ਵਾਲਾ (ਹਾਰ ਦੇਣ ਵਾਲਾ) ਹੈਂ, ਤੂੰ ਸਭ ਜਗਤ ਨੂੰ ਬਣਾਉਣ ਵਾਲਾ ਹੈਂ।੧੨੬।

**ਸਮਸਤੁਲ ਸਲਾਮ ਹੈਂ ॥ ਸਦੈਵਲ ਅਕਾਮ ਹੈਂ ॥**
**ਨ੍ਰਿਬਾਧ ਸਰੂਪ ਹੈਂ ॥ ਅਗਾਧ ਹੈਂ ਅਨੂਪ ਹੈਂ ॥੧੨੭॥**

**ਅਰਥ:** ਹੇ ਪਰਮਾਤਮਾ! ਤੂੰ ਸਭ ਨੂੰ ਦੁੱਖ ਕਲੇਸ਼ ਤੋਂ ਰਹਿਤ ਰੱਖਣ ਵਾਲਾ ਹੈਂ, ਤੂੰ ਸਦਾ ਹੀ ਕਾਮਨਾ ਰਹਿਤ ਹੈਂ, ਤੇਰੀ ਹਸਤੀ ਅਜਿਹੀ ਹੈ ਕਿ ਕੋਈ ਵੀ ਤੇਰੇ ਰਾਹ ਵਿਚ ਕੋਈ ਰੋਕ ਨਹੀਂ ਪਾ ਸਕਦਾ, ਤੂੰ ਅਥਾਹ ਹੈਂ, ਤੇਰੇ ਵਰਗਾ ਜਾਂ ਤੇਰੇ ਜਿੱਡਾ ਹੋਰ ਕੋਈ ਨਹੀਂ।੧੨੭।

**ਓਅੰ ਆਦਿ ਰੂਪੇ॥ ਅਨਾਦਿ ਸਰੂਪੈ॥**
**ਅਨੰਗੀ ਅਨਾਮੇ॥ ਤ੍ਰਿਭੰਗੀ ਤ੍ਰਿਕਾਮੇ॥੧੨੮॥**

**ਅਰਥ:** ਹੇ ਪਰਮਾਤਮਾ! ਤੂੰ ਸਾਰੇ ਜਗਤ ਦੀ ਆਤਮਾ ਹੈਂ, ਤੇਰੀ ਹਸਤੀ ਸਭ ਤੋਂ ਪਹਿਲਾਂ ਦੀ ਹੈ, ਤੇਰੀ ਹਸਤੀ ਦਾ ਮੁੱਢ ਨਹੀਂ ਲੱਭ ਸਕਦਾ, ਤੇਰਾ ਕੋਈ ਖਾਸ ਅੰਗ (ਸਰੀਰ) ਨਹੀਂ, ਤੇਰਾ ਕੋਈ ਖਾਸ ਇਕ ਨਾਂ ਨਹੀਂ, ਤੂੰ ਤਿੰਨਾਂ ਭਵਨਾਂ (ਅਕਾਸ਼, ਪਤਾਲ ਤੇ ਮਾਤ ਲੋਕ) ਦਾ ਨਾਸ ਕਰਨ ਵਾਲਾ ਹੈਂ, ਤੂੰ ਤਿੰਨਾਂ ਭਵਨਾਂ ਦੇ ਜੀਵਾਂ ਦੀ ਕਾਮਨਾ ਪੂਰੀ ਕਰਨ ਵਾਲਾ ਹੈਂ (ਜਾਂ, ਤੂੰ ਤਿੰਨਾਂ ਲੋਕਾਂ ਨੂੰ ਪਿਆਰਾ ਲੱਗਣ ਵਾਲਾ-ਤ੍ਰਿਲੋਕੀ ਦਾ ਪਿਆਰਾ ਹੈਂ)।੧੨੮।

**ਤ੍ਰਿਬਰਗੀ ਤ੍ਰਿਬਾਧੇ ॥ ਅਗੰਜੇ ਅਗਾਧੇ ॥**
**ਸੁਭੰ ਸਰਬ ਭਾਗੇ ॥ ਸੁਸਰਬਾ ਅਨੁਰਾਗੇ ॥੧੨੯॥**

**ਅਰਥ:** ਹੇ ਵਾਹਿਗੁਰੂ! ਤੇਰੇ ਅੰਦਰ ਜਗਤ ਦੇ ਤਿੰਨੇ ਪਦਾਰਥ (ਧਰਮ, ਅਰਥ, ਕਾਮ) ਮੌਜੂਦ ਹਨ, ਤੂੰ ਤਿੰਨਾਂ ਹੀ ਭਵਨਾਂ ਦੇ ਜੀਵਾਂ ਨੂੰ ਆਪਣੇ ਕੁੰਡੇ ਹੇਠ ਰਖਦਾ ਹੈ, ਤੂੰ ਅਜਿੱਤ ਹੈਂ ਅਤੇ ਅਥਾਹ ਹੈਂ, ਤੇਰੇ ਸਾਰੇ ਹੀ ਅੰਗ ਸੋਹਣੇ ਹਨ, ਤੂੰ ਸਭ ਜੀਵਾਂ ਨੂੰ ਪਿਆਰ ਕਰਦਾ ਹੈਂ।੧੨੯।

**ਤ੍ਰਿਭੁਗਤ ਸਰੂਪ ਹੈਂ ॥ ਅਛਿੱਜ ਹੈਂ ਅਛੂਤ ਹੈਂ ॥**
**ਕਿ ਨਰਕੰ ਪ੍ਰਣਾਸ ਹੈਂ ॥ ਪ੍ਰਿਥੀਉਲ ਪ੍ਰਵਾਸ ਹੈਂ ॥੧੩੦॥**





**ਅਰਥ:** ਹੇ ਵਾਹਿਗੁਰੂ! ਤੇਰੀ ਹਸਤੀ ਅਜਿਹੀ ਹੈ ਜਿਸ ਤੋਂ ਤਿੰਨਾਂ ਹੀ ਲੋਕਾਂ ਦੇ ਜੀਵ ਅਨੰਦ ਲੈ ਰਹੇ ਹਨ (ਜਾਂ, ਹੇ ਵਾਹਿਗੁਰੂ! ਤੂੰ ਤਿੰਨਾਂ ਹੀ ਲੋਕਾਂ ਦਾ ਭੋਗਣਹਾਰਾ ਹੈਂ), ਤੇਰੀ ਹਸਤੀ ਕਦੇ ਪੁਰਾਣੀ ਨਹੀਂ ਹੁੰਦੀ ਜਾਂ ਟੁੱਟਦੀ ਭੱਜਦੀ ਨਹੀਂ, ਤੈਨੂੰ ਕੋਈ ਛੋਹ ਟੋਹ ਨਹੀਂ ਸਕਦਾ, ਤੂੰ ਨਰਕਾਂ ਦਾ ਨਾਸ ਕਰਨ ਵਾਲਾ ਹੈਂ, ਧਰਤੀ ਉਪਰ ਥੋੜੇ ਚਿਰ ਲਈ ਆ ਕੇ ਪਰਦੇਸ-ਵਾਸ ਕਰਨ ਵਾਲੇ ਜੀਵਾਂ ਵਿਚ ਵੀ ਤੂੰ ਆਪ ਹੈਂ (ਤੂੰ ਸਾਰੀ ਧਰਤੀ ਵਿਚ ਪੂਰਨ ਤੌਰ ਤੇ ਵਸ ਰਿਹਾ ਹੈਂ, ਅਰਥਾਤ ਤੂੰ ਸਾਰੇ ਬ੍ਰਹਮੰਡ ਵਿਚ ਵਿਆਪਕ ਹੈਂ)।੧੩੦।

**ਨਿਰੁਕਤਿ ਪ੍ਰਭਾ ਹੈਂ ॥ ਸਦੈਵੰ ਸਦਾ ਹੈਂ ॥**
**ਬਿਭੁਗਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥੧੩੧॥**

**ਅਰਥ:** ਹੇ ਵਾਹਿਗੁਰੂ! ਤੇਰਾ ਤੇਜ ਅਜਿਹਾ ਹੈ ਕਿ ਉਸ ਦਾ ਬਿਆਨ ਨਹੀਂ ਹੋ ਸਕਦਾ, ਤੂੰ ਸਦਾ ਹੀ ਕਾਇਮ (ਮੌਜੂਦ) ਹੈਂ। ਤੇਰੀ ਹਸਤੀ ਤੋਂ ਸਾਰੇ ਜੀਵ ਅਨੰਦ ਸੁਖ ਲੈਂਦੇ ਹਨ (ਜਾਂ, ਤੇਰੀ ਹਸਤੀ ਸਭ ਤੋਂ ਭਿੰਨ ਜਾਂ ਵੱਖਰੀ ਹੈ), ਤੂੰ ਸਭ ਵਿਚ ਰਲਿਆ ਮਿਲਿਆ ਹੋਇਆ ਹੈਂ ਤੇਰੇ ਵਰਗਾ ਜਾਂ ਤੇਰੇ ਜਿੱਡਾ ਹੋਰ ਕੋਈ ਨਹੀਂ।੧੩੧।

**ਨਿਰੁਕਤਿ ਸਦਾ ਹੈਂ॥ ਬਿਭੁਗਤਿ ਪ੍ਰਭਾ ਹੈਂ॥**
**ਅਨਉਕਤਿ ਸਰੂਪ ਹੈਂ॥ ਪ੍ਰਜੁਗਤਿ ਅਨੂਪ ਹੈਂ ॥੧੩੨॥**

**ਅਰਥ:** ਹੇ ਵਾਹਿਗੁਰੂ! ਤੇਰੀ ਹਸਤੀ ਸਦਾ ਹੀ ਬਿਆਨ ਤੋਂ ਪਰ੍ਹੇ ਹੈ, ਸਭ ਜੀਵ ਤੇਰੇ ਪਰਕਾਸ਼ ਤੋਂ ਆਨੰਦ ਮਾਣਦੇ ਹਨ (ਜਾਂ, ਤੇਰਾ ਤੇਜ ਪਰਤਾਪ ਸਭ ਤੋਂ ਵੱਖਰਾ ਹੈ, ਜਾਂ ਭਿੰਨ ਭਿੰਨ ਭਾਂਤ ਦਾ ਹੈ), ਤੇਰੀ ਹਸਤੀ ਅਜਿਹੀ ਹੈ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ, ਤੂੰ ਸਭਨਾਂ ਵਿਚ ਰਲਿਆ ਮਿਲਿਆ ਹੋਇਆ ਹੈਂ, ਤੇਰੇ ਵਰਗਾ ਜਾਂ ਤੇਰੇ ਜਿੱਡਾ ਹੋਰ ਕੋਈ ਨਹੀਂ।੧੩੨।

## ਚਾਚਰੀ ਛੰਦ ॥

**ਅਭੰਗ ਹੈਂ ॥ ਅਨੰਗ ਹੈਂ ॥ ਅਭੇਖ ਹੈਂ ॥ ਅਲੇਖ ਹੈਂ ॥੧੩੩॥**

**ਅਰਥ:** ਹੇ ਵਾਹਿਗੁਰੂ! ਤੂੰ ਨਾਸ ਰਹਿਤ ਹੈਂ, ਤੇਰਾ ਕੋਈ ਅੰਗ ਨਹੀਂ, ਤੂੰ ਸਰੀਰ ਰਹਿਤ ਹੈਂ, ਤੇਰਾ ਕੋਈ ਖਾਸ ਭੇਸ ਜਾਂ ਪਹਿਰਾਵਾ ਨਹੀਂ, ਤੇਰੀ ਤਸਵੀਰ ਨਹੀਂ ਬਣ ਸਕਦੀ (ਤੇਰਾ ਬਿਆਨ ਜਾਂ ਲੇਖਾ ਲਿਖਿਆ ਨਹੀਂ ਜਾ ਸਕਦਾ)।੧੩੩।

**ਅਭਰਮ ਹੈਂ ॥ ਅਕਰਮ ਹੈਂ ॥ ਅਨਾਦਿ ਹੈਂ ॥ ਜੁਗਾਦਿ ਹੈਂ ॥੧੩੪॥**

**ਅਰਥ:** ਹੇ ਕਰਤਾਰ! ਤੂੰ ਭੁਲੇਖੇ ਭਰਮ ਤੋਂ ਰਹਿਤ ਹੈਂ, ਤੂੰ ਕੰਮਾਂ ਜਾਂ ਰਸਮਾਂ ਵਿਚ ਨਹੀਂ ਫਸਦਾ, ਤੇਰਾ ਮੁੱਢ ਨਹੀਂ ਲੱਭ ਸਕਦਾ, ਤੂੰ ਜੁਗਾਂ ਦੇ ਮੁੱਢ ਤੋਂ ਹੈਂ।੧੩੪।

**ਅਜੈ ਹੈਂ ॥ ਅਬੈ ਹੈਂ ॥ ਅਭੂਤ ਹੈਂ ॥ ਅਧੂਤ ਹੈਂ ॥੧੩੫॥**

**ਅਰਥ:** ਹੇ ਵਾਹਿਗੁਰੂ ਤੂੰ ਜਿੱਤਿਆ ਹਰਾਇਆ ਨਹੀਂ ਜਾ ਸਕਦਾ, ਤੂੰ ਨਾਸ ਨਹੀਂ ਹੁੰਦਾ, ਤੇਰੀ ਹਸਤੀ ਜਗਤ-ਰਚਨਾ ਦੇ ਤੱਤਾਂ ਤੋਂ ਉਤਾਂਹ ਹੈ, ਤੈਨੂੰ ਕੋਈ ਹਿਲਾ ਡੁਲਾ ਨਹੀਂ ਸਕਦਾ

(ਜਾਂ, ਤੈਨੂੰ ਕੋਈ ਡਰਾ ਕੰਬਾ ਨਹੀਂ ਸਕਦਾ, ਤੂੰ ਨਿਡਰ ਹੈਂ)।੧੩੫।

**ਅਨਾਸ ਹੈਂ ॥ ਉਦਾਸ ਹੈਂ ॥ ਅਧੰਧ ਹੈਂ ॥ ਅਬੰਧ ਹੈਂ ॥੧੩੬॥**

**ਅਰਥ:** ਹੇ ਵਾਹਿਗੁਰੂ! ਤੂੰ ਨਾਸ ਰਹਿਤ ਹੈਂ, ਤੂੰ ਸੰਸਾਰ ਦੇ ਮੋਹ ਤੋਂ ਰਹਿਤ ਹੈਂ (ਕਿਸੇ ਦੇ ਮੋਹ ਵਿਚ ਨਹੀਂ ਫਸਿਆ ਹੋਇਆ), ਤੂੰ ਕਿਸੇ ਪਰਕਾਰ ਦੇ ਧੰਧਿਆਂ ਝਮੇਲਿਆਂ ਵਿਚ ਨਹੀਂ ਫਸਿਆ ਹੋਇਆ, ਤੂੰ ਬੰਧਨਾਂ ਤੋਂ ਅਜ਼ਾਦ ਹੈਂ।੧੩੬।

**ਅਭਗਤ ਹੈਂ॥ ਬਿਰਕਤ ਹੈਂ॥ ਅਨਾਸ ਹੈਂ॥ ਪ੍ਰਕਾਸ ਹੈਂ॥੧੩੭॥**

**ਅਰਥ:** ਹੇ ਵਾਹਿਗੁਰੂ! ਤੂੰ ਨਿਰਮੋਹ ਹੈਂ (ਜਾਂ, ਤੂੰ ਵੰਡਿਆ ਜਾਂ ਟੁੱਕੜੇ ਕੀਤਾ ਨਹੀਂ ਜਾ ਸਕਦਾ), ਤੂੰ ਜਗਤ ਦੇ ਪਦਾਰਥਾਂ ਦੀ ਖਿੱਚ ਤੋਂ ਉਤਾਂਹ ਹੈਂ, ਤੂੰ ਨਾਸ ਰਹਿਤ ਹੈਂ, ਤੂੰ ਚਾਨਣ ਰੂਪ ਹੈਂ।੧੩੭।

**ਨਿਚਿੰਤ ਹੈਂ॥ ਸੁਨਿੰਤ ਹੈਂ॥ ਅਲਿੱਖ ਹੈਂ॥ ਅਦਿੱਖ ਹੈਂ॥੧੩੮॥**

**ਅਰਥ:** ਹੇ ਪਰਮਾਤਮਾ! ਤੂੰ ਹਰ ਪਰਕਾਰ ਦੀ ਚਿੰਤਾ ਤੋਂ ਰਹਿਤ ਹੈਂ, ਤੂੰ ਮਨ ਤੇ ਇੰਦਰੀਆਂ ਨੂੰ ਰੋਕਣ ਵਾਲਾ ਹੈਂ (ਜਾਂ ਤੂੰ ਸਦਾ ਕਾਇਮ ਰਹਿਣ ਵਾਲਾ ਹੈਂ), ਤੇਰੀ ਤਸਵੀਰ ਨਹੀਂ ਬਣਾਈ ਜਾ ਸਕਦੀ, ਤੂੰ ਇਨ੍ਹਾਂ ਅੱਖਾਂ ਨਾਲ ਵੇਖਿਆ ਨਹੀਂ ਜਾ ਸਕਦਾ।੧੩੮।

**ਅਲੇਖ ਹੈਂ ॥ ਅਭੇਖ ਹੈਂ ॥ ਅਢਾਹ ਹੈਂ ॥ ਅਗਾਹ ਹੈਂ ॥੧੩੯॥**

**ਅਰਥ:** ਹੇ ਵਾਹਿਗੁਰੂ! ਕੋਈ ਤੇਰੀ ਤਸਵੀਰ (ਮੂਰਤ) ਨਹੀਂ ਬਣਾ ਸਕਦਾ, ਤੇਰਾ ਕੋਈ ਇਕ ਪਹਿਰਾਵਾ ਨਹੀਂ, ਤੈਨੂੰ ਕੋਈ ਡੇਗ ਢਾਹ ਨਹੀਂ ਸਕਦਾ, ਤੂੰ ਅਥਾਹ ਹੈਂ।੧੩੯।

**ਅਸੰਭ ਹੈਂ ॥ ਅਗੰਭ ਹੈਂ ॥ ਅਨੀਲ ਹੈਂ ॥ ਅਨਾਦਿ ਹੈਂ ॥੧੪੦॥**

**ਅਰਥ:** ਹੇ ਪਰਮਾਤਮਾ! ਤੂੰ ਜਨਮ ਵਿਚ ਨਹੀਂ ਆਉਂਦਾ, ਤੂੰ ਅਥਾਹ ਹੈਂ (ਤੇਰੇ ਹੱਦ ਬੰਨੇ ਦਾ ਪਤਾ ਨਹੀਂ ਲੱਗ ਸਕਦਾ), ਤੂੰ ਰੂਪ ਰੰਗ ਤੋਂ ਰਹਿਤ ਹੈਂ (ਜਾਂ, ਤੂੰ ਬੇਅੰਤ ਹੈਂ), ਤੇਰਾ ਮੁੱਢ ਨਹੀਂ ਲੱਭ ਸਕਦਾ।੧੪੦।

**ਅਨਿੱਤ ਹੈਂ॥ ਸੁਨਿੱਤ ਹੈਂ॥ ਅਜਾਤ ਹੈਂ॥ ਅਜਾਦ ਹੈਂ॥੧੪੧॥**

**ਅਰਥ:** ਹੇ ਵਾਹਿਗੁਰੂ! ਤੂੰ ਕਿਸੇ ਦਾ ਨਿਯਤ ਕੀਤਾ ਜਾਂ ਥਾਪਿਆ ਹੋਇਆ ਨਹੀਂ (ਜਾਂ ਤੂੰ ਨਿਤ ਦਿੱਸਣ ਵਾਲੀਆਂ ਗੱਲਾਂ ਸ਼ੈਆਂ ਨਾਲੋਂ ਵੱਖਰਾ ਹੈਂ, ਤੂੰ ਸਦਾ ਕਾਇਮ ਰਹਿਣ ਵਾਲਾ ਹੈਂ, ਤੂੰ ਜਨਮ ਵਿਚ ਨਹੀਂ ਆਉਂਦਾ, ਤੂੰ ਜੀਵਾ ਦਾ ਮੂਲ ਜਾਂ ਮੁੱਢ ਹੈਂ, (ਜਾਂ ਤੂੰ ਪੂਰਨ ਤੌਰ ਤੇ ਸੁਤੰਤਰ-ਆਜ਼ਾਦ ਹੈਂ)।੧੪੧।

## ਚਰਪਟ ਛੰਦ ॥ ਤ੍ਵ ਪ੍ਰਸਾਦਿ ॥

**ਸਰਬੰ ਹੰਤਾ ॥ ਸਰਬੰ ਗੰਤਾ ॥**
**ਸਰਬੰ ਖਿਆਤਾ ॥ ਸਰਬੰ ਗਿਆਤਾ ॥੧੪੨॥**





**ਅਰਥ:** ਹੇ ਅਕਾਲ ਪੁਰਖ! ਤੂੰ ਸਭ ਜੀਵਾਂ ਨੂੰ ਮਾਰਨ ਵਾਲਾ ਹੈਂ, ਸਭ ਜੀਵਾਂ ਤੱਕ ਤੇ ਸਭ ਥਾਂ ਤੇਰੀ ਪਹੁੰਚ ਹੈ, ਸਭ ਜੀਵਾਂ ਵਿਚ ਤੂੰ ਪ੍ਰਸਿੱਧ ਹੈਂ (ਜਾਂ, ਸਭ ਕੁੱਝ ਤੇਰਾ ਹੀ ਕਥਨ ਚਰਚਾ ਹੁੰਦੀ ਹੈ, ਤੂੰ ਸਭ ਕੁਝ ਜਾਣਨ ਵਾਲਾ ਹੈਂ)।੧੪੨।

**ਸਰਬੰ ਹਰਤਾ ॥ ਸਰਬੰ ਕਰਤਾ ॥**
**ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥੧੪੩॥**

**ਅਰਥ:** ਹੇ ਵਾਹਿਗੁਰੂ! ਤੂੰ ਸਭ ਨੂੰ ਨਾਸ ਕਰਨ ਵਾਲਾ ਹੈਂ, ਤੂੰ ਸਭ ਨੂੰ ਪੈਦਾ ਕਰਨ ਵਾਲਾ ਹੈਂ, ਤੂੰ ਸਭ ਦੀ ਜਿੰਦ ਜਾਨ ਹੈਂ, ਸਭ ਦੀ ਸੱਤਿਆ ਹੈਂ।੧੪੩।

**ਸਰਬੰ ਕਰਮੰ ॥ ਸਰਬੰ ਧਰਮੰ ॥**
**ਸਰਬੰ ਜੁਗਤਾ ॥ ਸਰਬੰ ਮੁਕਤਾ ॥੧੪੪॥**

**ਅਰਥ:** ਤੂੰ ਸਭ ਕੰਮਾਂ ਵਿਚ ਹੈਂ (ਭਾਵ, ਸਭ ਵਿਚ ਵਿਆਪਕ ਹੋਣ ਕਰਕੇ ਸਭ ਕੰਮ ਤੂੰ ਆਪ ਹੀ ਕਰ ਰਿਹਾ ਹੈਂ) ਤੂੰ ਸਾਰੇ ਫ਼ਰਜ਼ਾਂ ਜ਼ਿੰਮੇਵਾਰੀਆਂ ਵਿਚ ਹੈਂ (ਭਾਵ ਸਭ ਵਿਚ ਵਿਆਪਕ ਹੋਣ ਕਰਕੇ ਸਭ ਫ਼ਰਜ਼ ਜ਼ਿੰਮੇਵਾਰੀਆਂ ਤੂੰ ਆਪ ਹੀ ਨਿਬਾਹ ਰਿਹਾ ਹੈਂ), ਤੂੰ ਸਭ ਵਿਚ ਵਿਆਪਕ ਵੀ ਹੈਂ (ਸਭ ਨਾਲ ਰਲਿਆ ਮਿਲਿਆ ਵੀ ਹੈਂ) ਤੇ ਤੂੰ ਸਭ ਤੋਂ ਵੱਖਰਾ (ਨਿਰਲੇਪ) ਵੀ ਹੈਂ।੧੪੪।

## ਰਸਾਵਲ ਛੰਦ ॥ ਤ੍ਵ ਪ੍ਰਸਾਦਿ ॥

**ਨਮੋ ਨਰਕ ਨਾਸੇ ॥ ਸਦੈਵੰ ਪ੍ਰਕਾਸੇ ॥**
**ਅਨੰਗੰ ਸਰੂਪੇ ॥ ਅਭੰਗੰ ਬਿਭੂਤੇ ॥੧੪੫॥**

**ਅਰਥ:** ਹੇ ਪਰਮਾਤਮਾ! ਨਮਸਕਾਰ ਹੈ ਤੈਨੂੰ ਜੋ ਨਰਕ ਦਾ ਨਾਸ ਕਰਨ ਵਾਲਾ ਹੈਂ ਤੇ ਜੋ ਸਦਾ ਹੀ ਚਾਨਣ ਸਰੂਪ ਹੈਂ। ਹੇ ਅੰਗਾਂ (ਸਰੀਰ) ਤੋਂ ਰਹਿਤ ਪਰਮਾਤਮਾ! ਤੈਨੂੰ ਨਮਸਕਾਰ ਹੈ, ਤੇਰਾ ਤੇਜ ਪਰਤਾਪ ਕਦੇ ਨਾਸ਼ ਨਹੀਂ ਹੁੰਦਾ।੧੪੫।

**ਪ੍ਰਮਾਥੰ ਪ੍ਰਮਾਥੇ ॥ ਸਦਾ ਸਰਬ ਸਾਥੇ ॥**
**ਅਗਾਧ ਸਰੂਪੇ ॥ ਨ੍ਰਿਬਾਧ ਬਿਭੂਤੇ ॥੧੪੬॥**

**ਅਰਥ:** ਤੂੰ ਉਨ੍ਹਾਂ ਦਾ ਵੀ ਨਾਸ ਕਰਨ ਵਾਲਾ ਹੈਂ ਜੋ ਹੋਰਨਾਂ ਨੂੰ ਦੁੱਖ ਦੇਂਦੇ ਹਨ, ਤੂੰ ਹਮੇਸ਼ਾਂ ਸਭ ਦੇ ਅੰਗ ਸੰਗ ਹੁੰਦਾ ਹੈਂ, ਤੇਰੀ ਹਸਤੀ ਅਥਾਹ ਹੈ, ਤੇਰੇ ਤੇਜ ਪਰਤਾਪ ਨੂੰ ਕੋਈ ਰੋਕ ਨਹੀਂ ਪਾ ਸਕਦਾ।੧੪੬।

**ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥**
**ਨ੍ਰਿਭੰਗੀ ਸਰੂਪੇ ॥ ਸਰਬੰਗੀ ਅਨੂਪੇ ॥੧੪੭॥**

**ਅਰਥ:** ਹੇ ਵਾਹਿਗੁਰੂ! ਤੈਨੂੰ ਨਮਸਕਾਰ ਹੈ, ਤੇਰਾ ਕੋਈ ਅੰਗ (ਸਰੀਰ) ਨਹੀਂ ਹੈ, ਤੇਰਾ ਕੋਈ ਖ਼ਾਸ ਇਕ ਨਾਂ ਨਹੀਂ ਹੈ, ਤੂੰ ਤਿੰਨਾਂ ਭਵਨਾਂ ਦਾ ਨਾਸ ਕਰਨ ਵਾਲਾ ਹੈਂ, ਤੂੰ ਤਿੰਨਾਂ ਭਵਨਾਂ ਨੂੰ ਪਿਆਰਾ ਲਗਣ ਵਾਲਾ ਹੈਂ (ਜਾਂ ਤੂੰ ਤਿੰਨਾਂ ਭਵਨਾਂ ਦੇ ਜੀਵਾ ਦੀ ਕਾਮਨਾ ਪੂਰੀ ਕਰਨ ਵਾਲਾ ਹੈਂ), ਤੇਰੀ ਹਸਤੀ ਨਾਸ ਰਹਿਤ ਹੈ, ਤੇਰੀ ਹਸਤੀ ਮੁਕੰਮਲ ਹੈ, ਤੇਰੇ ਜਿਹਾ ਜਾਂ ਤੇਰੇ ਜਿੱਡਾ ਹੋਰ

ਕੋਈ ਨਹੀਂ।੧੪੭।

**ਨ ਪੋਤ੍ਰੇ ਨ ਪੁੱਤ੍ਰੇ ॥ ਨ ਸੱਤ੍ਰੇ ਨ ਮਿਤ੍ਰੇ ॥**
**ਨ ਤਾਤੇ ਨ ਮਾਤੇ ॥ ਨ ਜਾਤੇ ਨ ਪਾਤੇ ॥੧੪੮॥**

**ਅਰਥ:** ਹੇ ਵਾਹਿਗੁਰੂ! ਨਾ ਤੇਰਾ ਕੋਈ ਪੋਤਰਾ ਹੈ ਨਾ ਪੁੱਤਰ (ਭਾਵ ਤੂੰ ਜਗਤ ਦੇ ਜੀਵਾਂ ਵਾਲੇ ਮੇਰ ਤੇਰ ਦੇ ਝਮੇਲੇ ਤੋਂ ਉਤਾਂਹ ਹੈ), ਨਾ ਕੋਈ ਹੈ ਤੇਰਾ ਵੈਰੀ ਤੇ ਨਾ ਹੀ ਕੋਈ ਮਿੱਤਰ, ਨਾ ਤੇਰਾ ਪਿਤਾ ਹੈ ਤੇ ਨਾ ਤੇਰੀ ਮਾਤਾ ਹੈ, ਨਾ ਤੇਰੀ ਕੋਈ ਜਾਤ ਹੀ ਹੈ ਅਤੇ ਨਾ ਕੋਈ ਕੁਲ ਜਾਂ ਘਰਾਣਾ।੧੪੮।

**ਨ੍ਰਿਸਾਕੰ ਸਰੀਕ ਹੈਂ ॥ ਅਮਿਤੋ ਅਮੀਕ ਹੈਂ ॥**
**ਸਦੈਵੰ ਪ੍ਰਭਾ ਹੈਂ ॥ ਅਜੈ ਹੈਂ ਅਜਾ ਹੈਂ ॥੧੪੯॥**

**ਅਰਥ:** ਹੇ ਵਾਹਿਗੁਰੂ! ਨਾ ਤੇਰਾ ਕੋਈ ਸਾਕ ਅੰਗ ਹੈ ਅਤੇ ਨਾ ਕੋਈ ਸਰੀਕ, ਤੂੰ ਅਜਿਹੀ ਡੂੰਘੀ ਹਸਤੀ ਹੈਂ, ਜਿਸ ਦਾ ਥਾਹ ਨਹੀਂ ਪਾਇਆ ਜਾ ਸਕਦਾ (ਡੂੰਘਿਆਈ ਨਹੀਂ ਲਭ ਸਕਦੀ), ਤੈਨੂੰ ਕੋਈ ਜਿੱਤ ਨਹੀਂ ਸਕਦਾ, ਤੂੰ ਜਨਮ ਵਿਚ ਨਹੀਂ ਆਉਂਦਾ।੧੪੯।

## ਭਗਵਤੀ ਛੰਦ ॥ ਤ੍ਵ ਪ੍ਰਸਾਦਿ ॥

**ਕਿ ਜ਼ਾਹਰ ਜ਼ਹੂਰ ਹੈਂ ॥ ਕਿ ਹਾਜ਼ਰ ਹਜ਼ੂਰ ਹੈਂ ॥**
**ਹਮੇਸੁਲ ਸਲਾਮ ਹੈਂ ॥ ਸਮਸਤੁਲ ਕਲਾਮ ਹੈਂ ॥੧੫੦॥**

**ਅਰਥ:** ਹੇ ਕਰਤਾਰ! ਤੇਰਾ ਪਰਕਾਸ਼ ਪਰਤੱਖ ਦਿਸਦਾ ਹੈ। ਤੂੰ ਹਰ ਥਾਂ ਮੌਜੂਦ ਹੈਂ ਤੇ ਹਰੇਕ ਦੇ ਅੰਗ ਸੰਗ ਹੈਂ, ਤੂੰ ਸਦਾ ਕਾਇਮ ਰਹਿਣ ਵਾਲਾ ਹੈਂ, ਸਾਰੇ ਜੀਵ ਤੇਰੇ ਹੀ ਗੁਣਾਂ ਦਾ ਜ਼ਿਕਰ ਕਰਦੇ ਹਨ।੧੫੦।

**ਕਿ ਸਾਹਿਬ ਦਿਮਾਗ਼ ਹੈਂ ॥ ਕਿ ਹੁਸਨਲ ਚਰਾਗ਼ ਹੈਂ ॥**
**ਕਿ ਕਾਮਲ ਕਰੀਮ ਹੈਂ ॥ ਕਿ ਰਾਜ਼ਕ ਰਹੀਮ ਹੈਂ ॥੧੫੧॥**

**ਅਰਥ:** ਹੇ ਵਾਹਿਗੁਰੂ! ਤੂੰ ਉੱਚੀ ਸਮਝ ਦਾ ਮਾਲਕ ਹੈਂ (ਤੂੰ ਬੜਾ ਦਾਨਾ ਹੈਂ), ਤੂੰ ਸੁੰਦਰਤਾ ਦਾ ਦੀਵਾ (ਭਾਵ ਸੋਮਾ) ਹੈਂ, ਤੂੰ ਸਭ ਉਪਰ ਪੂਰਨ ਬਖਸ਼ਸ਼ ਕਰਨ ਵਾਲਾ ਹੈਂ, ਤੂੰ ਸਭ ਨੂੰ ਰਿਜ਼ਕ ਦੇਣ ਵਾਲਾ ਹੈਂ, ਤੂੰ ਸਭ ਉਪਰ ਤਰਸ ਕਰਨ ਵਾਲਾ ਹੈਂ।੧੫੧।

**ਕਿ ਰੋਜ਼ੀ ਦਿਹਿੰਦ ਹੈਂ ॥ ਕਿ ਰਾਜ਼ਕ ਰਹਿੰਦ ਹੈਂ ॥**
**ਕਰੀਮੁਲ ਕਮਾਲ ਹੈਂ ॥ ਕਿ ਹੁਸਨਲ ਜਮਾਲ ਹੈਂ ॥੧੫੨॥**

**ਅਰਥ:** ਹੇ ਕਰਤਾਰ! ਤੂੰ ਸਭ ਨੂੰ ਰਿਜ਼ਕ ਦੇਣ ਵਾਲਾ ਹੈਂ, ਤੂੰ ਸਭ ਦਾ ਮੁਕਤੀ-ਦਾਤਾ ਹੈਂ, ਤੂੰ ਪੂਰਨ ਬਖਸ਼ਸ਼ ਕਰਨ ਵਾਲਾ ਹੈਂ, ਤੂੰ ਸੁੰਦਰਤਾ ਦੀ ਸੁੰਦਰਤਾ ਹੈਂ (ਤੂੰ ਬਹੁਤ ਹੀ ਸੁੰਦਰ ਹੈਂ)।੧੫੨।

**ਗ਼ਨੀਮੁਲ ਖ਼ਿਰਾਜ ਹੈਂ ॥ ਗ਼ਰੀਬੁਲ ਨਿਵਾਜ਼ ਹੈਂ ॥**
**ਹਰੀਫ਼ੁਲ ਸ਼ਿਕੰਨ ਹੈਂ ॥ ਹਿਰਾਸੁਲ ਫਿਕੰਨ ਹੈਂ ॥੧੫੩॥**





**ਅਰਥ:** ਹੇ ਪਰਮਾਤਮਾ! ਤੂੰ ਵੈਰੀਆਂ ਤੋਂ ਚੱਟੀ ਭਰਾਉਣ ਵਾਲਾ ਅਤੇ ਗਰੀਬਾਂ ਨੂੰ ਵਡਿਆਈ ਦੇਣ ਵਾਲਾ ਹੈਂ, ਤੂੰ ਵੈਰੀਆਂ ਦਾ ਨਾਸ ਕਰਨ ਵਾਲਾ ਹੈਂ, ਤੂੰ ਡਰ ਦੂਰ ਕਰਨ ਵਾਲਾ ਹੈਂ (ਡਰ ਤੇਰੇ ਨੇੜੇ ਨਹੀਂ ਆ ਸਕਦਾ)।੧੫੩।

**ਕਲੰਕੰ ਪ੍ਰਣਾਸ ਹੈਂ॥ ਸਮਸਤੁਲ ਨਿਵਾਸ ਹੈਂ॥**
**ਅਗੰਜੁਲ ਗਨੀਮ ਹੈਂ॥ ਰਜਾਇਕ ਰਹੀਮ ਹੈਂ॥੧੫੪॥**

ਅਰਥ: ਹੇ ਪਰਮਾਤਮਾ! ਤੂੰ ਕਲੰਕ ਦੂਰ ਕਰਨ ਵਾਲਾ ਹੈਂ, ਤੂੰ ਸਭ ਵਿਚ ਵਸਦਾ ਹੈਂ, ਵੈਰੀ ਤੈਨੂੰ ਜਿੱਤ ਨਹੀਂ ਸਕਦਾ, ਤੂੰ ਸਭ ਨੂੰ ਰਿਜ਼ਕ ਦੇਣ ਵਾਲਾ ਤੇ ਸਭ ਉਤੇ ਰਹਿਮ (ਦਇਆ) ਕਰਨ ਵਾਲਾ ਹੈਂ।੧੫੪।

**ਸਮਸਤੁਲ ਜੁਬਾਂ ਹੈਂ ॥ ਕਿ ਸਾਹਿਬ ਕਿਰਾਂ ਹੈਂ ॥**
**ਕਿ ਨਰਕੰ ਪ੍ਰਣਾਸ ਹੈਂ ॥ ਬਹਿਸਤੁਲ ਨਿਵਾਸ ਹੈਂ ॥੧੫੫॥**

**ਅਰਥ:** ਹੇ ਵਾਹਿਗੁਰੂ! ਤੂੰ ਸਾਰੇ ਜੀਵਾਂ ਦੀ ਜ਼ੁਬਾਨ ਹੈਂ (ਭਾਵ, ਸਭ ਜੀਵਾਂ ਅੰਦਰ ਤੂੰ ਆਪ ਹੀ ਬੋਲ ਰਿਹਾ ਹੈਂ), ਤੂੰ ਬੜਾ ਭਾਗਵਾਨ ਜਾਂ ਵੱਡਾ ਪਰਤਾਪੀ ਹੈਂ, ਤੂੰ ਨਰਕਾਂ ਦਾ ਨਾਸ ਕਰਨ ਵਾਲਾ ਹੈਂ, ਤੂੰ ਸੁਰਗ ਵਿਚ ਵਸਦਾ ਹੈਂ।੧੫੫।

**ਕਿ ਸਰਬੁਲ ਗਵੰਨ ਹੈਂ ॥ ਹਮੇਸੁਲ ਰਵੰਨ ਹੈਂ ॥**
**ਤਮਾਮੁਲ ਤਮੀਜ ਹੈਂ ॥ ਸਮਸਤੁਲ ਅਜੀਜ ਹੈਂ ॥੧੫੬॥**

**ਅਰਥ:** ਹੇ ਪਰਮਾਤਮਾ! ਸਭ ਥਾਂਈ ਤੇ ਸਭ ਜੀਵਾਂ ਵਿਚ ਤੇਰੀ ਪਹੁੰਚ ਹੈ, ਤੂੰ ਸਦਾ ਹੀ ਅਨੰਦ ਸਰੂਪ ਹੈਂ, ਤੂੰ ਸਭ ਜੀਵਾਂ ਦੀ ਪਛਾਣ ਰੱਖਦਾ ਹੈਂ, ਤੂੰ ਸਭ ਦਾ ਪਿਆਰਾ ਹੈਂ।੧੫੬।

**ਪਰੰ ਪਰਮ ਈਸ ਹੈਂ ॥ ਸਮਸਤੁਲ ਅਦੀਸੁ ਹੈਂ ॥**
**ਅਦੇਸੁਲ ਅਲੇਖ ਹੈਂ ॥ ਹਮੇਸੁਲ ਅਭੇਖ ਹੈਂ ॥੧੫੭॥**

**ਅਰਥ:** ਹੇ ਪਰਮਾਤਮਾ! ਤੂੰ ਸਭ ਤੋਂ ਵੱਡਾ ਮਾਲਕ ਹੈਂ, ਤੂੰ ਸ੍ਰਿਸ਼ਟੀ ਦੇ ਸ਼ੁਰੂ ਤੋਂ ਹੀ ਸਭ ਦਾ ਮਾਲਕ ਹੈਂ, ਤੇਰਾ ਕੋਈ ਖਾਸ ਦੇਸ਼ ਜਾਂ ਟਿਕਾਣਾ ਨਹੀਂ, ਤੇਰੀ ਤਸਵੀਰ ਨਹੀਂ ਬਣਾਈ ਜਾ ਸਕਦੀ, ਕਦੇ ਵੀ ਤੇਰਾ ਕੋਈ ਖਾਸ ਇਕ ਪਹਿਰਾਵਾ ਨਹੀਂ ਹੋਇਆ।੧੫੭।

**ਜ਼ਮੀਨੁਲ ਜ਼ਮਾ ਹੈਂ ॥ ਅਮੀਕੁਲ ਇਮਾ ਹੈਂ ॥**
**ਕਰੀਮੁਲ ਕਮਾਲ ਹੈਂ ॥ ਕਿ ਜੁਰਅਤਿ ਜਮਾਲ ਹੈਂ ॥੧੫੮॥**

**ਅਰਥ:** ਹੇ ਵਾਹਿਗੁਰੂ! ਤੂੰ ਧਰਤੀ ਤੇ ਅਸਮਾਨ ਵਿਚ (ਭਾਵ ਸਭ ਥਾਂ ਮੌਜੂਦ ਹੈਂ) ਤੂੰ ਗੰਭੀਰ ਧਰਮ ਵਾਲਾ ਹੈਂ, ਤੂੰ ਪੂਰਨ ਬਖਸ਼ਸ਼ ਕਰਨ ਵਾਲਾ ਹੈਂ, ਤੂੰ ਦਲੇਰੀ ਤੇ ਸੁੰਦਰਤਾ ਦਾ ਸਰੂਪ ਹੈਂ।੧੫੮।

**ਕਿ ਅਚਲੰ ਪ੍ਰਕਾਸ਼ ਹੈਂ ॥ ਕਿ ਅਮਿਤੋ ਸੁਬਾਸ ਹੈਂ ॥**
**ਕਿ ਅਜਬ ਸਰੂਪ ਹੈਂ ॥ ਕਿ ਅਮਿਤੋ ਬਿਭੂਤ ਹੈਂ ॥੧੫੯॥**

**ਅਰਥ:** ਹੇ ਪਰਮਾਤਮਾ! ਤੇਰੀ ਜੋਤ ਸਦਾ ਉਵੇਂ ਦੀ ਉਵੇਂ ਕਾਇਮ ਰਹਿਣ ਵਾਲੀ ਹੈ, ਤੂੰ ਅਮਿਣਵੀਂ ਸੁਗੰਧੀ (ਵਾਸ਼ਨਾ) ਵਾਲਾ ਹੈਂ, ਤੇਰਾ ਰੂਪ ਅਚਰਜ ਹੈ, ਤੇਰਾ ਤੇਜ ਪਰਤਾਪ ਅਮਿਣਵਾਂ ਹੈ।੧੫੯।

**ਕਿ ਅਮਿਤੋ ਪਸਾ ਹੈਂ ॥ ਕਿ ਆਤਮ ਪ੍ਰਭਾ ਹੈਂ ॥**
**ਕਿ ਅਚਲੰ ਅਨੰਗ ਹੈਂ ॥ ਕਿ ਅਮਿਤੋ ਅਭੰਗ ਹੈਂ ॥੧੬੦॥**

**ਅਰਥ:** ਹੇ ਵਾਹਿਗੁਰੂ! ਤੂੰ ਜਗਤ ਰੂਪੀ ਬੇਅੰਤ ਪਸਾਰੇ ਵਾਲਾ ਹੈਂ, ਤੇਰਾ ਆਪਾ ਨਿਰਾ ਚਾਨਣ ਹੀ ਚਾਨਣ ਹੈ (ਤੂੰ ਆਪਣੇ ਆਪ ਚਾਨਣ ਵਾਲਾ ਹੈਂ), ਤੂੰ ਸਦਾ ਅਡੋਲ ਰਹਿਣ ਵਾਲਾ ਹੈਂ, ਤੇਰਾ ਕੋਈ ਸਰੀਰ ਨਹੀਂ, ਤੂੰ ਬੇਅੰਤ ਹੈਂ ਤੂੰ ਨਾਸ ਰਹਿਤ ਹੈਂ॥੧੬੦॥

## ਸ਼ਬਦ

### ਕਾਨੜਾ ਮਹਲਾ ੫ ਘਰੁ ੪ (੧੩੦੧)

**ੴ ਸਤਿਗੁਰ ਪ੍ਰਸਾਦਿ॥**

**ਨਾਰਾਇਨ ਨਰਪਤਿ ਨਮਸਕਾਰੈ॥ ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ॥ ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ॥ ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥ ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ॥ ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥੨॥੧॥੨੦॥**

**ਅਰਥ:** (ਪ੍ਰਭੂ ਦੇ ਬੇਅੰਤ ਰੰਗ ਵੇਖ ਵੇਖ ਕੇ ਜਿਹੜਾ ਗੁਰੂ) ਪ੍ਰਭੂ-ਪਾਤਿਸ਼ਾਹ ਨੂੰ ਸਦਾ ਸਿਰ ਨਿਵਾਂਦਾ ਰਹਿੰਦਾ ਹੈ। ਜਿਹੜਾ (ਨਾਮ ਦੀ ਬਰਕਤਿ ਨਾਲ) (ਦੁਨੀਆ ਦੇ ਬੰਧਨਾਂ ਤੋਂ) ਆਪ ਨਿਰਲੇਪ ਹੈ, ਤੇ ਮੈਨੂੰ ਪਾਰ ਲੰਘਾਣ ਦੀ ਸਮਰੱਥਾ ਰੱਖਦਾ ਹੈ, ਉਸ ਗੁਰੂ ਤੋਂ ਸਦਾ ਹੀ ਕੁਰਬਾਨ ਜਾਣਾ ਚਾਹੀਦਾ ਹੈ॥੧॥ਰਹਾਉ॥ ਪਰਮਾਤਮਾ ਦੇ ਸਾਰੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ, ਪਰਮਾਤਮਾ ਦੇ ਗੁਣਾਂ ਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ। ਜੋ ਇਉਂ ਸੋਚਦਾ ਹੈ, ਲੱਖਾਂ ਬੰਦਿਆਂ ਵਿੱਚੋਂ ਕ੍ਰੋੜਾਂ ਬੰਦਿਆਂ ਵਿੱਚੋਂ ਕੋਈ ਵਿਰਲਾ (ਅਜਿਹਾ ਮਨੁੱਖ) ਹੁੰਦਾ ਹੈ ॥੧॥ ਸੋਹਣੇ ਪ੍ਰਭੂ ਅਤੇ ਸੋਹਣੇ ਪ੍ਰਭੂ ਦੇ (ਅਸਚਰਜ) ਕੌਤਕਾਂ ਤੋਂ ਹੈਰਾਨ ਹੋ ਜਾਈਦਾ ਹੈ ਹੈਰਾਨ ਹੀ ਹੋ ਜਾਈਦਾ ਹੈ। ਨਾਨਕ ਆਖਦਾ ਹੈ- ਸੰਤ ਜਨਾਂ ਨੂੰ (ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਦਾ) ਸੁਆਦ ਆਉਂਦਾ ਹੈ (ਪਰ ਇਸ ਸੁਆਦ ਨੂੰ ਉਹ ਬਿਆਨ ਨਹੀਂ ਕਰ ਸਕਦੇ) ਜਿਵੇਂ (ਕੋਈ) ਗੂੰਗਾ ਮਨੁੱਖ (ਕੋਈ ਸੁਆਦਲਾ ਪਦਾਰਥ) ਚੱਖ ਕੇ (ਸਿਰਫ਼) ਮੁਸਕਰਾ ਹੀ ਦੇਂਦਾ ਹੈ (ਪਰ ਸੁਆਦ ਨੂੰ ਬਿਆਨ ਨਹੀਂ ਕਰ ਸਕਦਾ) ॥੨॥੧॥੨੦॥

## ਸਲੋਕ

1. **ਪ੍ਰਭ ਬਾਣੀ ਸਬਦੁ ਸੁਭਾਖਿਆ॥ ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥**





**ਅਰਥ** : ਹੇ ਭਾਈ! (ਗੁਰੂ ਨੇ ਆਪਣਾ) ਸ਼ਬਦ ਸੋਹਣਾ ਉਚਾਰਿਆ ਹੋਇਆ ਹੈ, (ਇਹ ਸ਼ਬਦ) ਪ੍ਰਭੂ ਦੀ ਸਿਫ਼ਤ-ਸਾਲਾਹ ਦੀ ਬਾਣੀ ਹੈ। (ਇਸ ਸ਼ਬਦ ਨੂੰ) ਸਦਾ ਗਾਂਦੇ ਰਹੋ, ਸੁਣਦੇ ਰਹੋ, ਪੜ੍ਹਦੇ ਰਹੋ, (ਜੇ ਇਹ ਉੱਦਮ ਕਰਦਾ ਰਹੇਂਗਾ, ਤਾਂ ਯਕੀਨ ਰੱਖ) ਪੂਰੇ ਗੁਰੂ ਨੇ ਤੈਨੂੰ (ਜੀਵਨ ਵਿੱਚ ਆਉਣ ਵਾਲੀਆਂ ਰੁਕਾਵਟਾ ਤੋਂ) ਬਚਾ ਲਿਆ। (੬੧੧)

2. **ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥੧॥**

   **ਅਰਥ** : (ਹੇ ਮੂਰਖ!) ਤੂੰ ਰਾਤ ਸੌਂ ਕੇ ਗੁਜ਼ਾਰਦਾ ਜਾ ਰਿਹਾ ਹੈਂ ਤੇ ਦਿਨ ਖਾ ਖਾ ਕੇ ਵਿਅਰਥ ਬਿਤਾਂਦਾ ਜਾਂਦਾ ਹੈਂ। ਤੇਰਾ ਇਹ ਮਨੁੱਖਾ ਜਨਮ ਹੀਰੇ ਵਰਗਾ ਕੀਮਤੀ ਹੈ, ਪਰ (ਸਿਮਰਨ-ਹੀਨ ਹੋਣ ਕਰਕੇ) ਕੌਡੀ ਦੇ ਭਾ ਜਾ ਰਿਹਾ ਹੈ। (੧੫੬)

3. **ਕਰਿ ਕਿਰਪਾ ਪ੍ਰਭ ਦੀਨ ਦਇਆਲਾ॥ ਤੇਰੀ ਓਟ ਪੂਰਨ ਗੋਪਾਲਾ॥੧॥**

   **ਅਰਥ** : ਹੇ ਦੀਨਾਂ ਉੱਤੇ ਦਇਆ ਕਰਨ ਵਾਲੇ ਪ੍ਰਭੂ! (ਮੇਰੇ ਉੱਤੇ) ਕਿਰਪਾ ਕਰ! ਹੇ ਸਰਬ-ਵਿਆਪਕ! ਹੇ ਸ੍ਰਿਸ਼ਟੀ-ਪਾਲਕ! ਮੈਨੂੰ ਤੇਰਾ ਹੀ ਆਸਰਾ ਹੈ। (੫੬੩)

4. **ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ॥ ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ॥ (੧੪੨੬)**

   **ਅਰਥ:** ਹੇ ਨਾਨਕ! ਆਖ-ਹੇ ਝਲੇ ਮਨੁੱਖ! ਤੂੰ ਕਿਉਂ ਪਰਮਾਤਮਾ ਦਾ ਭਜਨ ਨਹੀਂ ਕਰਦਾ? ਬੁੱਢਾ ਹੋ ਗਿਆ ਹੈਂ। ਸਮਝ ਨਹੀਂ ਆ ਰਹੀ ਕਿ ਮੌਤ ਆ ਪਹੁੰਚੀ ਹੈ।੪।

5. **ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥ ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ॥ (੨੬੧)**

   **ਅਰਥ** : ਹੇ ਨਾਨਕ! ਅਸੀਂ ਜੀਵ ਖਿਨ ਖਿਨ ਭੁੱਲਣਹਾਰ ਹਾਂ। ਅਸੀਂ ਇਹਨਾਂ ਭੁੱਲਾਂ ਦੇ ਲੇਖਿਆਂ ਤੋਂ ਛੁੱਟ ਨਹੀਂ ਸਕਦੇ। ਅਕਾਲ ਪੁਰਖ ਪ੍ਰਭੂ ਆਪ ਹੀ ਬਖਸ਼ਿਸ਼ ਕਰਕੇ ਸਾਡੀਆਂ ਭੁੱਲਾਂ ਬਖ਼ਸ਼ ਕੇ ਸਾਨੂੰ ਵਿਕਾਰਾਂ ਭਰੇ ਸਮੁੰਦਰ ਤੋਂ ਪਾਰ ਲੰਘਾਏ।

## ਪੰਗਤੀਆਂ

1. **ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ॥ (੭੨੫)**

   **ਅਰਥ:** ਹੇ ਅਕਾਲ ਪੁਰਖ ਤੇਰਾ ਨਾਮ ਸੰਸਾਰ ਦੇ ਸਾਰੇ ਦੁੱਖ ਦੂਰ ਕਰਨ ਦੇ ਸਮਰੱਥ ਹੈ।

2. **ਕਾਚੇ ਗੁਰ ਤੇ ਮੁਕਤ ਨ ਹੂਆ॥ (੯੩੨)**

   **ਅਰਥ** : ਕੱਚੇ ਗੁਰੂ ਦੀ ਸ਼ਰਨ ਦੁਆਰਾ ਆਦਮੀ ਮੁਕਤ ਨਹੀਂ ਹੁੰਦਾ।

**ਕਿ ਅਮਿਤੋ ਪਸਾ ਹੈਂ ॥ ਕਿ ਆਤਮ ਪ੍ਰਭਾ ਹੈਂ ॥**
**ਕਿ ਅਚਲੰ ਅਨੰਗ ਹੈਂ ॥ ਕਿ ਅਮਿਤੋ ਅਭੰਗ ਹੈਂ ॥੧੬੦॥**

**ਅਰਥ:** ਹੇ ਵਾਹਿਗੁਰੂ! ਤੂੰ ਜਗਤ ਰੂਪੀ ਬੇਅੰਤ ਪਸਾਰੇ ਵਾਲਾ ਹੈਂ, ਤੇਰਾ ਆਪਾ ਨਿਰਾ ਚਾਨਣ ਹੀ ਚਾਨਣ ਹੈ (ਤੂੰ ਆਪਣੇ ਆਪ ਚਾਨਣ ਵਾਲਾ ਹੈਂ), ਤੂੰ ਸਦਾ ਅਡੋਲ ਰਹਿਣ ਵਾਲਾ ਹੈਂ, ਤੇਰਾ ਕੋਈ ਸਰੀਰ ਨਹੀਂ, ਤੂੰ ਬੇਅੰਤ ਹੈਂ ਤੂੰ ਨਾਸ ਰਹਿਤ ਹੈਂ॥੧੬੦॥

## ਸ਼ਬਦ

**ਕਾਨੜਾ ਮਹਲਾ ੫ ਘਰੁ ੪ (੧੩੦੧)**

**ੴ ਸਤਿਗੁਰ ਪ੍ਰਸਾਦਿ॥**

**ਨਾਰਾਇਨ ਨਰਪਤਿ ਨਸਮਕਾਰੈ॥ ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ॥ ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ॥ ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥ ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ॥ ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥੨॥੧॥੨੦॥**

**ਅਰਥ:** (ਪ੍ਰਭੂ ਦੇ ਬੇਅੰਤ ਰੰਗ ਵੇਖ ਵੇਖ ਕੇ ਜਿਹੜਾ ਗੁਰੂ) ਪ੍ਰਭੂ-ਪਾਤਿਸ਼ਾਹ ਨੂੰ ਸਦਾ ਸਿਰ ਨਿਵਾਂਦਾ ਰਹਿੰਦਾ ਹੈ। ਜਿਹੜਾ (ਨਾਮ ਦੀ ਬਰਕਤਿ ਨਾਲ) (ਦੁਨੀਆ ਦੇ ਬੰਧਨਾਂ ਤੋਂ) ਆਪ ਨਿਰਲੇਪ ਹੈ, ਤੇ ਮੈਨੂੰ ਪਾਰ ਲੰਘਾਣ ਦੀ ਸਮਰੱਥਾ ਰੱਖਦਾ ਹੈ, ਉਸ ਗੁਰੂ ਤੋਂ ਸਦਾ ਹੀ ਕੁਰਬਾਨ ਜਾਣਾ ਚਾਹੀਦਾ ਹੈ॥੧॥ਰਹਾਉ॥ ਪਰਮਾਤਮਾ ਦੇ ਸਾਰੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ, ਪਰਮਾਤਮਾ ਦੇ ਗੁਣਾਂ ਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ। ਜੋ ਇਉਂ ਸੋਚਦਾ ਹੈ, ਲੱਖਾਂ ਬੰਦਿਆਂ ਵਿੱਚੋਂ ਕ੍ਰੋੜਾਂ ਬੰਦਿਆਂ ਵਿੱਚੋਂ ਕੋਈ ਵਿਰਲਾ (ਅਜਿਹਾ ਮਨੁੱਖ) ਹੁੰਦਾ ਹੈ ॥੧॥ ਸੋਹਣੇ ਪ੍ਰਭੂ ਅਤੇ ਸੋਹਣੇ ਪ੍ਰਭੂ ਦੇ (ਅਸਚਰਜ) ਕੌਤਕਾਂ ਤੋਂ ਹੈਰਾਨ ਹੋ ਜਾਈਦਾ ਹੈ ਹੈਰਾਨ ਹੀ ਹੋ ਜਾਈਦਾ ਹੈ। ਨਾਨਕ ਆਖਦਾ ਹੈ- ਸੰਤ ਜਨਾਂ ਨੂੰ (ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਦਾ) ਸੁਆਦ ਆਉਂਦਾ ਹੈ (ਪਰ ਇਸ ਸੁਆਦ ਨੂੰ ਉਹ ਬਿਆਨ ਨਹੀਂ ਕਰ ਸਕਦੇ) ਜਿਵੇਂ (ਕੋਈ) ਗੁੰਗਾ ਮਨੁੱਖ (ਕੋਈ ਸੁਆਦਲਾ ਪਦਾਰਥ) ਚੱਖ ਕੇ (ਸਿਰਫ਼) ਮੁਸਕਰਾ ਹੀ ਦੇਂਦਾ ਹੈ (ਪਰ ਸੁਆਦ ਨੂੰ ਬਿਆਨ ਨਹੀਂ ਕਰ ਸਕਦਾ) ॥੨॥੧॥੨੦॥

## ਸਲੋਕ

1. **ਪ੍ਰਭ ਬਾਣੀ ਸਬਦੁ ਸੁਭਾਖਿਆ॥ ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥**





**ਅਰਥ** : ਹੇ ਭਾਈ! (ਗੁਰੂ ਨੇ ਆਪਣਾ) ਸ਼ਬਦ ਸੋਹਣਾ ਉਚਾਰਿਆ ਹੋਇਆ ਹੈ, (ਇਹ ਸ਼ਬਦ) ਪ੍ਰਭੂ ਦੀ ਸਿਫ਼ਤ-ਸਾਲਾਹ ਦੀ ਬਾਣੀ ਹੈ। (ਇਸ ਸ਼ਬਦ ਨੂੰ) ਸਦਾ ਗਾਂਦੇ ਰਹੋ, ਸੁਣਦੇ ਰਹੋ, ਪੜ੍ਹਦੇ ਰਹੋ, (ਜੇ ਇਹ ਉੱਦਮ ਕਰਦਾ ਰਹੇਂਗਾ, ਤਾਂ ਯਕੀਨ ਰੱਖ) ਪੂਰੇ ਗੁਰੂ ਨੇ ਤੈਨੂੰ (ਜੀਵਨ ਵਿੱਚ ਆਉਣ ਵਾਲੀਆਂ ਰੁਕਾਵਟਾ ਤੋਂ) ਬਚਾ ਲਿਆ। (੬੧੧)

2. **ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥**
   **ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥੧॥**

**ਅਰਥ** : (ਹੇ ਮੂਰਖ!) ਤੂੰ ਰਾਤ ਸੌਂ ਕੇ ਗੁਜ਼ਾਰਦਾ ਜਾ ਰਿਹਾ ਹੈਂ ਤੇ ਦਿਨ ਖਾ ਖਾ ਕੇ ਵਿਅਰਥ ਬਿਤਾਂਦਾ ਜਾਂਦਾ ਹੈਂ। ਤੇਰਾ ਇਹ ਮਨੁੱਖਾ ਜਨਮ ਹੀਰੇ ਵਰਗਾ ਕੀਮਤੀ ਹੈ, ਪਰ (ਸਿਮਰਨ-ਹੀਨ ਹੋਣ ਕਰਕੇ) ਕੌਡੀ ਦੇ ਭਾ ਜਾ ਰਿਹਾ ਹੈ। (੧੫੬)

3. **ਕਰਿ ਕਿਰਪਾ ਪ੍ਰਭ ਦੀਨ ਦਇਆਲਾ॥ ਤੇਰੀ ਓਟ ਪੂਰਨ ਗੋਪਾਲਾ॥੧॥**

**ਅਰਥ** : ਹੇ ਦੀਨਾਂ ਉੱਤੇ ਦਇਆ ਕਰਨ ਵਾਲੇ ਪ੍ਰਭੂ! (ਮੇਰੇ ਉੱਤੇ) ਕਿਰਪਾ ਕਰ! ਹੇ ਸਰਬ-ਵਿਆਪਕ! ਹੇ ਸ੍ਰਿਸ਼ਟੀ-ਪਾਲਕ! ਮੈਨੂੰ ਤੇਰਾ ਹੀ ਆਸਰਾ ਹੈ। (੫੬੩)

4. **ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ॥**
   **ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ॥ (੧੪੨੬)**

**ਅਰਥ:** ਹੇ ਨਾਨਕ! ਆਖ-ਹੇ ਝਲੇ ਮਨੁੱਖ! ਤੂੰ ਕਿਉਂ ਪਰਮਾਤਮਾ ਦਾ ਭਜਨ ਨਹੀਂ ਕਰਦਾ? ਬੁੱਢਾ ਹੋ ਗਿਆ ਹੈਂ। ਸਮਝ ਨਹੀਂ ਆ ਰਹੀ ਕਿ ਮੌਤ ਆ ਪਹੁੰਚੀ ਹੈ॥੪।

5. **ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥**
   **ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ॥ (੨੬੧)**

**ਅਰਥ** : ਹੇ ਨਾਨਕ! ਅਸੀਂ ਜੀਵ ਖਿਨ ਖਿਨ ਭੁੱਲਣਹਾਰ ਹਾਂ। ਅਸੀਂ ਇਹਨਾਂ ਭੁੱਲਾਂ ਦੇ ਲੇਖਿਆਂ ਤੋਂ ਛੁੱਟ ਨਹੀਂ ਸਕਦੇ। ਅਕਾਲ ਪੁਰਖ ਪ੍ਰਭੂ ਆਪ ਹੀ ਬਖਸ਼ਿਸ਼ ਕਰਕੇ ਸਾਡੀਆਂ ਭੁੱਲਾਂ ਬਖਸ਼ ਕੇ ਸਾਨੂੰ ਵਿਕਾਰਾਂ ਭਰੇ ਸਮੁੰਦਰ ਤੋਂ ਪਾਰ ਲੰਘਾਏ।

## ਪੰਗਤੀਆਂ

1. **ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ॥ (੭੨੫)**

**ਅਰਥ:** ਹੇ ਅਕਾਲ ਪੁਰਖ ਤੇਰਾ ਨਾਮ ਸੰਸਾਰ ਦੇ ਸਾਰੇ ਦੁੱਖ ਦੂਰ ਕਰਨ ਦੇ ਸਮਰੱਥ ਹੈ।

2. **ਕਾਚੇ ਗੁਰ ਤੇ ਮੁਕਤ ਨ ਹੂਆ॥ (੯੩੨)**

**ਅਰਥ** : ਕੱਚੇ ਗੁਰੂ ਦੀ ਸ਼ਰਨ ਦੁਆਰਾ ਆਦਮੀ ਮੁਕਤ ਨਹੀਂ ਹੁੰਦਾ।

3. **ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ।** (੩੫੦)

**ਅਰਥ** : ਮੇਰਾ ਸੁਆਮੀ ਕੇਵਲ ਇੱਕ ਹੈ। ਉਹ ਸਿਰਫ ਇੱਕਲਾ ਹੀ ਆਪਣੇ ਆਪ ਵਰਗਾ ਹੈ, ਹੇ ਵੀਰ, ਇਕੋ ਇਕ ਹੀ ਹੈ ਉਹ।

4. **ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥** (੬੯੫)

**ਅਰਥ** : ਹੇ ਅਕਾਲ ਪੁਰਖ ਜੋ ਜੋ ਲੋਕ ਤੇਰੀ ਭਗਤੀ ਕਰਦੇ ਹਨ। ਤੇਰਾ ਨਾਮ ਜਪਦੇ ਹਨ। ਤੂੰ ਉਹਨਾਂ ਦੇ ਕੰਮ ਸਵਾਰਦਾ ਹੈ।

5. **ਜਿਸ ਕਉ ਬਿਸਰੈ ਪ੍ਰਾਨਪਤਿ ਦਾਤਾ ਸੋਈ ਗਨਹੁ ਅਭਾਗਾ॥** (੬੮੨)

**ਅਰਥ** : ਹੇ ਭਾਈ ਉਸ ਮਨੁੱਖ ਨੂੰ ਬਦਕਿਸਮਤ ਸਮਝੋ ਜਿਸ ਨੂੰ ਉਹ ਪ੍ਰਾਨਪਤਿ ਦਾਤਾ ਜੋ ਸਰਬ ਸੁੱਖਾਂ ਦਾ ਮਾਲਕ ਵਿਸਰ ਜਾਂਦਾ ਹੈ।

6. **ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂ ਦਾਤਾ॥** (੬੧੩)

**ਅਰਥ** : ਹੇ ਪ੍ਰਭੂ! ਅਸੀਂ ਜੀਵ ਵਿਕਾਰਾਂ ਦੀ ਮੈਲ ਨਾਲ ਭਰੇ ਰਹਿੰਦੇ ਹਾਂ, ਤੂੰ ਸਾਨੂੰ ਪਵਿੱਤਰ ਕਰਨ ਵਾਲਾ ਹੈਂ। ਅਸੀਂ ਗੁਣ-ਹੀਣ ਹਾਂ, ਤੂੰ ਸਾਨੂੰ ਗੁਣ ਬਖ਼ਸ਼ਣ ਵਾਲਾ ਹੈਂ।

***ਗੁਰਬਾਣੀ ਦੇ ਚੋਣਵੇਂ ਸ਼ਬਦ-ਅਰਥ***: **ਉਦਿਆਨ**-ਜੰਗਲ, **ਅਗਾਹ**-ਅਥਾਹ, ਡੂੰਘਾ, **ਅਬਿਗਤ**-ਬਿਨਾਂ ਸਰੀਰ ਦੇ, **ਸਰਗੁਣ**-ਪ੍ਰਤੱਖ ਰੂਪ, **ਨਿਰਗੁਣ**-ਸੂਖਮ ਸਰੂਪ, **ਹਉ-ਮੈਂ**, **ਕੁਮਤਿ**-ਭੈੜੀ ਮਤ, **ਕੀਰਤਿ**-ਵਡਿਆਈ, ਕੀਰਤੀ, ਸ਼ਲਾਘਾ, **ਗੁਨਹਾ**-ਗੁਨਾਹਾ, **ਗੁਰੂ ਗੁਰ**-ਗੁਰੂਆਂ ਦਾ ਗੁਰੂ, **ਜਗਾਤੀ**-ਮਸੂਲ ਲੈਣ ਵਾਲਾ, **ਦੁਖਨਿਵਾਰਨ**-ਦੁਖ ਮਿਟਾਣ ਵਾਲਾ।

# ਇਤਿਹਾਸ

## ਭਾਣਾ

ਪਿਆਰੇ ਬੱਚਿਓ! ਭਾਣੇ ਤੋਂ ਭਾਵ ਹੈ ਰੱਬ ਦੀ ਰਜ਼ਾ, ਰੱਬ ਦਾ ਹੁਕਮ, ਗੁਰੂ ਸਾਹਿਬ ਜੀ ਨੇ ਪਰਮਾਤਮਾ ਦੇ ਭਾਣੇ (ਹੁਕਮ) 'ਚ ਰਹਿਣ ਦਾ ਆਦੇਸ਼ ਦਿੱਤਾ ਹੈ।

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥**(੧)

ਭਾਵ ਪ੍ਰਭੂ ਦੇ ਹੁਕਮ ਜਾਂ ਭਾਣੇ ਵਿੱਚ ਰਹਿ ਕੇ ਜ਼ਿੰਦਗੀ ਗੁਜ਼ਾਰਨੀ।





ਪਿਆਰੇ ਬੱਚਿਓ! ਜੀਵਾਂ ਦਾ ਪੈਦਾ ਹੋਣਾ ਅਤੇ ਵੱਧਣਾ ਫੁੱਲਣਾਂ ਵੀ ਪਰਮਾਤਮਾ ਦੇ ਹੁਕਮ ਵਿੱਚ ਹੈ।

ਕਈ ਅਗਿਆਨੀ ਲੋਕ ਪ੍ਰਭੂ ਦੇ ਹੁਕਮ, ਭਾਣੇ ਤੋਂ ਭਰੋਸਾ ਛੱਡ ਕੇ ਕਿਸੇ ਪੁੱਛਾਂ ਦੇਣ ਵਾਲੇ ਪਖੰਡੀ ਕੋਲ ਵਰ ਅਸੀਸਾਂ ਲੈਣ ਲਈ ਤੁਰੇ ਫਿਰਦੇ ਹਨ। ਅਜਿਹੇ ਅਗਿਆਨੀ ਪੁਰਸ਼ਾਂ ਨੂੰ ਪਤਾ ਹੀ ਨਹੀਂ ਕਿ ਕੁਦਰਤ ਕਿਸੇ ਦੇ ਕਹੇ ਆਪਣਾ ਨਿਯਮ ਨਹੀਂ ਬਦਲਦੀ, ਗੁਰੂ ਜੀ ਦਾ ਫੁਰਮਾਨ ਹੈ, ***"ਦੇਨਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ"*** ਭਾਵ ਅਸੀਸਾਂ ਦੇਣ ਵਾਲੇ ਅਤੇ ਲੈਣ ਵਾਲੇ ਦੋਵੇਂ ਸੰਸਾਰ ਤੋਂ ਕੂਚ ਕਰ ਜਾਂਦੇ ਹਨ।

ਜੀਵਾਂ ਦੇ ਬਿਨਸ ਜਾਣ ਦਾ ਵਿਧਾਨ ਵੀ ਕੁਦਰਤੀ ਨਿਯਮਾਂ ਅਨੁਸਾਰ ਹੈ। ਜੀਵ ਦੇ ਪੈਦਾ ਹੋਣ 'ਤੇ ਗੁਰਸਿੱਖ ਕਦੀ ਵੀ ਖੁਸ਼ੀ ਨਾਲ ਸੁੱਧ ਬੁੱਧ ਗੁਆ ਕੇ ਭੁੜਕਦਾ ਨਹੀਂ ਤੇ ਉਸਦੇ ਦੇ ਬਿਨਸ ਜਾਣ 'ਤੇ ਧਾਹਾਂ ਮਾਰ ਮਾਰ ਰੋਂਦਾ ਨਹੀਂ। ਗੁਰੂ ਜੀ ਦਾ ਹੁਕਮ ਹੈ

**"ਜਿਨੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ"॥**

ਪਿਆਰੇ ਬੱਚਿਓ! ਸਿੱਖ ਪ੍ਰਭੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਰਹੇ ਹਨ। ਇਤਿਹਾਸ 'ਚ ਲਿਖਿਆ ਹੈ ਕਿ ਛੇਵੇਂ ਪਾਤਿਸ਼ਾਹ ਜੀ ਦੇ ਸਮੇਂ ਭਾਈ ਭਿਖਾਰੀ ਨਾਮਕ ਇਕ ਸਿੱਖ ਸੀ। ਉਸਦੇ ਪੁੱਤਰ ਦੇ ਵਿਆਹ ਦੀਆਂ ਤਿਆਰੀਆਂ ਹੋ ਰਹੀਆਂ ਸਨ। ਭਾਈ ਭਿਖਾਰੀ ਜੀ ਝੂਠੀਆਂ ਖੁਸ਼ੀਆਂ ਤੋਂ ਨਿਰਲੇਪ ਪ੍ਰਭੂ ਦੇ ਸਿਮਰਨ 'ਚ ਮਸਤ ਸਨ। ਭਾਈ ਭਿਖਾਰੀ ਜੀ ਬਾਲਣ ਅਤੇ ਹੋਰ ਸਮਾਨ ਜੋ ਮ੍ਰਿਤਕ ਦੇ ਸਸਕਾਰ ਵਾਸਤੇ ਜਰੂਰੀ ਹੁੰਦਾ ਹੈ ਇਕੱਠਾ ਕਰ ਰਹੇ ਸਨ। ਅਗਲੇ ਦਿਨ ਪੁੱਤਰ ਦਾ ਵਿਆਹ ਹੋਇਆ, ਬਹੂ ਘਰ ਆ ਗਈ। ਪੁੱਤਰ ਦੇ ਢਿੱਡ ਵਿੱਚ ਦਰਦ ਹੋਇਆਂ ਉਹ ਮਰ ਗਿਆ। ਭਾਈ ਭਿਖਾਰੀ ਜੀ ਨਾ ਤਾਂ ਧਾਹਾਂ ਮਾਰ ਮਾਰ ਰੋਏ ਅਤੇ ਨਾ ਹੀ ਹੋਰਨਾਂ ਨੂੰ ਅਜਿਹਾ ਕਰਨ ਦਿੱਤਾ। ਸਭਨਾਂ ਨੂੰ ਸਮਝਾਇਆ ਬਿਨਸ ਜਾਣਾ ਪ੍ਰਭੂ ਦੇ ਭਾਣੇ 'ਚ ਹੈ। ਜਿਸਦਾ ਦੁੱਖ ਨਹੀਂ ਮਨਾਉਣਾ ਚਾਹੀਦਾ। ਪ੍ਰਭੂ ਦੇ ਭਾਣੇ 'ਚ ਰਾਜ਼ੀ ਰਹਿਣਾ ਸਾਡਾ ਧਰਮ ਹੈ।

ਪਿਆਰੇ ਬੱਚਿਓ! ਗੁਰੂ ਸਾਹਿਬਾਨ ਨੇ ਆਪਣੇ ਜੀਵਨ ਦੁਆਰਾ ਇਹ ਦਰਸਾ ਦਿੱਤਾ ਕਿ ਪ੍ਰਭੂ ਦੇ ਭਾਣੇ ਅੰਦਰ ਹੀ ਰਹਿਣਾ ਚਾਹੀਦਾ ਹੈ।

ਪਿਆਰੇ ਬੱਚਿਓ! ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੀਵਨ ਇਤਿਹਾਸ ਤੇ ਨਜ਼ਰ ਮਾਰੋ। ਆਪ ਜੀ ਦੇ ਜੀਵਨ ਦਾ ਹਰ ਪਹਿਲੂ ਪ੍ਰਭੂ ਦੇ ਭਾਣੇ 'ਚ ਰਹਿਣ ਦਾ ਸਾਨੂੰ ਉਪਦੇਸ਼ ਦੇ ਰਿਹਾ ਹੈ। ਸੰਸਾਰ ਨੇ ਅੱਜ ਤੱਕ ਐਸੇ ਮਨੁੱਖ ਨੂੰ ਨਹੀਂ ਦੇਖਿਆ ਜੋ

ਨੌ ਸਾਲ ਦੀ ਉਮਰ ਵਿੱਚ ਆਪਣੇ ਪਿਤਾ ਦੀ ਦਰਦਨਾਕ ਸ਼ਹੀਦੀ ਤੋਂ ਬਾਅਦ ਪ੍ਰਭੂ ਦੇ ਭਾਣੇ ਵਿੱਚ ਅਡੋਲ ਚਿੱਤ ਰਿਹਾ ਹੋਵੇ। ਅਜਿਹੀਆਂ ਇਕ ਨਹੀਂ ਅਨੇਕਾਂ ਹੀ ਉਦਾਹਰਣਾਂ ਉਨ੍ਹਾਂ ਦੇ ਜੀਵਨ ਇਤਿਹਾਸ ਵਿਚੋਂ ਪੜ੍ਹੀਆਂ ਜਾ ਸਕਦੀਆਂ ਹਨ, ਜਦੋਂ ਗੁਰੂ ਜੀ ਨੇ ਦੁੱਖਾਂ, ਸੁੱਖਾਂ ਅਤੇ ਔਕੜਾਂ ਨੂੰ ਠਰ੍ਹੰਮੇ ਤੇ ਧੀਰਜ ਨਾਲ ਜਰਿਆ, ਪ੍ਰਭੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਇਸ ਸੰਸਾਰ 'ਤੇ ਮਨੁੱਖਾ ਜਨਮ ਧਾਰ ਕੇ ਆਪਣੇ ਪਿਤਾ, ਮਾਤਾ, ਚਾਰੇ ਸਪੁੱਤਰਾਂ, ਪ੍ਰਾਣਾਂ ਤੋਂ ਪਿਆਰੇ ਸਿੰਘਾਂ ਦੀਆਂ ਬੇਸ਼ੁਮਾਰ ਸ਼ਹੀਦੀਆਂ, ਗੁਰੂ ਜੀ ਖੁਦ 16 ਸਾਲ ਦੇ ਲੰਬੇ ਅਰਸੇ ਤੱਕ ਹਕੂਮਤੀ ਜ਼ੁਲਮਾਂ ਦਾ ਸ਼ਿਕਾਰ ਹੁੰਦੇ ਰਹੇ। ਗੁਰੂ ਜੀ ਦੇ ਜੀਵਨ ਵਿੱਚ ਇਕ ਐਸਾ ਸਮਾਂ ਵੀ ਆਇਆ ਜਦ ਨਾ ਸਾਜ ਰਿਹਾ, ਨਾ ਤਾਜ ਰਿਹਾ, ਨਾ ਹਾਥੀ ਰਿਹਾ, ਨਾ ਘੋੜਾ ਰਿਹਾ, ਨਾ ਸਿੱਖ ਰਿਹਾ, ਨਾ ਸਖਾ ਰਿਹਾ, ਜੀਵਨ ਦੇ ਐਸੇ ਬਿਖੜੇ ਸਮਿਆਂ ਵਿੱਚ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਰੱਬੀ ਭਾਣੇ ਨੂੰ ਹੱਥੋਂ ਨਹੀਂ ਛੱਡਿਆ। ਇਹੋ ਹੀ ਕਾਰਣ ਹੈ ਕਿ ਸਿੰਘਾਂ ਸਿੰਘਣੀਆਂ ਨੇ ਵੀ ਗੁਰੂ ਜੀ ਦੇ ਜੀਵਨ ਤੋਂ ਸਿਖਿਆ ਲੈ ਕੇ ਆਪਣੇ ਜੀਵਨ ਨੂੰ ਸਿੱਖੀ ਅਸੂਲਾਂ 'ਚ ਢਾਲਿਆ ਅਤੇ ਪ੍ਰਭੂ ਦੇ ਭਾਣੇ 'ਚ ਰਹੇ।

ਪਿਆਰੇ ਬੱਚਿਓ! ਮੀਰ ਮੰਨੂੰ (ਮੀਰ ਮਈਉਨ-ਉਲ-ਮਲਕ) ਨੂੰ ਪੰਜਾਬ ਦਾ ਗਵਰਨਰ, ਬਣਾਇਆ ਤਾਂ ਇਸਨੇ ਸਿੱਖਾਂ ਵਿਰੁੱਧ ਜੋ ਮੁਹਿੰਮ ਛੇੜੀ, ਉਸ ਨੇ ਸਿੱਖਾਂ ਵਿਰੁੱਧ ਹੋਈਆਂ ਪਹਿਲੀਆਂ ਸਾਰੀਆਂ ਜ਼ਿਆਦਤੀਆਂ ਨੂੰ ਮਾਤ ਪਾ ਕੇ ਰੱਖ ਦਿੱਤੀ। ਇਸਨੇ ਸਿੱਖਾਂ ਦੀਆਂ ਔਰਤਾਂ ਤੇ ਬੱਚਿਆਂ ਨੂੰ ਕੈਦ ਕਰਨ ਦੇ ਹੁਕਮ ਦਿੱਤੇ ਤਾਂ ਕਿ ਸਿੱਖ ਆਪਣੀਆਂ ਗੁਪਤ ਲੁਕਣ ਗਾਹਾਂ ਚੋਂ ਬਾਹਰ ਆਉਣ, ਤੇ ਉਨ੍ਹਾਂ ਨੂੰ ਖਤਮ ਕੀਤਾ ਜਾ ਸਕੇ। ਮਾਇਆ ਦੇ ਲੋਭੀਆਂ ਅਤੇ ਹਕੂਮਤ ਦੀ ਵਾਹ-ਵਾਹ ਦੇ ਭੁੱਖਿਆਂ ਨੇ ਮੁਖਬਰੀਆਂ ਕਰ ਕਰ ਕੇ ਸਿੱਖਾਂ ਦੇ ਪਰਿਵਾਰਾਂ ਦੇ ਪਰਿਵਾਰ ਗ੍ਰਿਫਤਾਰ ਕਰਵਾ ਦਿੱਤੇ।

ਸਾਰੀਆਂ ਸਿੱਖ ਬੀਬੀਆਂ ਨੂੰ ਲਾਹੌਰ ਦੀ ਜੇਲ੍ਹ 'ਚ ਕੈਦ ਰੱਖਿਆ ਗਿਆ। ਜੇਲ੍ਹ 'ਚ ਬੀਬੀਆਂ ਤੋਂ ਸਵਾ ਸਵਾ ਮਣ ਦਾਣੇ ਹੱਥ-ਚੱਕੀਆਂ ਨਾਲ ਪਿਸਵਾਏ ਜਾਂਦੇ, ਖੰਨੀ ਖੰਨੀ ਰੋਟੀ (ਇਕ ਰੋਟੀ ਦਾ ਥੋੜਾ ਜਿਹਾ ਹਿੱਸਾ) ਖਾਣ ਵਾਸਤੇ ਦਿੱਤੀ ਜਾਂਦੀ। ਬੀਬੀਆਂ ਦੀਆਂ ਗੋਦੀਆਂ ਵਿਚੋਂ ਨੇਜ਼ਿਆ ਨਾਲ ਪ੍ਰੋਅ ਕੇ ਬੱਚਿਆਂ ਨੂੰ ਚੁੱਕਿਆ ਜਾਂਦਾ, ਬੱਚਿਆਂ ਦੇ ਦਿਲ ਮਾਤਵਾਂ ਦੇ ਮੂੰਹ 'ਚ ਪਾਏ ਜਾਂਦੇ, ਬੱਚਿਆਂ ਦੇ ਟੋਟੇ ਕਰਕੇ, ਉਨ੍ਹਾਂ ਦੀਆਂ ਆਂਦਰਾਂ ਨਾਲ ਹਾਰ ਬਣਾ ਕੇ ਮਾਵਾਂ ਦੇ ਗਲਾਂ 'ਚ ਪਾਏ ਜਾਂਦੇ। ਕਿੰਨੇ ਵਹਿਸ਼ੀ ਤੇ ਪੱਥਰ ਦਿਲ ਸਨ ਉਹ ਹਾਕਮ ਪਰ ਉਹ ਮਾਵਾਂ ਧੰਨ ਸਨ। ਕੋਈ ਰੋਣਾ ਨਹੀਂ, ਕੋਈ ਸਿਆਪਾ ਨਹੀਂ, ਕਿਸੇ ਵਿਰੁੱਧ ਸ਼ਿਕਵਾ ਨਹੀਂ ਸ਼ਾਂਤ ਚਿੱਤ ਪ੍ਰਭੂ ਦੇ ਭਾਣੇ 'ਚ ਰਹੀਆਂ। ਰੂਹਾਨੀਅਤ ਦੀ ਕਿੰਨੀ ਉੱਚੀ ਪਦਵੀ ਨੂੰ ਪਹੁੰਚੀਆਂ ਹੋਈਆਂ ਸਨ ਉਹ ਮਾਵਾਂ ਪ੍ਰਭੂ ਦੇ ਭਾਣੇ 'ਚ ਅਡੋਲ ਸਨ। ਪ੍ਰਭੂ ਦੇ ਭਾਣੇ ਵਿੱਚ ਰਹਿਣ ਦੀ ਅਜਿਹੀ







ਲਾਹੌਰ ਦੀ ਜੇਲ ਵਿੱਚ ਸਿੱਖ ਬੀਬੀਆਂ ਦੇ ਬੱਚਿਆਂ ਨੂੰ ਮੁਸਲਮਾਨ ਟੋਟੇ ਟੋਟੇ ਕਰਦੇ ਹੋਏ।

ਮਿਸਾਲ ਸੰਸਾਰ ਦੇ ਇਤਿਹਾਸ ਚੋਂ ਹੋਰ ਕਿਧਰਿਓਂ ਨਹੀਂ ਮਿਲਦੀ।

***ਸਿੱਖਿਆ:*** ਪਿਆਰੇ ਬੱਚਿਓ! ਸਾਨੂੰ ਵੀ ਪ੍ਰਭੂ ਦੇ ਹੁਕਮ, ਰਜ਼ਾ ਭਾਣੇ 'ਚ ਰਹਿਣਾ ਚਾਹੀਦਾ ਹੈ।

ਪ੍ਰਸ਼ਨ 1: ਭਾਣੇ ਤੋਂ ਕੀ ਭਾਵ ਹੈ?

ਪ੍ਰਸ਼ਨ 2: ਅਗਿਆਨੀ ਲੋਕ ਪ੍ਰਭੂ' ਤੇ ਭਰੋਸਾ ਛੱਡ ਕੇ ਕਿਸ ਕੋਲ ਜਾਂਦੇ ਹਨ?

ਪ੍ਰਸ਼ਨ 3: ਮੀਰ ਮੰਨੂੰ ਜੇਲ੍ਹ ਵਿੱਚ ਬੀਬੀਆਂ ਕੋਲੋਂ ਕੀ ਕੰਮ ਕਰਵਾਉਂਦਾ ਸੀ?

ਪ੍ਰਸ਼ਨ 4: ਬੱਚਿਆਂ ਦੇ ਟੋਟੇ ਕਰਕੇ ਹਾਰ ਪਰੋ ਕੇ ਕੀ ਕੀਤਾ ਜਾਂਦਾ ਸੀ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-150 ਸ਼ਬਦਾਂ ਵਿੱਚ ਦਿਉ।**

ਪ੍ਰਸ਼ਨ 1: ਸਿੱਖ ਬੀਬੀਆਂ ਨੇ ਮੀਰ ਮੰਨੂੰ ਦੀ ਜੇਲ੍ਹ ਵਿੱਚ ਭਾਣੇ ਨੂੰ ਕਿਵੇਂ ਮੰਨਿਆ?

ਪ੍ਰਸ਼ਨ 2: ਭਾਈ ਭਿਖਾਰੀ ਜੀ ਨੇ ਭਾਣੇ ਨੂੰ ਕਿਵੇਂ ਮਿੱਠਾ ਕਰਕੇ ਮੰਨਿਆ?

## ਸ਼ਾਂਤੀ

ਜਦੋਂ ਜ਼ੁਲਮ ਦੀ ਹੱਦ ਹੋ ਜਾਏ, ਜ਼ਾਲਮ ਨੈਤਿਕ ਗੁਣਾਂ ਨੂੰ ਤਿਲਾਂਜਲੀ ਦੇ ਕੇ ਘਟੀਆ ਹੱਥ ਕੰਡਿਆਂ ਤੇ ਉੱਤਰ ਆਏ, ਉਸਦੇ ਜ਼ੁਲਮ ਨੂੰ ਠੱਲ੍ਹ ਪਾਉਣ ਵਾਸਤੇ ਉਸ ਵਿਰੁੱਧ ਆਵਾਜ਼ ਉਠਾਉਣੀ, ਜ਼ਾਲਮ ਦਾ ਬਿਨ੍ਹਾਂ ਹਥਿਆਰਾਂ ਤੋਂ ਮੁਕਾਬਲਾ ਕਰਨਾ ਸ਼ਾਂਤਮਈ ਸੰਘਰਸ਼ ਹੁੰਦਾ ਹੈ। ਗੁਰੂ ਸਾਹਿਬਾਨ ਨੇ ਫ਼ੁਰਮਾਨ ਕੀਤਾ ਹੈ ਕਿ ਸ਼ਾਂਤੀ ਅਜਿਹਾ ਹਥਿਆਰ ਹੈ ਜਿਸ ਅੱਗੇ ਸਖਤੀ ਵਰਤਣ ਵਾਲਾ ਟਿਕ ਨਹੀਂ ਸਕਦਾ।

ਪਿਆਰੇ ਬੱਚਿਓ! ਸਿੱਖ ਧਰਮ ਦੇ ਸਿਧਾਂਤਾਂ ਅਨੁਸਾਰ ਸ਼ਾਂਤੀ ਤੋਂ ਬਗੈਰ ਤਾਕਤ ਆਦਮੀ ਨੂੰ ਜਾਬਰ ਅਤੇ ਬੇਰਹਿਮ ਬਣਾ ਦਿੰਦੀ ਹੈ। ਸਿੱਖ ਦੀ ਸ਼ਾਂਤੀ ਬੀਰ ਰਸ ਨਾਲ ਓਤ ਪੋਤ ਹੈ। ਸਿੱਖ ਹਮੇਸ਼ਾਂ ਜ਼ਾਲਮ ਦੇ ਜ਼ੁਲਮਾਂ ਨੂੰ ਸਹਿੰਦਾ ਹੋਇਆ, ਉਸ ਦਾ ਟਾਕਰਾ ਕਰਦਾ ਹੈ। ਸਿੱਖ ਦਾ ਸ਼ਾਂਤਮਈ ਸੰਘਰਸ਼ ਜ਼ਾਲਮ ਨੂੰ ਖਤਮ ਕਰਨ ਵਾਲਾ ਵਿਦਰੋਹ ਹੁੰਦਾ ਹੈ। ਜਿਸ ਨਾਲ ਜਨਤਾ ਵਿੱਚ ਵੀ ਜੋਸ਼ ਆ ਜਾਂਦਾ ਹੈ।

ਪਿਆਰੇ ਬੱਚਿਓ! ਪੰਚਮ ਪਾਤਸ਼ਾਹ ਜੀ ਦੀ ਸ਼ਹਾਦਤ ਸ਼ਾਂਤਮਈ ਸੰਘਰਸ਼ ਦੀ ਸਿਖਰ ਸੀ। ਸਿੱਖ ਧਰਮ ਦੀਨ ਦੁਖੀਆਂ ਦੀ ਹਾਲਤ' ਤੇ ਤਰਸ ਖਾ ਕੇ ਉਨ੍ਹਾਂ ਦੀ ਹਾਲਤ ਸੁਧਾਰਨ ਦੀ ਹਾਮੀ ਭਰਦਾ ਹੈ। ਅਗਿਆਨਤਾ ਦੇ ਹਨੇਰੇ ਵਿਚੋਂ ਕੱਢ ਕੇ ਇੱਕ ਪ੍ਰਭੂ ਦੇ ਲੜ ਲਾਉਂਦਾ ਹੈ। ਜਿਨ੍ਹਾਂ ਕਪਟੀਆਂ ਦਾ ਹਲਵਾ-ਮੰਡਾ ਮਨੁੱਖ ਨੂੰ ਅਗਿਆਨੀ ਰੱਖਣ ਨਾਲ ਹੀ ਚਲਦਾ ਹੋਵੇ ਉਹ ਚੁੱਪ ਕਿਵੇਂ ਬੈਠ ਸਕਦੇ ਸਨ। ਪੰਜਾਬ ਅੰਦਰ ਪੁਜਾਰੀਵਾਦ ਲੋਕਾਂ ਦੀ ਅਗਿਆਨਤਾ ਦਾ ਭਰਪੂਰ ਲਾਭ ਉਠਾ ਰਿਹਾ ਸੀ। ਸਖੀ ਸਰਵਰੀਏ ਵੀ ਲੋਕਾਂ ਨੂੰ ਪਾਖੰਡਵਾਦ ਦੇ ਹਨੇਰੇ ਖੂਹ 'ਚ ਸੁੱਟ ਰਹੇ ਸਨ। ਮਾਝੇ ਅੰਦਰ ਇਨ੍ਹਾਂ ਦਾ ਮੁਖੀ ਸੀ ਸ਼ੇਖਫੱਤਾ।

ਪਿਆਰੇ ਬੱਚਿਓ! ਪੰਚਮ ਪਾਤਿਸ਼ਾਹ ਸੱਚ ਦਾ ਢੰਡੋਰਾ ਦੇ ਕੇ ਲੋਕਾਂ ਨੂੰ ਨਿਰੋਆ ਗਿਆਨ ਦੇ ਰਹੇ ਸਨ। ਸਖੀ ਸਰਵਰੀਏ ਚੌਕੇ, ਪੁਜਾਰੀ ਵੀ ਤੜਫੇ ਗੁਰੂ ਜੀ ਖਿਲਾਫ ਹਾਕਮਾਂ ਤੱਕ ਪਹੁੰਚ ਕੀਤੀ। ਜਹਾਂਗੀਰ ਨੇ ਬਹਾਨਾ ਬਣਾ ਕੇ ਪੰਚਮ ਪਾਤਿਸ਼ਾਹ ਨੂੰ ਕੈਦੀ ਬਣਾ ਲਿਆ। ਬਹਾਨਾ ਬਣਾਇਆ ਕਿ ਗੁਰੂ ਜੀ ਨੇ ਬਾਗੀ ਸ਼ਹਿਜਾਦੇ ਖੁਸਰੋ ਨੂੰ ਮਦਦ ਦਿੱਤੀ ਹੈ। ਲਾਹੌਰ ਦੇ ਕਿਲ੍ਹੇ ਵਿੱਚ ਪੰਚਮ ਪਾਤਸ਼ਾਹ ਨੂੰ ਪਹਿਲੋਂ ਤੱਤੀ ਤੱਵੀ ਤੇ



ਸ੍ਰੀ ਗੁਰੂ ਅਰਜਨ ਸਾਹਿਬ ਜੀ ਤੱਤੀ ਤਵੀ ਤੇ ਬੈਠਦੇ ਹੋਏ।





ਬਿਠਾਕੇ ਸੀਸ ਉੱਤੇ ਗਰਮ ਰੇਤ ਪਾਈ। ਫਿਰ ਉਬਲਦੇ ਪਾਣੀ ਦੀ ਦੇਗ ਵਿੱਚ ਬਿਠਾ ਕੇ ਉਬਾਲਿਆ। ਫਿਰ ਉਬਲਦੇ ਪਾਣੀ ਵਿਚੋਂ ਕੱਢ ਕੇ ਗੁਰੂ ਜੀ ਨੂੰ ਰਾਵੀ ਦੇ ਬਰਫ ਸਮਾਨ ਠੰਢੇ ਪਾਣੀ ਵਿੱਚ ਡੋਬਿਆ ਗਿਆ। ਇਹ ਗੁਰੂ ਜੀ ਨੂੰ ਦਿੱਤਾ ਆਖਰੀ ਤਸੀਹਾ ਸੀ। ਗੁਰੂ ਜੀ ਜਬਰ ਦਾ ਮੁਕਾਬਲਾ ਸਬਰ ਸ਼ਾਂਤੀ ਨਾਲ ਕਰ ਰਹੇ ਸਨ। ਤੱਤੀ ਤਵੀ ਨੇ ਲੋਕਾਈ ਦੀਆਂ ਰਗਾਂ 'ਚ ਜੰਮ ਚੁੱਕੇ ਖ਼ੂਨ ਨੂੰ ਗਰਮਾ ਦਿੱਤਾ। ਉਨ੍ਹਾਂ ਤੋਂ ਅਗਲੇ ਗੁਰਗੱਦੀ ਦੇ ਵਾਰਿਸ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੌਮ ਨੂੰ ਸ਼ਸ਼ਤਰਧਾਰੀ ਹੋਣ ਦਾ ਆਦੇਸ਼ ਦਿੱਤਾ।

ਪਰ-ਸੁਆਰਥ ਵਾਸਤੇ, ਨਿਮਾਣਿਆਂ ਨਿਆਸਰਿਆਂ ਤੇ ਮਜ਼ਲੂਮਾਂ ਦੀ ਬਾਂਹ ਸਿੱਖ ਧਰਮ ਫੜ੍ਹਦਾ ਆਇਆ ਹੈ ਭਾਵੇਂ ਕੋਈ ਵੀ ਮੁੱਲ ਤਾਰਨਾ ਪਵੇ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮੇਂ ਹਿੰਦੁਸਤਾਨ ਦਾ ਬਾਦਸ਼ਾਹ ਔਰੰਗਜ਼ੇਬ, ਹਿੰਦੁਸਤਾਨ ਦੀ ਜਨਤਾ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਇਸ ਮਨੋਰਥ ਦੀ ਪੂਰਤੀ ਲਈ ਉਸਨੇ ਹਿੰਦੂਆਂ ਦੇ ਮੰਦਰ ਢਾਹੇ, ਮੂਰਤੀਆਂ ਤੋੜੀਆਂ ਠਾਕਰ ਦੁਆਰੇ ਅਤੇ ਪਾਠਸ਼ਾਲਾ ਭਰਿੱਸ਼ਟ ਕੀਤੀਆਂ। ਤਲਵਾਰ ਦੇ ਜ਼ੋਰ ਨਾਲ ਹਰ ਰੋਜ ਅਨੇਕਾਂ ਜਨੇਊ ਉਤਾਰੇ ਜਾਂਦੇ। ਔਰੰਗਜ਼ੇਬ ਦੇ ਜ਼ੁਲਮ ਸਾਹਮਣੇ ਡਟਣ ਦੀ ਕਿਸੇ ਨੇ ਹਿੰਮਤ ਨਾ ਕੀਤੀ। ਅਖੀਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਔਰੰਗਜ਼ੇਬ ਵਿਰੁੱਧ ਸ਼ਾਂਤਮਈ ਸੰਘਰਸ਼ ਵਿਢਿਆ। ਗੁਰੂ ਜੀ ਲੋਕਾਈ ਨੂੰ ਹੌਸਲਾ ਦੇ ਰਹੇ ਸਨ ਕਿ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਘਬਰਾਉਣਾ ਨਹੀਂ ਸਗੋਂ ਹਿੰਮਤ ਅਤੇ ਦਲੇਰੀ ਨਾਲ ਇਸ ਦਾ ਟਾਕਰਾ ਕਰਨਾ ਹੈ।

ਪਿਆਰੇ ਬੱਚਿਓ! ਉਸ ਸਮੇਂ ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਦੀ ਨੀਤੀ ਪੂਰੇ ਜੋਬਨ ਤੇ ਸੀ। ਔਰੰਗਜ਼ੇਬ ਦੀ ਇਸ ਨੀਤੀ ਤੋਂ ਤੰਗ ਆ ਕੇ ਕਸ਼ਮੀਰੀ ਪੰਡਤਾਂ ਦਾ ਇਕ ਵਫਦ ਗੁਰੂ ਜੀ ਪਾਸ ਸਹਾਇਤਾ ਵਾਸਤੇ ਫਰਿਆਦੀ ਹੋਇਆ। ਇਸ ਵਫਦ ਦੇ ਮੈਂਬਰ ਭਲੀ ਪ੍ਰਕਾਰ ਜਾਣਦੇ ਸਨ ਕਿ ਸਿੱਖ ਧਰਮ ਵਿੱਚ ਹੀ ਮੁਗਲਾਂ ਨਾਲ ਟਾਕਰਾ ਕਰਨ ਦੀ ਪੂਰੀ ਪੂਰੀ ਸਮੱਰਥਾ ਹੈ। ਗੁਰੂ ਜੀ ਨੇ ਬ੍ਹਾਮਣਾਂ ਦੀ ਫਰਿਆਦ ਸੁਣ ਕੇ ਬਚਨ ਕੀਤਾ ਔਰੰਗਜ਼ੇਬ ਨੂੰ ਉਸ ਦੀਆਂ ਵਧੀਕੀਆਂ ਤੇ ਸ਼ਰਮਸਾਰ ਕਰਨ ਅਤੇ ਲੋਕਾਈ ਨੂੰ ਗੂੜ੍ਹੀ ਨੀਂਦ 'ਚੋਂ ਉਠਾ ਕੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਵਾਸਤੇ ਇਕ ਕੁਰਬਾਨੀ ਦੀ ਲੋੜ ਹੈ। ਗੁਰੂ ਤੇਗ ਬਹਾਦਰ ਸਾਹਿਬ ਵਲੋਂ ਕਸ਼ਮੀਰੀ ਪੰਡਤਾਂ ਦਾ ਪੱਖ ਪੂਰਨ ਕਰਕੇ ਔਰੰਗਜ਼ੇਬ ਨੇ ਆਪਣੀ ਬੇਇਜ਼ਤੀ ਸਮਝੀ। ਗੁਰੂ ਜੀ ਨੂੰ ਕੈਦ ਕਰਨ ਦਾ ਹੁਕਮ ਹੋ ਗਿਆ। ਗੁਰੂ ਜੀ ਆਪਣੇ ਮੋਢੀ ਸਿੱਖਾਂ ਨਾਲ ਦਿੱਲੀ ਵੱਲ ਚਲ ਪਏ ਤਾਂ ਕਿ ਔਰੰਗਜ਼ੇਬ ਦੀ ਮਰ ਚੁੱਕੀ ਜ਼ਮੀਰ ਨੂੰ ਝੰਜੋੜਿਆ ਜਾ ਸਕੇ।

ਪਿਆਰੇ ਬੱਚਿਓ! 12 ਜੁਲਾਈ 1675 ਈ ਨੂੰ ਮੁਗਲ ਫੌਜਾਂ ਨੇ ਗੁਰੂ ਜੀ ਨੂੰ, ਭਾਈ ਦਿਆਲਾ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਸਮੇਤ ਕੈਦ ਕਰ ਲਿਆ। ਗੁਰੂ ਜੀ ਨੂੰ ਲੋਹੇ ਦੇ ਪਿੰਜਰੇ 'ਚ ਬੰਦ ਕਰਕੇ ਕਈ ਤਸੀਹੇ ਦਿੰਦਿਆਂ ਦਿੱਲੀ ਪਹੁੰਚਾਇਆ।

ਔਰੰਗਜ਼ੇਬ ਨੇ ਗੁਰੂ ਜੀ ਨੂੰ ਇਸਲਾਮ ਜਾਂ ਮੌਤ ਕਬੂਲ ਕਰਨ ਲਈ ਕਿਹਾ। ਗੁਰੂ ਜੀ ਅਤੇ ਉਨ੍ਹਾਂ ਨਾਲ ਕੈਦ ਗੁਰਸਿੱਖਾਂ ਨੇ ਪਹਿਲੀ ਸ਼ਰਤ ਠੁੱਕਰਾ ਕੇ ਮੌਤ ਕਬੂਲ ਕੀਤੀ। ਭਾਈ ਮਤੀ ਦਾਸ ਨੂੰ ਲੱਕੜ ਦੀਆਂ ਦੋ ਗੇਲੀਆਂ ਵਿੱਚ ਬੰਨ੍ਹ ਕੇ ਆਰੇ ਨਾਲ ਚੀਰ ਕੇ ਦੋਫਾੜ ਕਰ ਦਿੱਤਾ। ਭਾਈ ਦਿਆਲਾ ਜੀ ਨੂੰ ਗਰਮ ਪਾਣੀ ਦੀ ਦੇਗ 'ਚ ਉਬਾਲ ਕੇ ਸ਼ਹੀਦ ਕਰ ਦਿੱਤਾ। ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਜਿਉਂਦਿਆਂ ਸਾੜ ਦਿੱਤਾ। ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿਰ ਧੜ ਨਾਲੋਂ ਅਲਗ ਕਰ ਦਿੱਤਾ।

ਪਿਆਰੇ ਬੱਚਿਓ! ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੁਨੀਆਂ ਭਰ ਦੇ ਇਤਿਹਾਸ ਵਿੱਚ ਅਦੁੱਤੀ ਬੇਮਿਸਾਲ ਕੁਰਬਾਨੀ ਹੈ। ਆਪ ਜੀ ਨੇ ਮਜ਼ਲੂਮਾਂ ਦੀ ਹਮਾਇਤ 'ਚ ਆਵਾਜ਼ ਉਠਾਈ। ਗੁਰੂ ਜੀ ਦੀ ਸ਼ਹੀਦੀ ਅਜਿਹੀ ਕੁਰਬਾਨੀ ਸੀ ਜੋ ਉਨ੍ਹਾਂ ਨੇ ਮੁੱਢਲੇ-ਮਨੁੱਖੀ ਹੱਕਾਂ ਦੀ ਰਾਖੀ ਲਈ ਆਪ ਸਹੇੜੀ ਸੀ। ਸ਼ਾਂਤਮਈ ਸੰਘਰਸ਼ ਦੀ ਐਸੀ ਮਿਸਾਲ ਹੋਰ ਕਿਤਿਓਂ ਨਹੀਂ ਮਿਲਦੀ। ਮੱਨੁਖੀ ਹੱਕਾਂ ਦੀ ਰਾਖੀ ਦੀ ਜੋ ਗੱਲ UNO 1948 ਵਿੱਚ ਕਰਦੀ ਹੈ ਉਸਦਾ ਮੁੱਢ ਗੁਰੂ ਜੀ ਨੇ ਸ਼ਹਾਦਤ ਦੇ ਕੇ 11 ਨਵੰਬਰ 1675 ਨੂੰ ਬੰਨਿਆ ਮੰਨਣਾ ਚਾਹੀਦਾ ਹੈ।

ਪ੍ਰਸ਼ਨ 1: ਸ਼ਾਂਤੀ ਤੋਂ ਬਿਨਾਂ ਬੀਰ ਰਸ ਆਦਮੀ ਨੂੰ ਕਿਹੋ ਜਿਹਾ ਬਣਾ ਦਿੰਦਾ ਹੈ?

ਪ੍ਰਸ਼ਨ 2: ਗੁਰੂ ਅਰਜਨ ਦੇਵ ਜੀ ਨੂੰ ਕਿਹੜੇ ਮੁਗਲ ਬਾਦਸ਼ਾਹ ਨੇ ਸ਼ਹੀਦ ਕਰਵਾਇਆ?

ਪ੍ਰਸ਼ਨ 3: ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਲਈ ਕਿਹੜੇ ਤਸੀਹੇ ਦਿੱਤੇ ਗਏ?

ਪ੍ਰਸ਼ਨ 4: ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਦੇ ਕਿਹੜੇ ਕਾਰਨ ਸਨ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਲਾਈਨਾਂ ਵਿੱਚ ਦਿਓ।**

ਪ੍ਰਸ਼ਨ 5: ਗੁਰੂ ਤੇਗ ਬਹਾਦਰ ਜੀ ਨੇ ਕਿਸ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ?

ਪ੍ਰਸ਼ਨ 6: ਸ਼ਾਂਤੀ ਤੋਂ ਕੀ ਭਾਵ ਹੈ?

ਪ੍ਰਸ਼ਨ 7: ਔਰੰਗਜ਼ੇਬ ਨੇ ਹਿੰਦੂਆਂ ਉੱਤੇ ਕੀ ਜ਼ੁਲਮ ਢਾਹੇ? 100-150 ਸ਼ਬਦਾਂ ਵਿੱਚ ਉੱਤਰ ਦਿਉ।

## ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ

ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਪ੍ਰਕਾਸ਼ 1 ਅਪ੍ਰੈਲ ਸੰਨ 1621ਈ:ਨੂੰ ਮਾਤਾ ਨਾਨਕੀ ਜੀ ਦੀ ਕੁੱਖੋਂ ਪਿਤਾ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਘਰ ਹੋਇਆ। ਆਪ ਗੁਰੂ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਆਪ ਬਚਪਨ ਤੋਂ ਹੀ ਦਲੇਰ, ਤੀਖਣ ਬੁੱਧੀ ਵਾਲੇ ਅਤੇ ਸਾਧੂ ਸੁਭਾਅ ਸਨ। ਜਿਸ ਸਦਕਾ ਆਪ ਪੜ੍ਹਾਈ ਅਤੇ ਸ਼ਸਤਰ ਵਿਦਿਆ





ਵਿੱਚ ਬਹੁਤ ਛੇਤੀ ਪ੍ਰਬੀਨ ਹੋ ਗਏ।

ਜਦ ਆਪ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਕਰਤਾਰਪੁਰ ਆ ਵਸੇ ਤਾਂ ਇਥੇ ਆਪ ਦਾ ਵਿਆਹ ਸੰਨ 1634ਈ ਵਿੱਚ ਜਲੰਧਰ ਨਿਵਾਸੀ ਸ੍ਰੀ ਲਾਲ ਚੰਦ ਦੀ ਸਪੁੱਤਰੀ ਮਾਤਾ ਗੁਜਰ ਕੌਰ ਜੀ ਨਾਲ ਹੋਇਆ। ਜਿਨ੍ਹਾਂ ਦੀ ਕੁਖੋਂ 22 ਦਸੰਬਰ 1666 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਕਾਸ਼ ਧਾਰਿਆ। ਇਸੇ ਹੀ ਸਾਲ ਜਦੋਂ ਕਰਤਾਰਪੁਰ ਸਾਹਿਬ ਵਿਖੇ ਪੈਂਦੇ ਖਾਂ ਨਾਲ ਚੌਥੀ ਜੰਗ ਹੋਈ ਤਾਂ ਆਪ ਨੇ ਤੇਗ ਦਾ ਬਹੁਤ ਕਮਾਲ ਵਿਖਾਇਆ। ਇਸੇ ਹੀ ਜੰਗ ਪਿਛੋਂ ਆਪ ਜੀ ਦਾ ਨਾਂ ਤਿਆਗ ਮੱਲ ਤੋਂ ਤੇਗ ਬਹਾਦੁਰ ਪ੍ਰਸਿੱਧ ਹੋਇਆ। ਇਸ ਜੰਗ ਮਗਰੋਂ ਪਿਤਾ ਜੀ ਦੀ ਆਗਿਆ ਅਨੁਸਾਰ ਆਪ ਆਪਣੇ ਮਹਿਲ ਸਮੇਤ ਨਾਨਕੇ ਪਿੰਡ 'ਬਕਾਲੇ' ਆ ਗਏ। ਗ੍ਰਹਿਸਤ ਨਿਭਾਉਣ ਦੇ ਨਾਲ ਨਾਲ ਭੋਰੇ ਵਿੱਚ ਬੈਠ ਜਿਆਦਾ ਸਮਾਂ ਪ੍ਰਭੂ ਭਗਤੀ ਵਿੱਚ ਬਤੀਤ ਕਰਨ ਲੱਗ ਪਏ।

30 ਮਾਰਚ, ਸੰਨ 1664 ਨੂੰ ਜਦੋਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ 'ਬਾਬਾ ਬਕਾਲੇ' ਹੋਣ ਦਾ ਇਸ਼ਾਰਾ ਦੇ ਕੇ ਜੋਤੀ-ਜੋਤਿ ਸਮਾ ਗਏ ਤਾਂ ਇਸ ਉਪਰੰਤ ਬਕਾਲੇ ਗੱਦੀ ਦੇ ਕਈ ਦਾਅਵੇਦਾਰ ਪੈਦਾ ਹੋ ਗਏ। ਧੀਰ ਮੱਲ ਸਭ ਦੇ ਮੋਹਰੀ ਸੀ। ਸੰਗਤ ਦੁਚਿੱਤੀ ਵਿੱਚ ਸੀ ਕਿ ਸੱਚਾ ਗੁਰੂ ਕਿਹੜਾ ਹੈ? ਅਖੀਰ ਗੁਰੂ ਕ੍ਰਿਪਾ ਸਦਕਾ ਇੱਕ ਸਿੱਖ ਜਿਸ ਦਾ ਨਾਂ 'ਮੱਖਣ ਸ਼ਾਹ' ਜੋ ਟਾਂਡਾ ਜਿਲ੍ਹਾ ਜਿਹਲਮ ਦਾ ਰਹਿਣ ਵਾਲਾ ਸੀ ਬਾਬੇ ਬਕਾਲੇ ਆਪਣਾ ਦਸਵੰਧ ਲੈ ਗੁਰ ਦਰਸ਼ਨਾਂ ਨੂੰ ਆਇਆ ਪਰ ਅੱਗੇ ਕਈ ਪਾਖੰਡੀ ਗੁਰੂ ਬਣੇ ਵੇਖੇ। ਦੁਚਿੱਤੀ ਵਿੱਚ ਪੈ ਸਭਨਾ ਅੱਗੇ ਦੋ-ਦੋ ਮੋਹਰਾਂ ਰੱਖ ਪਰਖ ਲਿਆ ਕਿ ਸਾਰੇ ਝੂਠੇ ਗੁਰੂ ਬਣੇ ਬੈਠੇ ਹਨ। ਅਖੀਰ 'ਮੱਖਣਸ਼ਾਹ' ਗੁਰੂ ਤੇਗ ਬਹਾਦੁਰ ਸਾਹਿਬ ਦੇ ਪਾਸ ਪੁੱਜ ਗਿਆ ਤੇ ਦੋ ਮੋਹਰਾਂ ਰੱਖ ਨਮਸਕਾਰ ਕੀਤੀ, ਪਰ ਦਿਲਾਂ ਦੀਆਂ ਜਾਨਣ ਵਾਲੇ ਸਮੱਰਥ ਗੁਰੂ ਨੇ ਪੰਜ ਸੌ ਮੋਹਰਾਂ (ਜੋ ਉਸ ਨੇ ਅਰਦਾਸ ਵੇਲੇ ਸੁਖੀਆਂ ਸਨ) ਦੇਣ ਬਾਰੇ ਆਖਿਆ। ਮੱਖਣ ਸ਼ਾਹ ਅਨੰਦ-ਪ੍ਰਸੰਨ ਕੋਠੇ ਚੜ੍ਹ ਹੋਕਾ ਦੇਣ ਲੱਗਾ, "ਗੁਰੂ ਲਾਧੋ ਰੇ! ਗੁਰੂ ਲਾਧੋ ਰੇ!!" ਕਿਉਂ ਕਿ ਉਸ ਨੂੰ ਸੱਚਾ ਗੁਰੂ ਲੱਭ ਪਿਆ ਸੀ।

'ਧੀਰ ਮੱਲ' ਸੱਚੇ ਗੁਰੂ ਦੇ ਪ੍ਰਗਟ ਹੋਣ ਤੇ ਬਹੁਤ ਔਖਾ ਸੀ ਕਿਉਂਕਿ ਉਸ ਦੀ ਝੂਠ ਦੀ ਦੁਕਾਨਦਾਰੀ ਬੰਦ ਹੋਣ ਵਾਲੀ ਸੀ, ਉਹ ਇਹ ਨਹੀਂ ਸੀ ਸਹਾਰ ਸਕਦਾ। ਇਸ ਲਈ ਉਸ ਨੇ ਸ਼ੀਹੇਂ ਮਸੰਦ ਨੂੰ ਲਾਲਚ ਦੇ ਗੁਰੂ ਸਾਹਿਬ ਉੱਪਰ ਗੋਲੀ ਚਲਵਾ ਦਿੱਤੀ, ਪਰ ਵਾਹਿਗੁਰੂ ਦੀ ਕ੍ਰਿਪਾ ਸਦਕਾ ਗੁਰੂ ਜੀ ਦਾ ਵਾਲ ਵੀ ਵਿੰਗਾ ਨਹੀਂ ਹੋਇਆ। ਸ਼ੀਹਾਂ ਸਾਰਾ ਸਮਾਨ ਲੁੱਟ ਧੀਰ ਮੱਲ ਸਮੇਤ ਕਰਤਾਰਪੁਰ ਚਲਾ ਗਿਆ।


ਪਤਾ ਲੱਗਣ ਤੇ ਮੱਖਣ ਸ਼ਾਹ 'ਧੀਰ ਮੱਲ' ਦੇ ਸਾਥੀਆਂ ਤੇ ਜਾ ਪਿਆ ਅਤੇ ਲੁੱਟਿਆ ਸਮਾਨ ਤੇ 'ਆਦਿ ਬੀੜ' ਵਾਪਸ ਲੈ ਆਇਆ, ਪਰ ਗੁਰੂ ਜੀ ਨੇ 'ਧੀਰ ਮੱਲ' ਦੀ ਗਲਤੀ ਨਜ਼ਰ ਅੰਦਾਜ ਕਰਦਿਆਂ ਸਮਾਨ 'ਆਦਿ ਬੀੜ' ਸਮੇਤ ਵਾਪਸ

ਕਰ ਦਿੱਤਾ। ਗੁਰੂ ਤੇਗ ਬਹਾਦੁਰ ਜੀ ਨਿਮਰਤਾ ਦੇ ਪੁੰਜ ਸਨ।

ਗੁਰੂ ਸਾਹਿਬ 1665 ਵਿੱਚ ਮੱਖਣ ਸ਼ਾਹ ਨੂੰ ਨਾਲ ਲੈ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਗਏ, ਤਾਂ ਅਗੋਂ ਪੁਜਾਰੀਆਂ ਨੇ ਦਰਵਾਜ਼ੇ ਬੰਦ ਕਰ ਲਏ। ਉਹ ਸੋਚਦੇ ਸਨ ਕਿ ਜੇ ਗੁਰੂ ਸਾਹਿਬ ਇਥੇ ਟਿੱਕ ਗਏ ਤਾਂ ਸਾਡੀ ਰੋਜ਼ੀ ਬੰਦ ਹੋ ਜਾਵੇਗੀ। ਬਾਹਰੋਂ ਹੀ ਨਮਸਕਾਰ ਕਰ ਆਪ ਪਿੰਡ ਵੱਲ ਨੂੰ ਚੱਲ ਪਏ। ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਬਕਾਲੇ ਅਤੇ ਫਿਰ ਕਰਤਾਰਪੁਰ ਦੇ ਰਸਤੇ ਕੀਰਤਪੁਰ ਪੁੱਜੇ। ਇਥੇ ਕਹਿਲੂਰ ਦੇ ਰਾਜੇ ਦੀਪ ਚੰਦ ਪਾਸੋਂ ਮਾਖੋਵਾਲ ਦੀ ਜ਼ਮੀਨ ਮੁੱਲ ਲੈ ਅਕਤੂਬਰ 1665 ਵਿੱਚ ਨਗਰ ਅਨੰਦਪੁਰ ਸਾਹਿਬ ਵਸਾਇਆ। ਜਿਸ ਦਾ ਪਹਿਲਾ ਨਾਂ ਚੱਕ ਨਾਨਕੀ ਸੀ।

ਇਸ ਸਮੇਂ ਔਰੰਗਜ਼ੇਬ ਹਿੰਦੂਆਂ ਉੱਪਰ ਬਹੁਤ ਸਖਤੀ ਕਰ ਰਿਹਾ ਸੀ। ਗੁਰੂ ਜੀ ਆਪਣੇ ਪਰਿਵਾਰ ਸਮੇਤ ਪੂਰਬ ਦੇਸ ਵੱਲ ਹਿੰਦੂ ਜਨਤਾ ਨੂੰ ਢਾਰਸ ਦੇਣ ਅਤੇ ਸਿੱਖੀ ਪ੍ਰਚਾਰ ਲਈ ਚੱਲ ਪਏ।

ਆਨੰਦਪੁਰ ਤੋਂ ਰੋਪੜ, ਮੁਲੇਵਾਲ ਆਦਿ ਥਾਵਾਂ ਤੇ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਆਪ ਜੀ ਨੇ ਨਗਰ ਵਿੱਚ ਦਸਵੰਧ ਦੀ ਰਕਮ ਖਰਚ ਕਰ ਬਹੁਤ ਸਾਰੇ ਖੂਹ, ਬਾਉਲੀਆਂ ਆਦਿ ਬਣਵਾਈਆ। ਜਦੋਂ ਆਪ ਧਮਧਾਣ ਨਗਰ ਪਹੁੰਚੇ ਤਾਂ ਇਥੇ ਭਾਈ ਰਾਮ ਦੇਵ ਨੂੰ ਸੰਗਤਾਂ ਦੀ ਜਲ ਨਾਲ ਸੇਵਾ ਕਰਨ ਕਰਕੇ 'ਭਾਈ ਮੀਹਾਂ' ਦਾ ਨਾਮ ਦਿੱਤਾ।



ਗੁਰੂ ਤੇਗ ਬਹਾਦਰ ਜੀ ਹਿੰਦੂ ਧਰਮ ਨੂੰ ਬਚਾਉਣ ਦੀ ਖਾਤਰ ਆਪਣੇ ਸੀਸ ਦਾ ਬਲੀਦਾਨ ਦਿੰਦੇ ਹੋਏ।





ਕੁਰਕਸ਼ੇਤਰ, ਮਥਰਾ, ਆਗਰਾ, ਕਾਨਪੁਰ, ਕਾਂਸ਼ੀ ਆਦਿ ਹਿੰਦੂ ਤੀਰਥਾਂ' ਤੇ ਇੱਕਠੇ ਹੋਏ ਲੋਕਾਂ ਨੂੰ ਗੁਰਮਤਿ ਦ੍ਰਿੜ੍ਹ ਕਰਵਾਉਂਦੇ ਹੋਏ ਗਯਾ ਤੋਂ ਪਟਨੇ ਪਧਾਰੇ, ਜਿਥੇ ਬਾਅਦ ਵਿੱਚ ਮਾਤਾ ਗੁਜਰ ਕੌਰ ਜੀ ਦੀ ਕੁੱਖੋਂ 22 ਦਸੰਬਰ 1666 ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਟਨਾ ਵਿਖੇ ਹੋਇਆ।

ਜਦੋਂ ਆਪ ਪਟਨੇ ਤੋਂ ਰਾਜਮਹਲ, ਮਾਲਦਾ, ਮੁਰਸ਼ਿਦਾਬਾਦ ਆਦਿ ਥਾਵਾਂ ਤੋਂ ਹੁੰਦੇ ਹੋਏ ਢਾਕੇ ਤੋਂ ਅਸਾਮ ਪੁੱਜੇ ਤਾਂ ਆਪ ਜੀ ਨੇ ਇਥੇ ਰਾਜਾ ਰਾਮ ਸਿੰਘ ਅਤੇ ਅਹੋਮੀ ਕਬੀਲੇ ਦੇ ਸਰਦਾਰ ਰਾਜਾ ਚਕ੍ਰ ਧਵੱਜ ਨਾਲ ਸੰਧੀ ਜਾਂ ਸੁਲਾਹ ਕਰਵਾਈ। ਅਸਾਮ ਤੋਂ ਆਪ ਫਿਰ ਵਾਪਸ ਪੰਜਾਬ ਵੱਲ ਪਰਤ ਆਏ ਕਿਉਂ ਕਿ ਔਰੰਗਜ਼ੇਬ ਨੇ ਹਿੰਦੂਆਂ ਤੇ ਬਹੁਤ ਸਖਤੀ ਕਰਨੀ ਆਰੰਭ ਕਰ ਦਿੱਤੀ ਸੀ ਅਤੇ ਹਰ ਥਾਂ ਉਪਰੋਂ ਮੰਦਰ ਢਾਹ ਦੇਣ ਦਾ ਐਲਾਨ ਕਰ ਦਿੱਤਾ ਸੀ।

ਥੋੜਾ ਸਮਾਂ ਪਟਨੇ ਠਹਿਰੇ ਸਾਹਿਬਜ਼ਾਦੇ ਨੂੰ ਮਿਲ ਮੁੜ ਬਨਾਰਸ ਅਯੁੱਧਿਆ ਆਦਿ ਥਾਵਾਂ ਤੋਂ ਹੁੰਦੇ ਹੋਏ ਦੋ ਤਿੰਨ ਮਹੀਨਿਆਂ ਤਾਈਂ ਅਨੰਦਪੁਰ ਸਾਹਿਬ ਪਹੁੰਚ ਗਏ। ਕੁਝ ਸਮੇਂ ਬਾਅਦ ਪਰਿਵਾਰ ਨੂੰ ਵੀ ਪਟਨੇ ਤੋਂ ਅਨੰਦਪੁਰ ਸਾਹਿਬ ਸੱਦ ਲਿਆ।

ਜਦੋਂ ਕਸ਼ਮੀਰ ਵਿੱਚ ਸ਼ੇਰ ਅਫਗਾਨ ਖਾਂ ਨੇ ਔਰੰਗਜ਼ੇਬ ਦੇ ਹੁਕਮ ਤੇ ਤਲਵਾਰ ਦੇ ਜ਼ੋਰ ਨਾਲ ਕਸ਼ਮੀਰੀ ਪੰਡਿਤਾਂ ਨੂੰ ਜਬਰੀ ਮੁਸਲਮਾਨ ਬਣਾਉਣਾ ਆਰੰਭਿਆ ਤਾਂ ਕਸ਼ਮੀਰੀ ਪੰਡਿਤਾਂ ਨੇ ਆਨੰਦਪੁਰ ਸਾਹਿਬ ਗੁਰੂ ਜੀ ਕੋਲ ਆ ਫਰਯਾਦ ਕੀਤੀ। ਗੁਰੂ ਜੀ ਨੇ ਸ਼ਰਨ ਆਇਆ ਦੀ ਬਾਂਹ ਫੜੀ ਤੇ ਇਸ ਜ਼ੁਲਮ ਵਿਰੁੱਧ ਅਵਾਜ ਉਠਾ ਦਿੱਲੀ ਨੂੰ ਚੱਲ ਪਏ।

ਆਪ ਜੀ ਦੇ ਨਾਲ ਪੰਜ ਸਿੱਖ ਸਨ। (ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ ਅਤੇ ਭਾਈ ਜੈਤਾ ਜੀ) ਆਪ ਦਾ ਪ੍ਰਚਾਰ ਸੁਣ ਲੋਕਾਂ ਵਿੱਚ ਜਾਗ੍ਰਿਤੀ ਆ ਗਈ। ਲੋਕਾਂ ਵਿੱਚ ਜ਼ੁਲਮ ਵਿਰੁੱਧ ਲੜਣ ਦਾ ਬਲ ਤੇ ਉਤਸ਼ਾਹ ਭਰ ਆਇਆ। ਜਦੋਂ ਇਸ ਗੱਲ ਦਾ ਹਸਨ ਅਬਦਾਲ ਬੈਠੇ ਔਰੰਗਜ਼ੇਬ ਨੂੰ ਪਤਾ ਲੱਗਾ ਤਾਂ ਉਸ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਦਿੱਤਾ। ਗੁਰੂ ਜੀ ਨੂੰ ਗ੍ਰਿਫਤਾਰ ਕਰ ਦਿੱਲੀ ਲਿਆਂਦਾ ਗਿਆ।

ਗੁਰੂ ਤੇਗ ਬਹਾਦੁਰ ਜੀ ਨੂੰ ਪਹਿਲੀ ਗੱਲ ਇਹ ਕਹੀ ਗਈ ਕੇ ਉਹ ਇਸਲਾਮ ਕਬੂਲ ਕਰਨ ਜਾਂ ਫਿਰ ਕਰਾਮਾਤ ਵਿਖਾਉਣ ਨਹੀਂ ਤਾਂ ਸਿਰ ਦੇਣ ਲਈ ਤਿਆਰ ਰਹਿਣ।

ਗੁਰੂ ਜੀ ਨੇ ਕਿਹਾ, "ਧਰਮ ਤਾਂ ਅਸਾਂ ਤਿਆਗਣਾ ਨਹੀਂ, ਕਰਾਮਾਤ ਵਿਖਾਉਣੀ ਵਾਹਿਗੁਰੂ ਦੇ ਸੇਵਕਾਂ ਨੂੰ ਸੋਭਦਾ ਨਹੀਂ। ਅਸੀਂ ਸਿਰ ਦੇਣ ਵਾਸਤੇ ਤਿਆਰ ਹਾਂ।"

ਗੁਰੂ ਤੇਗ ਬਹਾਦੁਰ ਜੀ ਨੂੰ ਡਰਾਉਣ ਲਈ ਪਹਿਲਾਂ ਉਹਨਾਂ ਦੇ ਸਾਹਮਣੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਦੋ ਫਾੜ ਕਰ ਸ਼ਹੀਦ ਕੀਤਾ ਗਿਆ। ਫਿਰ ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲਿਆ ਗਿਆ ਉਪਰੰਤ ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਜੀਉਂਦਾ ਸਾੜ ਸ਼ਹੀਦ ਕੀਤਾ ਗਿਆ, ਪਰ ਗੁਰੂ ਜੀ ਰੱਤੀ ਭਰ ਵੀ

ਨਾ ਡੋਲੇ। ਅਖੀਰ ਗੁਰੂ ਜੀ ਨੂੰ ਵੀ 11 ਨਵੰਬਰ ਸੰਨ 1675 ਨੂੰ ਚਾਂਦਨੀ ਚੌਕ ਵਿੱਚ ਜਲਾਲ ਉਦ-ਦੀਨ ਸਮਾਣੇ ਵਾਲੇ ਜਲਾਦ ਨੇ ਤਲਵਾਰ ਨਾਲ ਗੁਰੂ ਜੀ ਦਾ ਸੀਸ, ਧੜ ਨਾਲੋਂ ਵੱਖ ਕਰ ਸ਼ਹੀਦ ਕਰ ਦਿੱਤਾ।

ਮਿੱਥੀ ਯੋਜਨਾ ਅਨੁਸਾਰ ਭਾਈ ਊਧਾ ਨੇ (ਜੋ ਮੁਸਲਮਾਨੀ ਭੇਸ ਵਿੱਚ ਸੀ) ਗੁਰੂ ਸਾਹਿਬ ਦਾ ਧੜ ਗੱਡੇ ਵਿੱਚ ਰੱਖ ਲਿਆ ਅਤੇ ਰਕਾਬ ਗੰਜ ਵਿਖੇ ਭਾਈ ਲੱਖੀ ਸ਼ਾਹ ਨੇ ਆਪਣੇ ਘਰ ਨੂੰ ਅੱਗ ਲਾ ਧੜ ਦਾ ਸਸਕਾਰ ਕੀਤਾ, ਜਿਥੇ ਅੱਜ ਕੱਲ ਗੁਰਦੁਆਰਾ 'ਰਕਾਬ ਗੰਜ' ਸੁਸ਼ੋਭਿਤ ਹੈ।

ਭਾਈ ਜੈਤਾ ਜੀ ਅਤੇ ਭਾਈ ਊਧਾ ਜੀ ਗੁਰੂ ਜੀ ਦਾ ਪਾਵਨ ਸੀਸ ਲੈ ਕੇ ਆਨੰਦਪੁਰ ਸਾਹਿਬ ਪਹੁੰਚ ਗਏ।

***ਬਾਣੀ***: ਗੁਰੂ ਤੇਗ ਬਹਾਦਰ ਜੀ ਦੇ ਲਿਖੇ ਹੋਏ 59 ਸ਼ਬਦ ਅਤੇ 57 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਸ਼ੋਭਿਤ ਹਨ। ਆਪ ਜੀ ਨੇ 15 ਰਾਗਾਂ ਵਿੱਚ ਬਾਣੀ ਉਚਾਰੀ। ਜੈਜਾਵੰਤੀ ਰਾਗ ਵਿੱਚ ਕੇਵਲ ਆਪ ਜੀ ਨੇ ਹੀ ਬਾਣੀ ਉਚਾਰੀ। ਆਪ ਜੀ ਦੀ ਸਾਰੀ ਬਾਣੀ ਅਕਾਲ ਪੁਰਖ ਦੇ ਵੈਰਾਗ ਵਿੱਚ ਉਚਾਰਨ ਕੀਤੀ ਹੋਈ ਹੈ।

ਪ੍ਰਸ਼ਨ 1: ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਕਦੋਂ ਹੋਇਆ?

ਪ੍ਰਸ਼ਨ 2: ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਾਤਾ ਪਿਤਾ ਜੀ ਦਾ ਕੀ ਨਾਮ ਸੀ?

ਪ੍ਰਸ਼ਨ 3: ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵਿਆਹ ਕਦੋਂ ਅਤੇ ਕਿੰਨ੍ਹਾਂ ਨਾਲ ਹੋਇਆ?

ਪ੍ਰਸ਼ਨ 4: ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਘਰ ਪੁੱਤਰ ਦਾ ਪ੍ਰਕਾਸ਼ ਕਦੋਂ ਹੋਇਆ ਤੇ ਉਹਨਾਂ ਦਾ ਕੀ ਨਾਂ ਸੀ?

ਪ੍ਰਸ਼ਨ 6: ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਕੌਣ ਈਰਖਾ ਕਰਦਾ ਸੀ?

ਪ੍ਰਸ਼ਨ 7: ਸ੍ਰੀ ਗੁਰੂ ਤੇਗ ਬਹਾਦਰ ਜੀ ਕਦੋਂ ਮੱਖਣ ਸ਼ਾਹ ਨਾਲ ਹਰਿਮੰਦਰ ਸਾਹਿਬ ਆਏ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਲਾਈਨਾਂ ਵਿੱਚ ਦਿਓ।**

ਪ੍ਰਸ਼ਨ 8: ਅਨੰਦਪੁਰ ਸਾਹਿਬ ਦਾ ਪਹਿਲਾ ਨਾਂ ਕੀ ਸੀ? ਤੇ ਇਹ ਕਦੋਂ ਵਸਾਇਆ?

ਪ੍ਰਸ਼ਨ 9: ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿੰਨੇ ਸ਼ਬਦ ਅਤੇ ਸਲੋਕ ਉਚਾਰਨ ਕੀਤੇ?

ਪ੍ਰਸ਼ਨ 10: ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਕਿੰਨੇ ਰਾਗਾਂ ਵਿੱਚ ਬਾਣੀ ਉਚਾਰਨ ਕੀਤੀ?

**ਹੇਠ ਲਿਖੇ ਪ੍ਰਸ਼ਨਾਂ ਦੇ 100-150 ਸ਼ਬਦਾਂ ਵਿੱਚ ਉੱਤਰ ਦਿਉ।**





ਪ੍ਰਸ਼ਨ 1: ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਿਸ ਨੇ ਲੱਭਿਆ? ਵਿਸਥਾਰ ਸਹਿਤ ਲਿਖੋ।

ਪ੍ਰਸ਼ਨ 2: ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਵਿਸਥਾਰ ਸਹਿਤ ਵਰਣਨ ਕਰੋ।



## ਗੁਰਦੁਆਰਾ ਸੀਸ ਗੰਜ ਦਿੱਲੀ

ਚਾਂਦਨੀ ਚੌਕ ਦਿੱਲੀ ਵਿੱਚ ਇਹ ਉਹ ਅਸਥਾਨ ਹੈ ਜਿਥੇ ਗੁਰੂ ਤੇਗ ਬਹਾਦਰ ਸਾਹਿਬ ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮ ਦਾ ਵਿਰੋਧ ਕਰਨ ਲਈ ਮਹਾਨ ਸ਼ਹਾਦਤ ਦਿੱਤੀ।

## ਮਾਤਾ ਭਾਗ ਕੌਰ ਜੀ

ਤਰਨ-ਤਾਰਨ ਦੇ ਨੇੜੇ ਝਬਾਲ ਪਿੰਡ ਹੈ। ਗੁਰੂ ਨਾਨਕ ਸਾਹਿਬ ਜੀ ਸੁਲਤਾਨਪੁਰ ਆਉਂਦਿਆ ਜਾਂਦਿਆ ਇਸੇ ਰਾਹ ਵਿਚੋਂ ਲੰਘਦਿਆਂ ਲੋਕਾਈ ਨੂੰ ਅਕਾਲ ਪੁਰਖ ਨਾਲ ਜੋੜਦੇ ਜਾਂਦੇ ਸਨ, ਇਸੇ ਲਈ ਇਥੇ ਸਿੱਖੀ ਦਾ ਬੀਜ ਬੀਜਿਆ ਗਿਆ ਸੀ। ਭਾਈ ਲੰਗਾਹ ਜੀ, ਜੋ 84 ਪਿੰਡਾਂ ਦੇ ਚੌਧਰੀ ਸਨ, ਇਥੋਂ ਦੇ ਰਹਿਣ ਵਾਲੇ ਸਨ। ਚੌਧਰੀ ਲੰਗਾਹ ਗੁਰਸਿੱਖਾਂ ਦੀ ਸੰਗਤ ਵਿੱਚ ਰਹਿਣ ਕਰਕੇ ਗੁਰੂ ਅਰਜਨ ਸਾਹਿਬ ਜੀ ਦੇ ਦਰਬਾਰ ਵਿੱਚ ਆਇਆ। ਗੁਰੂ ਸਾਹਿਬ ਜੀ ਦਾ ਪ੍ਰਤਾਪ ਵੇਖ ਕੇ ਉਹ ਗੁਰੂ ਸਾਹਿਬ ਦਾ ਸ਼ਰਧਾਲੂ ਸਿੱਖ ਬਣ ਗਿਆ।

ਗੁਰੂ ਅਰਜਨ ਸਾਹਿਬ ਜੀ ਸ਼ਹੀਦੀ ਸਮੇਂ, ਜੋ ਪੰਜ ਗੁਰਸਿੱਖ ਨਾਲ ਸਨ, ਉਹਨਾਂ ਵਿੱਚ ਭਾਈ ਲੰਗਾਹ ਜੀ ਵੀ ਨਾਲ ਲਾਹੌਰ ਗਏ ਸਨ। ਲੰਗਾਹ ਦਾ ਇਕ ਹੋਰ ਭਰਾ ਪੈਹਰੇ ਸ਼ਾਹ ਸੀ। ਇਸ ਦੇ ਪੁੱਤਰ ਦਾ ਨਾਮ ਮਾਲੋ ਸ਼ਾਹ ਸੀ। ਇਸ ਦੇ ਘਰ ਇਕ ਬੱਚੀ ਦਾ ਜਨਮ ਹੋਇਆ। ਜਿਸ ਦਾ ਨਾਮ ਸਿੱਖ ਇਤਿਹਾਸ ਵਿੱਚ ਮਾਈ ਭਾਗ ਕੌਰ ਕਰਕੇ ਪ੍ਰਸਿੱਧ ਹੈ।

ਮਾਈ ਭਾਗ ਕੌਰ ਆਪਣੇ ਪਿਤਾ ਨਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ ਵਿੱਚ ਜਾਣ ਕਰਕੇ ਗੁਰਸਿੱਖੀ ਦੇ ਵਿਚ ਬਹੁਤ ਪਰਪੱਕ ਸੀ। ਜਦੋਂ 1699 ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਚਰਨ ਪਾਹੁਲ ਨੂੰ ਖੰਡੇ ਦੀ ਪਾਹੁਲ ਵਿੱਚ ਤਬਦੀਲ ਕਰਕੇ ਖਾਲਸਾ ਪੰਥ ਸਾਜਿਆ ਤਾਂ ਮਾਈ ਭਾਗ ਕੌਰ ਦੇ ਪਰਿਵਾਰ ਵਿੱਚੋਂ ਬਹੁਤ ਸਾਰੇ ਜੀਅ ਅੰਮ੍ਰਿਤ ਛੱਕ ਕੇ ਵਾਪਸ ਆਏ ਸਨ। ਛੇਤੀ ਹੀ ਸਾਰੇ ਪਿੰਡਾਂ ਸ਼ਹਿਰਾਂ ਵਿੱਚ ਗੁਰੂ ਜੀ ਨੇ ਸਿੰਘਾਂ ਨੂੰ ਭੇਜ ਕੇ ਅੰਮ੍ਰਿਤ ਸੰਚਾਰ ਕਰਵਾਇਆ ਅਤੇ ਭਾਰੀ ਗਿਣਤੀ ਵਿੱਚ ਖਾਲਸਾ ਤਿਆਰ ਹੋ ਗਿਆ।

ਮਾਈ ਭਾਗ ਕੌਰ ਦੇ ਪਿੰਡ ਅਤੇ ਲਾਗਲੇ ਪਿੰਡਾਂ ਦੇ ਸਿੱਘ ਵੀ ਅਨੰਦਪੁਰ ਸਾਹਿਬ ਨੂੰ ਜਾਂਦੇ ਰਹਿੰਦੇ ਸਨ ਅਤੇ ਕਦੇ ਕਦਾਈਂ ਰਾਤ ਨੂੰ ਇਹਨਾਂ ਦੇ ਘਰ ਟਿਕ ਜਾਂਦੇ ਸਨ।

ਗੁਰੂ ਜੀ ਅਨੰਦਪੁਰ ਛੱਡ ਕੇ ਜਦੋਂ ਮਾਲਵੇ ਪੁੱਜੇ, ਉਦੋਂ ਤੱਕ ਚਮਕੌਰ ਸਾਹਿਬ ਦੇ ਸਾਕੇ ਅਤੇ ਸਰਹੰਦ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਦਰਦਨਾਕ ਸ਼ਹੀਦੀ ਦੀਆਂ ਖਬਰਾਂ ਸਾਰੇ ਪੰਜਾਬ ਵਿੱਚ ਫੈਲ ਚੁੱਕੀਆਂ ਸਨ।

ਇਸ ਸਮੇਂ ਇਸ ਮਰਦ ਮਾਈ ਤੋਂ ਸਤਿਗੁਰਾਂ ਲਈ ਸ਼ਰਧਾ ਤੇ ਪਿਆਰ ਦੇ ਜਜ਼ਬਾਤ ਸੰਭਾਲੇ ਨਾ ਗਏ ਅਤੇ ਬੀਰ ਰਸ ਨਾਲ ਖ਼ੂਨ ਉਬਾਲੇ ਖਾਣ ਲਗ ਪਿਆ। ਘਰਵਾਲੇ ਨੂੰ ਕਹਿਣ ਲੱਗੀ, "ਚਲੋਂ ਸਿੰਘ ਜੀ ਇਹ ਸਰੀਰ ਸਤਿਗੁਰਾਂ ਤੋਂ ਕੁਰਬਾਨ ਕਰੀਏ। ਉਂਝ ਵੀ ਤਾਂ ਕਿਸੇ ਦੁੱਖ ਨਾਲ ਮਰਨਾ ਹੀ ਹੈ।"

ਭਾਈ ਨਿਧਾਨ ਸਿੰਘ ਜੀ ਜੋ ਮਾਈ ਭਾਗ ਕੌਰ ਦੇ ਪਤੀ ਸਨ, ਆਖਣ ਲੱਗੇ, "ਹੁਣ ਤਾਂ ਹੱਦ ਹੋ ਗਈ ਹੈ। ਹੁਣ ਜਿਊਣਾ ਹਰਾਮ ਹੈ। ਇਸ ਜਿਊਣ ਦਾ ਕੋਈ ਹੱਕ ਨਹੀਂ।" ਮਾਈ ਭਾਗ ਕੌਰ ਇਹ ਸੁਣ ਕੇ ਉੱਠੀ ਤੇ ਘੋੜੇ ਤੇ ਚੜ੍ਹ ਕੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਹੋਕਾ ਦਿੱਤਾ, "ਚਲੋ ਜਿਸ ਕਿਸੇ ਨੇ ਸਤਿਗੁਰਾਂ ਤੋਂ ਜਾਨ ਵਾਰਨੀ ਹੈ।" ਇਸ ਤਰ੍ਹਾਂ ਪਿੰਡਾਂ ਵਿਚੋਂ ਸਿੱਖ ਤਿਆਰ ਹੋ ਗਏ ਜੋ ਝਬਾਲ ਆ ਇੱਕਠੇ ਹੋਏ।

ਖਾਲਸੇ ਦਾ ਇਹ ਵਹੀਰ ਸਤਿਗੁਰਾਂ ਪਾਸ ਜਾਣ ਨੂੰ ਤਿਆਰ-ਬਰ-ਤਿਆਰ ਹੋ ਗਿਆ। ਉਸ ਵਹੀਰ ਵਿੱਚ 40 ਮੁੱਖੀ ਸਿੱਖ ਸਨ। ਸਾਰੇ ਸਿੰਘ ਜੰਗੀ ਹਥਿਆਰਾਂ ਨਾਲ ਲੈਸ ਹੋ ਕੇ ਭਾਈ ਮਹਾਂ ਸਿੰਘ ਦੀ ਅਗਵਾਈ ਹੇਠ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਮਾਲਵੇ ਵਲ ਤੁਰ ਪਏ। ਕਿਹਾ ਜਾਂਦਾ ਹੈ ਕਿ ਇਹ ਸਿੱਖ ਔਖੇ ਸਮੇਂ ਵਿੱਚ ਅਨੰਦਪੁਰ ਸਾਹਿਬ ਗੁਰੂ ਜੀ ਨੂੰ ਬੇਦਾਵਾ ਦੇ ਕੇ ਉਨ੍ਹਾ ਦਾ ਸਾਥ ਛੱਡ ਗਏ ਸਨ। ਮਾਈ ਭਾਗੋ ਦੇ ਸਮਝਾਉਣ ਤੇ ਇਨ੍ਹਾਂ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ।

ਜਦ ਵਜ਼ੀਰ ਖਾਂ ਸੂਬਾ ਸਰਹੰਦ ਨੂੰ ਖਬਰ ਮਿਲੀ ਕਿ ਗੁਰੂ ਗੋਬਿੰਦ ਸਿੰਘ ਜੀ ਸਹੀ ਸਲਾਮਤ ਦੀਨੇ ਪਿੰਡ ਭਾਈ ਲਖਮੀਰਾ ਤੇ ਸ਼ਮੀਰਾ ਕੋਲ ਠਹਿਰੇ ਹੋਏ ਹਨ ਅਤੇ ਖਾਲਸਾ ਫੌਜ ਤਿਆਰ ਕਰ ਰਹੇ ਹਨ ਤਾਂ ਵਜ਼ੀਰ ਖਾਂ ਨੇ ਗੁਰੂ ਸਾਹਿਬ ਨੂੰ ਪਕੜਨ ਜਾਂ ਮਾਰਨ ਲਈ ਫੌਜ ਭੇਜੀ। ਸਰਹੰਦ ਤੋਂ ਫੌਜ ਚੜ੍ਹਨ ਦੀ ਖਬਰ ਗੁਰੂ ਜੀ ਨੂੰ ਦਿਨੇ ਮਿਲੀ। ਗੁਰੂ ਸਾਹਿਬ ਉਥੋਂ ਹੀ ਜੰਗ ਦੇ ਮੈਦਾਨ ਦੀ ਭਾਲ ਵਿੱਚ ਤੁਰ ਪਏ। ਗੁਰੂ ਸਾਹਿਬ ਖਿਦਰਾਣੇ ਦੀ ਢਾਬ (ਪਾਣੀ ਦਾ ਟੋਬਾ) ਕੋਲ ਪਹੁੰਚੇ। ਉਥੇ ਬੇਰੀਆਂ ਦਾ ਭਾਰੀ ਜੰਗਲ ਸੀ। ਸਿੰਘਾਂ ਨੇ ਵੱਡੇ ਵੱਡੇ ਚਾਦਰੇ ਪਾ ਕੇ ਬੇਰੀਆਂ ਨੂੰ ਢੱਕ ਦਿੱਤਾ ਤਾਂ ਜੋ ਦੂਰੋਂ ਸਿੰਘਾਂ ਦੇ ਤੰਬੂ ਹੋਣ ਦਾ ਅਹਿਸਾਸ ਸਰਹੰਦ ਦੀ ਫੌਜ ਨੂੰ ਹੋ ਸਕੇ। ਗੁਰੂ ਜੀ ਨੇ ਆਪਣੀਆਂ ਫੌਜਾਂ ਨੂੰ ਵੱਖ ਵੱਖ ਜਥੇਦਾਰਾਂ ਦੀ ਅਗਵਾਈ ਹੇਠ ਵੱਖ ਵੱਖ ਮੋਰਚਿਆਂ ਤੇ ਭੇਜ





ਦਿੱਤਾ।

ਗੁਰੂ ਜੀ ਆਪ ਟਿੱਬੀ ਦੇ ਉਪਰ ਬੈਠ ਗਏ। ਫੌਜ ਅਜੇ ਪਹੁੰਚੀ ਹੀ ਨਹੀਂ ਸੀ ਕਿ ਮਹਾਂ ਸਿੰਘ ਦੀ ਜਥੇਦਾਰੀ ਵਿੱਚ ਆਏ ਸਿੰਘਾਂ ਨਾਲ ਫੌਜਾਂ ਦੀ ਟੱਕਰ ਹੋ ਗਈ। ਘਮਸਾਨ ਦਾ ਯੁੱਧ ਹੋਇਆ। ਅੰਤ ਫ਼ਤਹਿ ਖਾਲਸੇ ਦੀ ਹੋਈ। ਸ਼ਾਮ ਢਲਣ ਤੱਕ ਸਰਹੰਦ ਦੀ ਫੌਜ ਮੈਦਾਨ ਛੱਡ ਕੇ ਭੱਜ ਗਈ। ਇਸ ਯੁੱਧ ਵਿੱਚ ਕਾਫੀ ਸਿੰਘਾਂ ਸਮੇਤ ਭਾਈ ਨਿਧਾਨ ਸਿੰਘ ਜੀ ਵੀ ਸ਼ਹੀਦੀ ਪਾ ਗਏ। ਉਹ 40 ਸਿੰਘ ਜਿਨ੍ਹਾਂ ਨੇ ਬੇਦਾਵਾ ਦਿੱਤਾ ਸੀ ਇਸ ਜੰਗ ਵਿੱਚ ਸ਼ਹੀਦ ਹੋ ਗਏ। ਭਾਈ ਮਹਾਂ ਸਿੰਘ ਦੀ ਬੇਨਤੀ ਤੇ ਗੁਰੂ ਜੀ ਨੇ ਬੇਦਾਵਾ ਪਾੜ ਦਿੱਤਾ। ਇਨਾਂ 40 ਸਿੰਘਾਂ ਨੂੰ 40 ਮੁਕਤੇ ਕਿਹਾ ਜਾਂਦਾ ਹੈ।

ਹੁਣ ਸਤਿਗੁਰੂ ਜੀ ਟਿੱਬੀ ਤੋਂ ਉਤਰ ਕੇ ਉਥੇ ਆ ਗਏ, ਜਿਥੇ ਸਿੰਘ ਜੂਝਦੇ ਹੋਏ ਸ਼ਹੀਦ ਹੋ ਗਏ ਸਨ। ਇਸ ਵੇਲੇ ਇਕ ਸਿੱਖ ਨੇ ਆਖਿਆ, "ਹੇ ਸੱਚੇ ਪਾਤਸ਼ਾਹ! ਇਕ ਮਾਈ ਨਾਲ ਹੀ ਜ਼ਖ਼ਮੀ ਪਈ ਹੈ ਅਤੇ ਮਾਈ ਨੇ ਮਰਦਾਵਾਂ ਭੇਸ ਧਾਰਨ ਕੀਤਾ ਹੋਇਆ ਹੈ, ਜੋ ਤੁਰਕਾਂ ਨਾਲ ਲੜਾਈ ਵਿੱਚ ਜ਼ਖਮੀ ਹੋਈ ਜਾਪਦੀ ਹੈ। ਮਾਈ ਨੂੰ ਜ਼ਖਮ ਕਾਫੀ ਸਨ ਉਹਨਾਂ ਨੂੰ ਮੱਲ੍ਹਮ ਪੱਟੀ ਕਰਕੇ ਜਲ ਪਿਲਾਇਆ ਗਿਆ। ਜੰਗ ਦਾ ਸਾਰਾ ਹਾਲ ਮਾਈ ਭਾਗ ਕੌਰ ਨੇ ਗੁਰੂ ਜੀ ਨੂੰ ਸੁਣਾਇਆ। ਅਗਲੇ ਦਿਨ ਗੁਰੂ ਜੀ ਨੇ ਸ਼ਹੀਦ ਸਿੰਘਾਂ ਦਾ ਸੰਸਕਾਰ ਕੀਤਾ ਤੇ ਉਸ ਜਗ੍ਹਾ ਦਾ ਨਾਮ ਮੁਕਤਸਰ ਰੱਖਿਆ।

ਮਾਈ ਭਾਗ ਕੌਰ ਗੁਰਸਿੱਖ ਵੀਰਾਂ-ਭੈਣਾਂ ਦੀ ਤਰ੍ਹਾਂ ਗੁਰੂ ਸਾਹਿਬ ਦੇ ਨਾਲ ਹੀ ਰਹੇ। ਮਾਈ ਭਾਗ ਕੌਰ ਆਪਣੇ ਰੰਗ ਵਿੱਚ ਬੇਪਰਵਾਹ ਵਿਚਰਦੇ ਸਨ। ਮਾਈ ਭਾਗ



ਮਾਤਾ ਭਾਗ ਕੌਰ ਸਿੰਘਾਂ ਸਮੇਤ ਮਾਲਵੇ ਵਲ ਵਧਦੇ ਹੋਏ।

ਕੌਰ ਦਮਦਮੇ ਗੁਰੂ ਸਾਹਿਬ ਦੇ ਨਾਲ ਹੀ ਰਹੇ। ਗੁਰੂ ਸਾਹਿਬ ਦੱਖਣ ਵੱਲ ਗਏ ਤਾਂ ਮਾਈ ਭਾਗ ਕੌਰ ਉਹਨਾਂ ਦੇ ਨਾਲ ਹੀ ਰਹੇ। ਬੰਦਾ ਸਿੰਘ ਬਹਾਦਰ ਦੀ ਤਿਆਰੀ ਸਮੇਂ ਆਪ ਉਥੇ ਹੀ ਸਨ।

ਹਜ਼ੂਰ ਸਾਹਿਬ ਗੁਰਦੁਆਰੇ ਦੇ ਲਾਗੇ ਮਾਈ ਭਾਗ ਕੌਰ ਦਾ ਬੁੰਗਾ (ਰਿਹਾਇਸ਼ ਸਥਾਨ) ਹੈ, ਜੋ ਹੁਣ ਤੱਕ ਮੌਜੂਦ ਹੈ। ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਮਾਈ ਭਾਗ ਕੌਰ ਬਿਦਰ ਚਲੇ ਗਏ ਸਨ। ਬਾਕੀ ਸਾਰਾ ਸਮਾਂ ਉਥੇ ਹੀ ਗੁਜਾਰਿਆ।

ਲੋੜ ਹੈ ਅੱਜ ਦੀਆਂ ਸਿੱਖ ਬੀਬੀਆਂ ਐਸੀ ਮਹਾਨ ਬੀਬੀ ਦੇ ਜੀਵਨ ਤੋਂ ਸੇਧ ਲੈ ਕੇ ਗੁਰੂ ਹੁਕਮ ਵਿੱਚ ਰਹਿ ਕੇ ਗੁਰੂ ਸਾਹਿਬ ਦੀ ਦਿੱਤੀ ਮਰਿਯਾਦਾ ਤੇ ਉਪਦੇਸ਼ਾਂ ਨੂੰ ਮੰਨ ਕੇ ਸਿੱਖੀ ਉੱਤੇ ਪਹਿਰਾ ਦੇਣ।

ਪ੍ਰਸ਼ਨ 1: ਭਾਈ ਲੰਗਾਹ ਜੀ ਕਿੰਨੇ ਪਿੰਡਾਂ ਦੇ ਚੌਧਰੀ ਸਨ?

ਪ੍ਰਸ਼ਨ 2: ਭਾਈ ਲੰਗਾਹ ਜੀ ਕਿਹੜੇ ਗੁਰੂ ਜੀ ਦੇ ਦਰਬਾਰ ਵਿੱਚ ਆਏ ਸਨ?

ਪ੍ਰਸ਼ਨ 3: ਸ਼ਹੀਦੀ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਭਾਈ ਲੰਗਾਹ ਜੀ ਕਿਥੇ ਗਏ ਸੀ?

ਪ੍ਰਸ਼ਨ 4: ਮਾਈ ਭਾਗ ਕੌਰ ਜੀ ਦੇ ਪਿਤਾ ਦਾ ਕੀ ਨਾਂ ਸੀ?

ਪ੍ਰਸ਼ਨ 5: ਮਾਈ ਭਾਗ ਕੌਰ ਜੀ ਦੇ ਪਤੀ ਦਾ ਕੀ ਨਾਂ ਸੀ?

ਪ੍ਰਸ਼ਨ 6: ਭਾਈ ਮਹਾਂ ਸਿੰਘ ਦੀ ਅਗਵਾਈ ਹੇਠ ਕਿੰਨੇ ਸਿੱਖ ਗੁਰੂ ਜੀ ਦੇ ਦਰਸ਼ਨਾਂ ਲਈ ਗਏ?

ਪ੍ਰਸ਼ਨ 7: ਸਰਹੰਦ ਦਾ ਸੂਬੇਦਾਰ ਕੌਣ ਸੀ?

ਪ੍ਰਸ਼ਨ 8: ਚਾਲੀ ਮੁਕਤਿਆਂ ਬਾਰੇ 3-4 ਲਾਈਨਾਂ ਲਿਖੋ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-150 ਸ਼ਬਦਾਂ ਵਿੱਚ ਦਿਉ।**

ਪ੍ਰਸ਼ਨ 1: ਖਿਦਰਾਣਾ ਦੀ ਢਾਬ ਤੇ ਹੋਈ ਲੜਾਈ ਦਾ ਹਾਲ ਲਿਖੋ?

ਪ੍ਰਸ਼ਨ 2: ਮਾਈ ਭਾਗ ਕੌਰ ਦੇ ਜੀਵਨ ਬਾਰੇ ਲਿਖੋ?

# ਭਗਤ ਸੈਣ ਜੀ

**ਸੁਣਿ ਪ੍ਰਤਾਪ ਕਬੀਰ ਦਾ ਦੂਜਾ ਸਿਖ ਹੋਆ ਸੈਣ ਨਾਈ॥** (ਵਾਰ ਭਾ: ਗੁ:)

ਮੈਕਾਲਿਫ ਅਨੁਸਾਰ: ਭਗਤ ਸੈਣ ਜੀ ਦੇ ਪਿਤਾ ਜੀ ਦਾ ਨਾਮ ਮੁਕੰਦ ਰਾਏ ਅਤੇ ਮਾਤਾ ਜੀ ਦਾ ਨਾਮ ਜੀਵਣ ਦੇਵੀ ਸੀ। ਦਸ ਕੁ ਸਾਲਾਂ ਦੇ ਹੋਏ ਤਾਂ ਆਪ ਆਪਣੀ ਭੂਆ ਸੋਭੀ ਦੇਵੀ ਪਾਸ ਲਾਹੌਰ ਚਲੇ ਗਏ, ਜਿਥੇ ਰਹੀਮ ਖਾਨ ਨਾਮੀ ਉਸਤਾਦ ਪਾਸੋ ਨਾਈਪੁਣੇ ਦਾ ਕੰਮ ਸਿਖਿਆ ਤੇ ਨਾਲ ਹੀ ਹਿਕਮਤ ਦਾ ਕੰਮ ਵੀ ਸਿੱਖਦੇ ਰਹੇ। ਕੁਝ ਸਮੇਂ ਬਾਅਦ ਬਾਧਵਗੜ੍ਹ ਦੇ ਰਾਜੇ ਪਾਸ ਆ ਨੌਕਰੀ ਕਰ ਲਈ। ਰਾਜੇ ਨੂੰ ਇਸ਼ਨਾਨ ਕਰਵਾਉਣ, ਨਹੁੰ ਕੱਟਣੇ, ਕੱਪੜੇ ਸੰਭਾਲਣੇ, ਮੁੱਠੀ-ਚਾਪੀ ਭਰਨੀ





ਆਪ ਦਾ ਮੁੱਖ ਕੰਮ ਸੀ।

ਆਪ ਜੀ ਭਗਤ ਕਬੀਰ ਜੀ ਦੀ ਪ੍ਰਭਤਾ ਹੇਠ ਪ੍ਰਭੂ ਭਗਤੀ ਵਿੱਚ ਲੀਨ ਰਹਿਣ ਲਗੇ। ਬਹੁਤਾ ਸਮਾਂ ਪ੍ਰਭੂ ਭਗਤੀ ਤੇ ਸਾਧੂਆਂ ਦੀ ਸੰਗਤ ਵਿੱਚ ਹੀ ਗੁਜਾਰਦੇ। ਜਿਸ ਸਦਕਾ ਆਪ ਜੀ ਦੀ ਆਤਮਿਕ ਅਵਸਥਾ ਦਿਨੋਂ ਦਿਨ ਉਚੇਰੀ ਹੁੰਦੀ ਗਈ। ਭਾਵੇਂ ਆਪ ਅਖੌਤੀ ਨੀਵੀਂ ਜਾਤ ਨਾਲ ਸਬੰਧ ਰਖਦੇ ਸਨ ਪਰ ਪ੍ਰਭੂ ਭਗਤੀ ਕਾਰਨ ਲੋਕਾਂ ਵਿੱਚ ਸਤਿਕਾਰੇ ਜਾਣ ਲੱਗੇ, ਘਰ-ਘਰ ਉਹਨਾਂ ਦੇ ਗੁਣ ਗਾਏ ਜਾਣ ਲਗੇ।

**ਜਿਸੁ ਨੀਚ ਕਉ ਕੋਈ ਨ ਜਾਨੈ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥** (੩੮੬)

ਇਕ ਦਿਨ ਆਪ ਪ੍ਰਭੂ ਭਗਤੀ ਵਿੱਚ ਇਤਨੇ ਲੀਨ ਹੋਏ ਕਿ ਰਾਜੇ ਪਾਸ ਸੇਵਾ ਲਈ ਨਾ ਅੱਪੜ ਸਕੇ। ਅਗਲੇ ਦਿਨ ਆਪ ਆਪਣੀ ਭੁੱਲ ਸਮਝਦੇ ਹੋਏ ਰਾਜੇ ਪਾਸ ਖਿਮਾਂ ਲਈ ਜਾ ਹਾਜ਼ਰ ਹੋਏ। ਰਾਜਾ ਤਾਂ ਅੱਗੇ ਤੋਂ ਵੀ ਵੱਧ ਖੁਸ਼ ਨਜ਼ਰ ਆ ਰਿਹਾ ਸੀ। ਖਿਮਾਂ ਮੰਗਣ ਤੇ ਰਾਜਾ ਕਹਿਣ ਲੱਗਾ, "ਭਗਤ ਜੀ ਆਪ ਕਿਸ ਗੱਲ ਦੀ ਖਿਮਾ ਮੰਗਦੇ ਹੋ, ਆਪ ਤਾਂ ਥੋੜੀ ਦੇਰ ਪਹਿਲਾਂ ਹੀ ਮੇਰੀ ਸੇਵਾ ਤੋਂ ਵਿਹਲੇ ਹੋ ਚਲੇ ਗਏ ਸੀ।" ਭਗਤ ਸੈਣ ਜੀ ਸਾਰੀ ਗੱਲ ਸਮਝਦੇ ਹੋਏ ਕਿ ਭਗਤ-ਵਛਲ ਪ੍ਰਭੂ ਆਪ ਹੀ ਮੇਰਾ ਰੂਪ ਧਾਰ ਰਾਜੇ ਦੀ ਸੇਵਾ ਟਹਿਲ ਕਰ ਗਏ ਹਨ। ਇਸ ਕੌਤਕ ਤੋਂ ਬਾਅਦ ਭਗਤ ਸੈਣ ਜੀ ਹੋਰ ਉਸ ਪ੍ਰਭੂ ਦੀ ਯਾਦ ਵਿੱਚ ਮਸਤ ਹੋਏ ਫਿਰਨ।

Grs ;D ihdhpKhouBkdk;wKJL1500 ਦੇ ਨੇੜੇ ਦਾ ਮੰਨਿਆ ਗਿਆ ਹੈ। ਭਗਤ ਸੈਣ ਜੀ ਦਾ ਕੇਵਲ ਇਕੋ ਇਕ ਸ਼ਬਦ ਧਨਾਸਰੀ ਰਾਗ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੁਸ਼ੋਭਿਤ ਹੈ:

**ਧੂਪ ਦੀਪ ਘ੍ਰਿਤ ਸਾਜਿ ਆਰਤੀ॥ ਵਾਰਨੇ ਜਾਉ ਕਮਲਾ ਪਤੀ॥੧॥**
**ਮੰਗਲਾ ਹਰਿ ਮੰਗਲਾ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ॥੧॥ ਰਹਾਉ॥**

ਪ੍ਰਸ਼ਨ 1: ਮੈਕਾਲਿਫ ਅਨੁਸਾਰ ਭਗਤ ਸੈਣ ਜੀ ਦੇ ਮਾਤਾ ਪਿਤਾ ਦਾ ਕੀ ਨਾਮ ਸੀ?

ਪ੍ਰਸ਼ਨ 2: ਭਗਤ ਸੈਣ ਜੀ ਕਿਹੜੇ ਭਗਤ ਜੀ ਦੀ ਪ੍ਰਭਤਾ ਹੇਠ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ ਸਨ?

ਪ੍ਰਸ਼ਨ 3: ਭਗਤ ਸੈਣ ਜੀ ਦੇ ਕਿੰਨੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ?

# ਭਗਤ ਭੀਖਨ ਜੀ

ਭਗਤ ਭੀਖਨ ਜੀ ਉਹਨ੍ਹਾਂ ਮਹਾਪੁਰਸ਼ਾਂ ਵਿੱਚ ਇਕ ਹਨ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਮੈਕਾਲਿਫ, ਭਗਤ ਜੀ ਨੂੰ ਸਾਦੀ ਸ਼ੁਦਾ ਮੁਸਲਮਾਨ

ਫਕੀਰ, ਜੋ ਨਾਕੋਰੀ ਨਗਰ ਦੇ ਰਹਿਣ ਵਾਲੇ ਸਨ ਅਤੇ ਇਸ ਦੀ ਮਿਤੂ ਅਕਬਰ ਦੇ ਸ਼ਾਸ਼ਨ ਕਾਲ ਵਿੱਚ ਹੋਈ ਮੰਨਦੇ ਹਨ। ਭਗਤ ਭੀਖਨ ਜੀ ਸੱਤ ਕਿਸਮ ਦੇ ਭਿੰਨ-ਭਿੰਨ ਤਰੀਕਿਆਂ ਨਾਲ ਕੁਰਾਨ ਦਾ ਪਾਠ ਕਰ ਸਕਦੇ ਸਨ। ਪ੍ਰੋ: ਸਾਹਿਬ ਸਿੰਘ ਵੀ ਭਗਤ ਭੀਖਨ ਜੀ ਨੂੰ ਅਕਬਰ ਦੇ ਰਾਜ ਕਾਲ ਦਾ ਦਸਦੇ ਹਨ ਅਤੇ ਉਹਨਾਂ ਦੇ ਚਲਾਣੇ ਦਾ ਸਾਲ 1568 ਦਸਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਬਾਣੀ ਵਿੱਚ ਭਗਤ ਭੀਖਨ ਜੀ ਦੇ ਰਾਗ ਸੋਰਠਿ ਵਿੱਚ ਦੋ ਪਦੇ ਦਰਜ ਹਨ। ਸ਼ਬਦਾਂ ਵਿੱਚ ਵੈਰਾਗ ਤੇ ਭਗਤੀ ਦੀ ਪ੍ਰਧਾਨਤਾ ਹੈ। ਗੁਰੂ ਅਰਜਨ ਸਾਹਿਬ ਜੀ ਨੇ ਜੋ ਬਾਣੀ ਗੁਰਮਤਿ ਦੀ ਕਸਵਟੀ ਤੇ ਪੂਰੀ ਉਤਰੀ ਉਹ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀ।

ਪ੍ਰਸ਼ਨ 1: ਭਗਤ ਭੀਖਨ ਜੀ ਕਿਸ ਦੇ ਰਾਜ ਕਾਲ ਵਿੱਚ ਹੋਏ?
ਪ੍ਰਸ਼ਨ 2: ਭਗਤ ਭੀਖਨ ਜੀ ਦੇ ਕਿੰਨੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ?
ਪ੍ਰਸ਼ਨ 3: ਭਗਤ ਭੀਖਨ ਜੀ ਕਿੰਨੇ ਤਰੀਕਿਆਂ ਨਾਲ ਕੁਰਾਨ ਦਾ ਪਾਠ ਕਰ ਸਕਦੇ ਸਨ?

# ਮਹਾਰਾਜਾ ਰਣਜੀਤ ਸਿੰਘ

***ਜਨਮ***: ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ ਸੰਨ 1780 ਨੂੰ ਮਾਤਾ ਰਾਜ ਕੌਰ ਅਤੇ ਪਿਤਾ ਸਰਦਾਰ ਮਹਾਂ ਸਿੰਘ ਦੇ ਘਰ ਹੋਇਆ। ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਨੇ ਪਹਿਲਾਂ ਇਹਨਾਂ ਦਾ ਨਾਂ ਬੁੱਧ ਸਿੰਘ ਰੱਖਿਆ ਸੀ ਪਰ ਬਾਅਦ ਵਿੱਚ ਪਿਤਾ ਜੀ ਨੇ ਇਕ ਜੰਗ ਜਿਤਣ ਦੇ ਕਾਰਨ ਆਪ ਦਾ ਨਾਂ ਬਦਲ ਕੇ ਰਣਜੀਤ ਸਿੰਘ ਰੱਖ ਦਿੱਤਾ। ਇਹੋ ਨਾਂ ਬਾਅਦ ਵਿੱਚ ਪ੍ਰਸਿੱਧ ਹੋਇਆ।

***ਵਿੱਦਿਆ***: ਸ੍ਰ. ਮਹਾਂ ਸਿੰਘ ਵਲੋਂ ਆਪ ਦੀ ਧਾਰਮਿਕ ਵਿਦਿਆ ਦੇ ਨਾਲ ਨਾਲ, ਘੋੜ ਸਵਾਰੀ ਸ਼ਸਤਰ ਵਿਦਿਆ ਦਾ ਵੀ ਯੋਗ ਪ੍ਰਬੰਧ ਕੀਤਾ ਗਿਆ। ਆਪ ਜੀ ਨੂੰ ਘੋੜ ਸਵਾਰੀ ਤੇ ਸ਼ਸਤਰ ਵਿਦਿਆ ਦਾ ਖਾਸ ਹੀ ਸ਼ੌਕ ਸੀ ਜਿਸ ਕਾਰਨ ਛੋਟੀ ਉਮਰੇ ਹੀ ਆਪਣੇ ਪਿਤਾ ਜੀ ਨਾਲ ਜੰਗਾਂ-ਯੁੱਧਾਂ ਵਿੱਚ ਹਿੱਸਾ ਲੈਣ ਲੱਗ ਪਏ ਸਨ। ਇਕ ਜੰਗ ਸਮੇਂ ਇਕ ਪਠਾਣ ਨੇ ਅਚਾਨਕ ਆਪ ਉਪਰ ਵਾਰ ਕਰ ਦਿੱਤਾ। ਆਪ ਨੇ ਉਸ ਦਾ ਵਾਰ ਫੁਰਤੀ ਨਾਲ ਰੋਕ ਕੇ ਆਪਣੀ ਤਲਵਾਰ ਨਾਲ ਉਸ ਉੱਤੇ ਅਜਿਹਾ ਵਾਰ ਕੀਤਾ ਕਿ ਉਹ ਧੜਮ ਕਰ ਜਮੀਨ ਤੇ ਜਾ ਡਿੱਗਾ। ਉਸ ਸਮੇਂ ਆਪ ਦੀ ਉਮਰ ਮਸਾਂ ਦਸ ਕੁ ਸਾਲ ਦੀ ਸੀ। ਇਕ ਯੁੱਧ ਸਮੇਂ ਸ੍ਰ. ਮਹਾਂ ਸਿੰਘ ਬਿਮਾਰ ਹੋ ਗਏ ਅਤੇ ਫੌਜ ਦੀ ਕਮਾਨ ਆਪਣੇ ਪੁੱਤਰ ਨੂੰ ਸੌਂਪ ਕੇ ਗੁਜਰਾਂ ਵਾਲੇ ਆ ਗਏ। ਸ੍ਰ. ਰਣਜੀਤ ਸਿੰਘ ਨੇ ਫੌਜ ਦੀ ਕਮਾਨ ਅਜਿਹੇ ਢੰਗ ਨਾਲ ਸੰਭਾਲੀ ਅਤੇ ਯੁੱਧ ਵਿੱਚ ਜਿੱਤ ਹਾਸਿਲ ਕੀਤੀ।


***ਮਿਸਲ ਦੀ ਸਰਦਾਰੀ***: ਪਿਤਾ ਸ੍ਰ. ਮਹਾਂ ਸਿੰਘ ਦੇ ਦੇਹਾਂਤ ਹੋਣ ਤੋਂ ਬਾਅਦ ਸ. ਰਣਜੀਤ ਸਿੰਘ 12 ਕੁ ਸਾਲ ਦੀ ਉਮਰ ਵਿੱਚ ਸ਼ੁੱਕਰਚੱਕੀਆ ਮਿਸਲ ਦੇ ਸਰਦਾਰ ਬਣੇ। ਛੋਟੀ ਉਮਰੇ ਆਪ ਸ੍ਰ. ਦਲ ਸਿੰਘ ਤੇ ਦੀਵਾਨ ਲਖਪਤ ਰਾਇ, ਇਨ੍ਹਾਂ





ਆਪਣੀ ਮਾਤਾ ਰਾਜ ਕੌਰ ਦੀ ਹਦਾਇਤ ਅਨੁਸਾਰ ਰਿਆਸਤ ਦਾ ਕੰਮ ਚਲਾਉਂਦੇ ਰਹੇ। ਦੀਵਾਨ ਲਖਪਤ ਰਾਇ ਅਤੇ ਮਾਈ ਰਾਜ ਕੌਰ ਦੇ ਚੜ੍ਹਾਈ ਕਰਨ ਤੋਂ ਬਾਅਦ ਰਾਜ ਦਾ ਸਾਰਾ ਕੰਮ ਆਪਣੇ ਹੱਥਾਂ ਵਿੱਚ ਲੈ ਲਿਆ। ਉਸ ਸਮੇਂ ਆਪ ਦੀ ਉਮਰ 18 ਕੁ ਸਾਲ ਦੀ ਸੀ।

***ਵਿਆਹ ਤੇ ਔਲਾਦ***: ਮਹਾਰਾਜਾ ਰਣਜੀਤ ਸਿੰਘ ਦਾ ਪਹਿਲਾ ਵਿਆਹ 1795 ਈ: ਵਿੱਚ ਕਨ੍ਹਈਆ ਮਿਸਲ ਦੇ ਸਰਦਾਰ ਜੈ ਸਿੰਘ ਜੀ ਪੋਤਰੀ ਮਤਾਬ ਕੌਰ ਨਾਲ ਬਟਾਲੇ ਵਿੱਚ ਹੋਇਆ। ਜਿਸ ਦੀ ਕੁੱਖੋਂ ਸ਼ੇਰ ਸਿੰਘ ਅਤੇ ਕੰਵਰ ਤਾਰਾ ਸਿੰਘ ਪੈਦਾ ਹੋਏ। ਮਹਾਰਾਜਾ ਰਣਜੀਤ ਸਿੰਘ ਜੀ ਦੀ ਸੱਸ ਰਾਣੀ ਸਦਾ ਕੌਰ (ਮਤਾਬ ਕੌਰ ਦੀ ਮਾਤਾ) ਬਹੁਤ ਸਿਆਣੀ ਇਸਤਰੀ ਸੀ। ਜਿਸ ਦੀ ਸਹਾਇਤਾ ਨਾਲ ਸ. ਰਣਜੀਤ ਸਿੰਘ ਨੇ ਬੜੀ ਤਰੱਕੀ ਕੀਤੀ। ਛੇਤੀ ਹੀ ਰਾਣੀ ਸਦਾ ਕੌਰ ਨੇ ਲਾਹੌਰ 'ਤੇ ਕਬਜਾ ਕਰ ਕੇ ਇਸ ਨੂੰ ਸਿੱਖ ਰਾਜ ਵਿੱਚ ਮਿਲਾ ਲਿਆ। ਅਹਿਮਦਸ਼ਾਹ ਅਬਦਾਲੀ ਦਾ ਪੁੱਤਰ ਸ਼ਾਹ ਜਮਾਨ ਸੰਨ 1783 ਵਿੱਚ ਕਾਬਲ ਦੇ ਤਖਤ 'ਤੇ ਬੈਠਾ। ਤਖਤ 'ਤੇ ਬੈਠਦਿਆਂ ਹੀ ਉਸਨੇ ਆਪਣੇ ਦਾਦੇ ਵਾਂਗ ਹਿੰਦੁਸਤਾਨ ਉੱਪਰ ਵਾਰੋ ਵਾਰੀ ਤਿੰਨ ਹਮਲੇ 1787, 1788 ਅਤੇ 1796 ਵਿੱਚ ਕੀਤੇ, ਪਰ ਖਾਲਸੇ ਦੀਆਂ ਫੌਜਾਂ ਤੋਂ ਹਾਰ ਖਾ ਕੇ ਭੱਜ ਗਿਆ। ਅੰਤ 1798 ਵਿੱਚ ਚੌਥੇ ਹਮਲੇ ਤੇ ਸ਼ਾਹ ਜਮਾਨ ਨੇ ਲਾਹੌਰ ਤੇ ਕਬਜਾ ਕਰ ਲਿਆ। ਸ. ਰਣਜੀਤ ਸਿੰਘ ਤੇ ਹੋਰ ਸਰਦਾਰਾਂ ਨੇ ਲਾਹੌਰ ਉਤੇ ਹਮਲਾ ਕਰ ਦਿੱਤਾ। ਸ਼ਾਹ ਜਮਾਨ ਡਰ ਕੇ ਕਿਲ੍ਹੇ ਅੰਦਰ ਜਾ ਬੈਠਾ ਤੇ ਖਾਲਸੇ ਨੇ ਚਾਰ ਚੁਫੇਰੇ ਨਾਕਾ ਬੰਦੀ ਕਰ ਲਈ। ਸ਼ਾਹ ਜਮਾਨ ਬਾਹਰ ਨਿਕਲ ਕੇ ਖਾਲਸਾ ਫੌਜਾਂ ਦਾ ਟਾਕਰਾ ਕਰਨ ਦਾ ਹੌਸਲਾ ਨਾ ਕਰ ਸਕਿਆ ਮਹਾਰਾਜਾ ਰਣਜੀਤ ਸਿੰਘ ਨੇ ਤਿੰਨ ਵਾਰ ਕਿਲੇ ਵੱਲ ਜਾ


ਮਾਤਾ ਸਦਾ ਕੌਰ ਲਾਹੌਰ ਦੇ ਕਿਲ੍ਹੇ ਤੋਂ ਬਾਹਰ ਦੁਸ਼ਮਣਾਂ ਨੂੰ ਲਲਕਾਰਦੀ ਹੋਈ।

ਬੰਦੂਕਾਂ ਚਲਾਈਆਂ ਤੇ ਲਲਕਾਰਾ ਮਾਰਿਆ, "ਅਹਿਮਦ ਸ਼ਾਹ ਦੇ ਪੋਤਰਿਆ ਸਰਦਾਰ ਚੜ੍ਹਤ ਸਿੰਘ ਦਾ ਪੋਤਰਾ ਤੈਨੂੰ ਮਿਲਣ ਆਇਆ ਹੈ, ਜੇ ਹਿੰਮਤ ਹੈ ਤਾਂ ਬਾਹਰ ਨਿਕਲ।

ਪਰ ਸ਼ਾਹ ਜਮਾਨ ਅਗੋਂ ਕੁਸਕਿਆ ਵੀ ਨਾ। ਮਗਰੋਂ ਛੇਤੀ ਹੀ ਉਹ ਤੰਗ ਆ ਕੇ ਕਾਬਲ ਨੂੰ ਮੁੜ ਗਿਆ।

***ਲਾਹੌਰ ਤੇ ਕਬਜਾ***: ਸ਼ਾਹ ਜਮਾਨ ਦੇ ਵਾਪਸ ਜਾਣ ਤੋਂ ਬਾਅਦ ਭੰਗੀ ਮਿਸਲ ਦੇ ਸਰਦਾਰਾਂ ਨੇ ਫਿਰ ਲਾਹੌਰ ਤੇ ਕਬਜਾ ਕਰ ਲਿਆ। ਇਹ ਤਿੰਨੇ ਸਰਦਾਰ ਸਾਹਿਬ ਸਿੰਘ, ਚੇਤ ਸਿੰਘ ਤੇ ਮੋਹਰ ਸਿੰਘ ਆਪੋ ਵਿੱਚ ਲੜਦੇ ਰਹਿੰਦੇ ਸਨ। ਜਿਸ ਕਰਕੇ ਪਰਜਾ ਬੜੀ ਔਖੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸੱਸ ਸਦਾ ਕੌਰ ਨਾਲ ਮਿਲਕੇ ਲਾਹੌਰ ਤੇ ਕਬਜਾ ਕੀਤਾ।

ਰਣਜੀਤ ਸਿੰਘ ਦਾ ਤੇਜ ਪ੍ਰਤਾਪ ਵੱਧਦਾ ਵੇਖ ਅੰਗਰੇਜ਼ਾਂ ਨੇ ਆਪਣੇ ਦੂਤ ਯੂਸਫ ਅਲੀ ਖਾਂ ਨੂੰ ਤੋਹਫੇ ਅਤੇ ਸੁਗਾਤਾਂ ਦੇ ਕੇ ਲਾਹੌਰ ਭੇਜਿਆ।

***ਸਾਂਝਾ ਪੰਜਾਬੀ ਰਾਜ***: 13 ਅਪਰੈਲ ਸੰਨ 1801 ਨੂੰ ਸ. ਰਣਜੀਤ ਸਿੰਘ ਸਿੱਖ ਧਰਮ ਦੀ ਮਰਿਯਾਦਾ ਅਨੁਸਾਰ ਅਰਦਾਸਾ ਸੋਧ ਸ਼ਾਹੀ ਤਖਤ 'ਤੇ ਬੈਠਾ ਅਤੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਸਿੱਕੇ ਬਣਵਾਏ। ਪਹਿਲੇ ਦਿਨ ਜਿੰਨੇ ਵੀ ਸਿੱਕੇ ਢਾਲੇ ਗਏ ਸਾਰੇ ਦੇ ਸਾਰੇ ਗਰੀਬਾਂ ਵਿੱਚ ਵੰਡ ਦਿੱਤੇ ਗਏ। ਮਹਾਰਾਜੇ ਨੇ ਸ਼ਹਿਰ ਅਤੇ ਇਲਾਕੇ ਦੇ ਪ੍ਰਬੰਧ ਵੱਲ ਖਾਸ ਧਿਆਨ ਦਿੰਦਿਆ ਰਾਜ ਪ੍ਰਬੰਧ ਦੇ ਮਾਮਲੇ ਵਿੱਚ ਯੋਗਤਾ ਅਨੁਸਾਰ, ਸਿੱਖਾਂ, ਮੁਸਲਮਾਨਾਂ ਤੇ ਹਿੰਦੂਆਂ ਸਭ ਨੂੰ ਹਿੱਸਾ ਦਿੱਤਾ। ਇਸ ਤਰ੍ਹਾਂ ਮਹਾਰਾਜੇ ਨੇ ਪੰਜਾਬੀਆਂ ਦਾ ਸਾਂਝਾ ਰਾਜ ਕਾਇਮ ਕੀਤਾ।

***ਏਕਤਾ ਲਈ ਯਤਨ***: ਆਪਣੇ ਆਦਰਸ਼ ਦੀ ਪੂਰਤੀ ਲਈ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਉਹਨਾਂ ਛੋਟੇ ਮੋਟੇ ਥਾਵਾਂ ਤੇ ਕਬਜਾ ਕੀਤਾ ਜਿਹੜੇ ਸਰਦਾਰਾਂ ਜਾਂ ਮੁਸਲਮਾਨਾਂ ਦੇ ਕਬਜੇ ਹੇਠ ਸਨ। ਕਬਜ਼ਾ ਕਰ ਸਾਰੇ ਮਿਸਲਦਾਰਾਂ ਨੂੰ ਜਗੀਰਾਂ ਦਿੱਤੀਆਂ ਗਈਆਂ। ਇਸੇ ਪੂਰਤੀ ਲਈ ਆਪ ਨੇ 1802 ਈ ਵਿੱਚ ਅੰਮ੍ਰਿਤਸਰ ਉੱਤੇ ਕਬਜਾ ਕੀਤਾ। ਤਾਕਤਵਰ ਮਿਸਲਾਂ ਨਾਲ ਮਿੱਤਰਤਾ ਗੰਢੀ। ਇਸ ਪਿਛੋਂ ਮਹਾਰਾਜ ਨੇ ਕਸੂਰ ਅਤੇ ਮੁਲਤਾਨ ਦੇ ਇਲਾਕੇ ਫਤਹਿ ਕੀਤੇ।

ਅੰਗਰੇਜ਼ਾਂ ਨੇ ਮਹਾਰਾਜੇ ਦੀ ਤਾਕਤ ਦੇਖ ਕੇ 1809 ਵਿੱਚ ਉਸ ਨਾਲ ਅੰਮ੍ਰਿਤਸਰ ਦੀ ਸੰਧੀ ਕੀਤੀ। ਇਸ ਦੀਆਂ ਸ਼ਰਤਾਂ ਇਹ ਸਨ: ਅੰਗਰੇਜ਼ ਸਰਕਾਰ ਤੇ ਲਾਹੌਰ ਦਰਬਾਰ ਵਿੱਚ ਸਦਾ ਦੋਸਤੀ ਰਹੇਗੀ, ਅੰਗਰੇਜ਼ ਸਰਕਾਰ ਮਹਾਰਾਜਾ ਸਾਹਿਬ ਨੂੰ ਸਭ ਤੋਂ ਵੱਧ ਸਤਿਕਾਰ ਯੋਗ ਤਾਕਤਾਂ ਵਿੱਚ ਗਿਣੇਗੀ ਅਤੇ ਉਨ੍ਹਾਂ ਦੇ ਸਤਲੁਜ ਦੱਖਣ ਵੱਲ ਦੇ ਇਲਾਕਿਆਂ ਵਿੱਚ ਦਖਲ ਨਹੀਂ ਦੇਵੇਗੀ ਅਤੇ ਮਹਾਰਾਜਾ ਸਤਲੁਜੋਂ ਪਾਰ ਵੱਲ ਦੇ ਇਲਾਕਿਆਂ ਵਿੱਚ ਦਖਲ ਨਹੀਂ ਦੇਵੇਗਾ।





ਮਹਾਰਾਜੇ ਨੇ ਭਾਰਤ ਤੇ ਹਮਲਾ ਕਰਨ ਵਾਲੇ ਪਠਾਣਾਂ ਨੂੰ ਰੋਕਣ ਲਈ ਅਟਕ 'ਤੇ ਕਬਜਾ ਕਰ ਲਿਆ। ਇਸ ਪਿੱਛੋਂ ਸ੍ਰੀ ਨਗਰ ਦੇ ਹਾਕਮ ਨੇ ਵੀ ਮਹਾਰਾਜੇ ਦੀ ਈਨ ਮੰਨ ਲਈ।

ਅਜੀਮ ਖਾਨ ਨੇ ਸਿਖਾਂ ਵਿਰੁੱਧ ਜਹਾਦ ਦਾ ਐਲਾਨ ਕਰ ਦਿੱਤਾ। ਹਜ਼ਾਰਾਂ ਅਫਗਾਨ ਉਸ ਦੇ ਝੰਡੇ ਥੱਲੇ ਇੱਕਠੇ ਹੋ ਗਏ। ਨੌਸ਼ਹਿਰੇ ਵਿੱਚ 14 ਮਾਰਚ 1823 ਨੂੰ ਸਿੱਖ ਅਤੇ ਪਠਾਣ ਆਹਮੋ ਸਾਹਮਣੇ ਡੱਟ ਗਏ। ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਵੈਰੀ ਦਲ ਉੱਪਰ ਹੱਲਾ ਬੋਲਣ ਦਾ ਅਰਦਾਸਾ ਸੋਧਿਆ ਗਿਆ। ਫੌਜਾਂ ਅਗਾਂਹ ਨੂੰ ਵੱਧਣ ਲੱਗੀਆਂ ਹੀ ਸਨ ਕਿ ਸੂਹੀਏ ਨੇ ਆ ਖਬਰ ਦਿੱਤੀ ਕਿ ਵੈਰੀਆਂ ਦੀ ਮਦਦ ਲਈ ਬਹੁਤ ਸਾਰੀ ਫੌਜ ਤੇ 40 ਵੱਡੀਆਂ ਤੋਪਾਂ ਆ ਪੁੱਜੀਆਂ ਹਨ। ਮਹਾਰਾਜਾ ਨੇ ਆਪਣੀਆਂ ਤੋਪਾਂ ਪਹੁੰਚਣ ਤੱਕ ਹਮਲਾ ਰੋਕਣ ਲਈ ਹੁਕਮ ਕੀਤਾ ਪਰ ਅਕਾਲੀ ਫੂਲਾ ਸਿੰਘ ਜੀ ਨੇ ਕਿਹਾ ਕਿ ਅਸੀਂ ਅਰਦਾਸ ਕਰ ਚੁੱਕੇ ਹਾਂ ਅਸੀਂ ਤਾਂ ਪਿਛਾਂਹ ਨਹੀਂ ਹਟਣਾ। ਅਕਾਲੀ ਜੀ ਫੌਜ ਲੈ ਅਗਾਂਹ ਵਧੇ ਤੇ ਵੈਰੀਆਂ ਉੱਪਰ ਟੁੱਟ ਪਏ। ਮਗਰੇ ਹੀ ਮਹਾਰਾਜਾ ਨੇ ਵੀ ਫੌਜ ਨੂੰ ਹੱਲੇ ਦਾ ਹੁਕਮ ਦੇ ਦਿੱਤਾ। ਦੋਹੀਂ ਪਾਸੀਂ ਖੂਨੀ ਲੜਾਈ ਹੋਈ। ਅਕਾਲੀ ਜੀ ਨੇ ਰਣਤੱਤੇ ਵਿੱਚ ਹੱਥ ਵਿਖਾਉਂਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ। ਅਕਾਲੀ ਜੀ ਨੂੰ ਸ਼ਹੀਦ ਹੁੰਦੇ ਵੇਖ ਸਿੱਖ ਫੌਜ ਨੂੰ ਵਧੇਰੇ ਰੋਹ ਚੜ੍ਹਿਆ ਤੇ ਜੋਸ਼ ਆਇਆ। ਹੁਣ ਮੈਦਾਨ ਹੋਰ ਵੀ ਭਖ ਗਿਆ। ਅੰਤ ਨੂੰ ਪਠਾਣਾਂ ਨੂੰ ਰਣ ਛੱਡ ਕੇ ਭੱਜਣਾ ਪੈ ਗਿਆ। ਹਜ਼ਾਰਾਂ ਘੋੜੇ, ਊਠ, ਤੰਬੂ, ਤੋਪਾਂ ਅਤੇ ਹੋਰ ਫੌਜੀ ਸਮਾਨ ਖਾਲਸੇ ਦੇ ਹੱਥ ਲੱਗਾ।

ਆਪ 17 ਮਾਰਚ ਸੰਨ 1823 ਨੂੰ ਪਿਸ਼ੌਰ ਵਿੱਚ ਬੜੀ ਸੱਜ ਧੱਜ ਨਾਲ ਦਾਖਲ ਹੋਏ। ਆਪ ਜੀ ਦਾ ਬਹੁਤ ਆਦਰ ਸਤਿਕਾਰ ਨਾਲ ਸਵਾਗਤ ਕੀਤਾ ਗਿਆ।



ਮਹਾਰਾਜਾ ਰਣਜੀਤ ਸਿੰਘ ਪਰਜਾ ਦੀ ਸੇਵਾ ਵਿੱਚ।

***ਮਹਾਰਾਜੇ ਦਾ ਪਰਜਾ ਨਾਲ ਪਿਆਰ***: ਰਣਜੀਤ ਸਿੰਘ ਆਪਣੀ ਪਰਜਾ ਨਾਲ ਬਹੁਤ ਪਿਆਰ ਕਰਦਾ ਸੀ। ਮਹਾਰਾਜਾ ਅਕਸਰ ਭੇਸ ਬਦਲ ਕੇ ਪਰਜਾ ਵਿੱਚ ਵਿਚਰਦਾ। ਇੱਕ ਵਾਰੀ ਅਨਾਜ ਭੰਡਾਰ ਤੋਂ ਇੱਕ ਬਜੁਰਗ ਔਰਤ ਕੋਲੋਂ ਅਨਾਜ ਦੀ ਬੋਰੀ ਨਾ ਚੁੱਕੀ ਗਈ। ਮਹਾਰਾਜਾ ਆਪ ਚੁੱਕ ਕੇ ਉਸ ਦੇ ਘਰ ਛੱਡ ਕੇ ਆਏ।

ਮਹਾਰਾਜਾ ਇੱਕ ਦਿਨ ਆਪਣੇ ਕਿਲੇ ਵਿੱਚ ਟਹਿਲ ਰਿਹਾ ਸੀ। ਕਿਲੇ ਦੀ

ਦੀਵਾਰ ਦੇ ਲਾਗੇ ਬੇਰੀ ਦਾ ਦਰਖਤ ਸੀ। ਦਰਖਤ ਦੀਆਂ ਸ਼ਾਖਾਵਾਂ ਕਿਲੇ ਤੋਂ ਬਾਹਰ ਜਾਂਦੀਆਂ ਸਨ। ਬੇਰੀ ਦੇ ਬੇਰ ਪੱਕੇ ਹੋਏ ਸਨ। ਕਿਲੇ ਦੀ ਕੰਧ ਤੋਂ ਬਾਹਰ ਬੱਚੇ ਬੇਰਾਂ ਨੂੰ ਪੱਥਰ ਮਾਰ ਰਹੇ ਸਨ। ਅਚਾਨਕ ਇੱਕ ਪੱਥਰ ਮਹਾਰਾਜ ਜੀ ਨੂੰ ਆਕੇ ਵੱਜਾ ਸਿਪਾਹੀਆਂ ਨੇ ਬੱਚਿਆਂ ਨੂੰ ਫੜ ਲਿਆਂਦਾ ਬੱਚੇ ਮਹਾਰਾਜਾ ਦੇ ਸਾਹਮਣੇ ਡਰੇ ਹੋਏ ਖੜੇ ਸਨ। ਮਹਾਰਾਜਾ ਜੀ ਨੇ ਪਤਾ ਨਹੀਂ ਕੀ ਸਜਾਦੇਣੀ ਹੈ।

ਮਹਾਰਾਜਾ: ਤੁਸੀਂ ਬੇਰੀ ਨੂੰ ਪੱਥਰ ਕਿਉਂ ਮਾਰ ਰਹੇ ਸੋ।

ਬੱਚੇ: ਬੇਰੀ ਸਾਨੂੰ ਬੇਰ ਦਿੰਦੀ ਹੈ।

ਮਹਾਰਾਜਾ: ਬੱਚਿਓ ਜੇ ਬੇਰੀ ਪੱਥਰ ਮਾਰਨ ਤੇ ਬੇਰ ਦਿੰਦੀ ਹੈ ਤਾਂ ਮਹਾਰਾਜਾ ਪੱਥਰ ਮਾਰਨ ਤੇ ਸਜਾ ਨਹੀਂ ਮੋਹਰਾਂ ਦੇਵੇਗਾ। (ਸਿਪਾਹੀਆਂ ਨੂੰ ਕਿਹਾ) ਜਾਓ ਖਜਾਨੇ ਵਿੱਚੋਂ ਬੱਚਿਆਂ ਨੂੰ ਮੋਹਰਾਂ ਦਿਓ।

ਸਿਪਾਹੀਆਂ ਤੋਂ ਮੋਹਰਾਂ ਪ੍ਰਾਪਤ ਕਰਕੇ ਬੱਚੇ ਖੁਸ਼ ਹੋਏ ਅਤੇ ਮਹਾਰਾਜੇ ਦੀ ਦਿਆਲਤਾ ਤੇ ਪ੍ਰਸੰਨ ਹੋਏ।

ਮਹਾਰਾਜੇ ਦੀ ਪਰਜਾ ਨਾਲ ਪਿਆਰ ਦੇ ਚਰਚੇ ਸਾਰੇ ਸਿੱਖ ਰਾਜ ਵਿੱਚ ਸਨ। ਮਹਾਰਾਜੇ ਦੀ ਲੋਕੀ ਅਕਸਰ ਪਾਰਸ ਨਾਲ ਤੁਲਨਾ ਕਰਦੇ ਸਨ।

***ਮਹਾਰਾਜਾ ਤੇ ਅੰਗਰੇਜ਼ ਸਰਕਾਰ***: ਅੰਗਰੇਜ਼ ਮਹਾਰਾਜਾ ਨਾਲ ਦੋਸਤਾਨਾ ਸੰਬੰਧ ਕਾਇਮ ਰੱਖਣੇ ਚਾਹੁੰਦੇ ਸੀ। ਇਸੇ ਲਈ ਉਸਨੇ ਮਹਾਰਾਜਾ ਨਾਲ ਸੰਨ 1809 ਵਿੱਚ ਅੰਮ੍ਰਿਤਸਰ ਦਾ ਅਹਿਦਨਾਮਾ ਕੀਤਾ ਸੀ ਜਦ ਜਨਵਰੀ 1812 ਵਿੱਚ ਕੰਵਰ ਖੜਕ ਸਿੰਘ ਦਾ ਵਿਆਹ ਹੋਇਆ ਸੀ, ਤਾਂ ਅੰਗਰੇਜ਼ ਸਰਕਾਰ ਵਲੋਂ ਕਰਨਲ ਡੇਵਿਡ ਆਕਟਰਲੋਨੀ ਤੋਹਫੇ ਲੈ ਕੇ ਹਾਜ਼ਰ ਹੋਇਆ ਸੀ। ਜਦ ਸੰਨ 1826 ਦੀਆਂ ਗਰਮੀਆਂ ਵਿੱਚ ਮਹਾਰਾਜਾ ਸਾਹਿਬ ਬਿਮਾਰ ਹੋ ਗਏ ਤਾਂ ਅੰਗਰੇਜ਼ਾਂ ਨੇ ਡਾਕਟਰ ਉਨ੍ਹਾਂ ਦੇ ਇਲਾਜ ਵਾਸਤੇ ਭੇਜਿਆ ਸੀ। ਦੂਜੇ ਪਾਸਿਓਂ ਮਹਾਰਾਜਾ ਵੀ ਇਸ ਮਿਤੱਰਤਾ ਦੇ ਹਾਮੀ ਸੀ। ਆਪਨੇ ਸੰਨ 1827 ਵਿੱਚ ਗਵਰਨਰ ਜਨਰਲ ਲਈ ਤੋਹਫੇ ਸ਼ਿਮਲੇ ਭੇਜੇ।

ਲਾਰਡ ਬੈਂਟਿਕ ਨੇ ਮਹਾਰਾਜੇ ਨਾਲ ਮੁਲਾਕਾਤ ਲਈ ਖਾਹਿਸ਼ ਪ੍ਰਗਟ ਕੀਤੀ। 26 ਅਕਤੂਬਰ ਨੂੰ ਮਹਾਰਾਜਾ ਲਾਰਡ ਬੈਂਟਿਕ ਨੂੰ ਸਤਲੁਜੋਂ ਪਾਰ ਜਾ ਕੇ ਮਿਲੇ ਤੇ ਅਗਲੇ ਦਿਨ ਲਾਰਡ ਬੈਂਟਿਕ ਮਹਾਰਾਜਾ ਸਹਿਬ ਦੇ ਡੇਰੇ ਵਿੱਚ ਮੁਲਾਕਾਤ ਵਾਸਤੇ ਪੁੱਜਾ। ਦੋਹਾਂ ਧਿਰਾਂ ਵਲੋਂ ਇਕ ਦੂਜੇ ਦਾ ਬਹੁਤ ਆਦਰ ਸਨਮਾਨ ਕੀਤਾ ਗਿਆ।

***ਅਫਗਾਨਿਸਤਾਨ ਦੀ ਜੰਗ***: ਰੂਸ ਨੂੰ ਅਫਗਾਨਿਸਤਾਨ ਦੀ ਰਾਹੀਂ ਲੰਘ ਕੇ ਹਿੰਦੁਸਤਾਨ 'ਤੇ ਹਮਲਾ ਕਰਨੋਂ ਰੋਕਣ ਲਈ ਅੰਗਰੇਜ਼ ਅਫਗਾਨਿਸਤਾਨ ਨੂੰ ਆਪਣੇ ਹੱਥ ਹੇਠ ਰੱਖਣਾ ਚਾਹੁੰਦੇ ਸਨ। ਅੰਗਰੇਜ਼ਾਂ ਨੇ ਉਥੋਂ ਦੇ ਬਾਦਸ਼ਾਹ ਦੋਸਤ ਮੁਹੰਮਦ ਖਾਨ





ਨੂੰ ਆਪਣੇ ਨਾਲ ਗੰਢਣ ਦੀ ਚਾਹੀ ਪਰ ਉਸ ਨੇ ਅਗੋਂ ਕਿਹਾ ਕਿ ਪਹਿਲਾਂ ਮੈਨੂੰ ਪਸ਼ੌਰ ਦਿਵਾਓ। ਪਸ਼ੌਰ ਰਣਜੀਤ ਸਿੰਘ ਦੇ ਕਬਜੇ ਹੇਠ ਸੀ। ਅੰਗਰੇਜ਼ ਮਹਾਰਾਜਾ ਨਾਲ ਵਿਗਾੜਨੀ ਨਹੀਂ ਸੀ ਚਾਹੁੰਦੇ। ਇਸ ਲਈ ਦੋਸਤ ਮੁਹੰਮਦ ਦੀ ਇਹ ਗੱਲ ਨਹੀਂ ਮੰਨੀ ਗਈ। ਇਸ ਤੇ ਅੰਗਰੇਜ਼ਾਂ ਨੇ ਇਹ ਫੈਸਲਾ ਕੀਤਾ ਕਿ ਦੋਸਤ ਮੁਹੰਮਦ ਖਾਂ ਨੂੰ ਤਖਤ ਤੋਂ ਲਾਹ ਕੇ ਉਸਦੇ ਥਾਂ ਸ਼ਾਹ ਸੁਜਾਹ ਨੂੰ ਕਾਬਲ ਦਾ ਬਾਦਸ਼ਾਹ ਬਣਾਇਆ ਜਾਵੇ। ਇਸ ਕੰਮ ਲਈ ਮਹਾਰਾਜਾ ਦੀ ਸਹਾਇਤਾ ਦੀ ਲੋੜ ਸੀ। ਮਹਾਰਾਜਾ ਨੇ ਇਸ ਸ਼ਰਤ ਉਤੇ ਮਦਦ ਦੇਣੀ ਮੰਨ ਲਈ ਕਿ ਸ਼ਾਹ ਸੁਜਾਹ ਸਿੱਖ ਰਾਜ ਵਿੱਚ ਸ਼ਾਮਲ ਕੀਤੇ ਜਾ ਚੁੱਕੇ ਪਸ਼ੌਰ ਦੇ ਆਸ-ਪਾਸ ਦੇ ਇਲਾਕੇ ਦੀ ਮੰਗ ਨਹੀਂ ਕਰੇਗਾ। ਦੋਸਤ ਮੁਹੰਮਦ ਖਾਂ ਅੰਗਰੇਜ਼ਾਂ ਅਤੇ ਸਿੱਖਾਂ ਦੀ ਮਿਲਵੀ ਤਾਕਤ ਦਾ ਟਾਕਰਾ ਨਾ ਕਰ ਸਕਿਆ। ਸ਼ਾਹ ਸੁਜਾਹ ਨੂੰ ਕਾਬਲ ਦੇ ਤਖਤ ਉਤੇ ਬਿਠਾਇਆ ਗਿਆ।

***ਪੰਜਾਬ ਦੇ ਸ਼ੇਰ ਦਾ ਅੰਤ***: ਸੰਨ 1839 ਵਿੱਚ ਮਹਾਰਾਜਾ ਨੂੰ ਅਧਰੰਗ ਦਾ ਸਖਤ ਦੌਰਾ ਪਿਆ। ਲਾਹੌਰ, ਅੰਮ੍ਰਿਤਸਰ ਅਤੇ ਹੋਰ ਥਾਵਾਂ ਦੇ ਹਕੀਮਾਂ ਅੰਗਰੇਜ਼ੀ ਡਾਕਟਰਾਂ ਨੇ ਬਹੁਤ ਵਾਹ ਲਾਈ ਪਰ ਕੋਈ ਫਰਕ ਨਾ ਪਿਆ। ਅੰਤ 27 ਜੂਨ 1839 ਨੂੰ ਪੰਜਾਬ ਦਾ ਸ਼ੇਰ ਅਕਾਲ ਚਲਾਣਾ ਕਰ ਗਿਆ।

ਪ੍ਰਸ਼ਨ 1: ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ ਅਤੇ ਉਹਨਾਂ ਦੇ ਬਚਪਨ ਦਾ ਕੀ ਨਾਂ ਸੀ?

ਪ੍ਰਸ਼ਨ 2: ਮਹਾਰਾਜਾ ਰਣਜੀਤ ਸਿੰਘ ਦੇ ਮਾਤਾ ਪਿਤਾ ਦਾ ਕੀ ਨਾਂ ਸੀ?

ਪ੍ਰਸ਼ਨ 3: ਮਹਾਰਾਜਾ ਰਣਜੀਤ ਸਿੰਘ ਦਾ ਇਹ ਨਾਂ ਕਿਵੇਂ ਪਿਆ?

ਪ੍ਰਸ਼ਨ 4: ਮਹਾਰਾਜਾ ਰਣਜੀਤ ਸਿੰਘ ਕਿੰਨੇ ਸਾਲ ਦੀ ਉਮਰ ਵਿਚ ਸੁੱਕਰਚਕੀਆ ਮਿਸਲ ਦਾ ਸਰਦਾਰ ਬਣੇ?

ਪ੍ਰਸ਼ਨ 5: ਮਹਾਰਾਜਾ ਰਣਜੀਤ ਸਿੰਘ ਨੇ ਕਿਹੜੇ ਗੁਰੂਆਂ ਦੇ ਨਾਮ 'ਤੇ ਸਿੱਕੇ ਚਲਾਏ?

ਪ੍ਰਸ਼ਨ 6: ਮਹਾਰਾਜਾ ਰਣਜੀਤ ਸਿੰਘ ਤਖਤ 'ਤੇ ਕਦੋਂ ਬੈਠੇ?

ਪ੍ਰਸ਼ਨ 7: ਅੰਮ੍ਰਿਤਸਰ ਦੀ ਸੰਧੀ ਕਦੋਂ ਹੋਈ?

ਪ੍ਰਸ਼ਨ 8: ਮਹਾਰਾਜਾ ਰਣਜੀਤ ਸਿੰਘ ਦਾ ਦਿਹਾਂਤ ਕਦੋਂ ਹੋਇਆ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਲਾਈਨਾਂ ਵਿੱਚ ਦਿਉ।**

ਪ੍ਰਸ਼ਨ 9: ਸ਼ਾਹ ਜਮਾਨ ਤੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਲੜਾਈ ਦਾ ਹਾਲ ਲਿਖੋ?

ਪ੍ਰਸ਼ਨ 10: ਅੰਮ੍ਰਿਤਸਰ ਸੰਧੀ ਦੀਆਂ ਸ਼ਰਤਾਂ ਕੀ ਸਨ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-150 ਸ਼ਬਦਾਂ ਵਿੱਚ ਦਿਉ।**

ਦੀਵਾਰ ਦੇ ਲਾਗੇ ਬੇਰੀ ਦਾ ਦਰਖਤ ਸੀ। ਦਰਖਤ ਦੀਆਂ ਸ਼ਾਖਾਵਾਂ ਕਿਲੇ ਤੋਂ ਬਾਹਰ ਜਾਂਦੀਆਂ ਸਨ। ਬੇਰੀ ਦੇ ਬੇਰ ਪੱਕੇ ਹੋਏ ਸਨ। ਕਿਲੇ ਦੀ ਕੰਧ ਤੋਂ ਬਾਹਰ ਬੱਚੇ ਬੇਰਾਂ ਨੂੰ ਪੱਥਰ ਮਾਰ ਰਹੇ ਸਨ। ਅਚਾਨਕ ਇੱਕ ਪੱਥਰ ਮਹਾਰਾਜ ਜੀ ਨੂੰ ਆਕੇ ਵੱਜਾ ਸਿਪਾਹੀਆਂ ਨੇ ਬੱਚਿਆਂ ਨੂੰ ਫੜ ਲਿਆਂਦਾ ਬੱਚੇ ਮਹਾਰਾਜਾ ਦੇ ਸਾਹਮਣੇ ਡਰੇ ਹੋਏ ਖੜੇ ਸਨ। ਮਹਾਰਾਜਾ ਜੀ ਨੇ ਪਤਾ ਨਹੀਂ ਕੀ ਸਜਾਦੇਣੀ ਹੈ।

ਮਹਾਰਾਜਾ: ਤੁਸੀਂ ਬੇਰੀ ਨੂੰ ਪੱਥਰ ਕਿਉਂ ਮਾਰ ਰਹੇ ਸੋ।

ਬੱਚੇ: ਬੇਰੀ ਸਾਨੂੰ ਬੇਰ ਦਿੰਦੀ ਹੈ।

ਮਹਾਰਾਜਾ: ਬੱਚਿਓ ਜੇ ਬੇਰੀ ਪੱਥਰ ਮਾਰਨ ਤੇ ਬੇਰ ਦਿੰਦੀ ਹੈ ਤਾਂ ਮਹਾਰਾਜਾ ਪੱਥਰ ਮਾਰਨ ਤੇ ਸਜਾ ਨਹੀਂ ਮੋਹਰਾਂ ਦੇਵੇਗਾ। (ਸਿਪਾਹੀਆਂ ਨੂੰ ਕਿਹਾ) ਜਾਓ ਖਜਾਨੇ ਵਿੱਚੋਂ ਬੱਚਿਆਂ ਨੂੰ ਮੋਹਰਾਂ ਦਿਓ।

ਸਿਪਾਹੀਆਂ ਤੋਂ ਮੋਹਰਾਂ ਪ੍ਰਾਪਤ ਕਰਕੇ ਬੱਚੇ ਖੁਸ਼ ਹੋਏ ਅਤੇ ਮਹਾਰਾਜੇ ਦੀ ਦਿਆਲਤਾ ਤੇ ਪ੍ਰਸੰਨ ਹੋਏ।

ਮਹਾਰਾਜੇ ਦੀ ਪਰਜਾ ਨਾਲ ਪਿਆਰ ਦੇ ਚਰਚੇ ਸਾਰੇ ਸਿੱਖ ਰਾਜ ਵਿੱਚ ਸਨ। ਮਹਾਰਾਜੇ ਦੀ ਲੋਕੀ ਅਕਸਰ ਪਾਰਸ ਨਾਲ ਤੁਲਨਾ ਕਰਦੇ ਸਨ।

***ਮਹਾਰਾਜਾ ਤੇ ਅੰਗਰੇਜ਼ ਸਰਕਾਰ***: ਅੰਗਰੇਜ਼ ਮਹਾਰਾਜਾ ਨਾਲ ਦੋਸਤਾਨਾ ਸੰਬੰਧ ਕਾਇਮ ਰੱਖਣੇ ਚਾਹੁੰਦੇ ਸੀ। ਇਸੇ ਲਈ ਉਸਨੇ ਮਹਾਰਾਜਾ ਨਾਲ ਸੰਨ 1809 ਵਿੱਚ ਅੰਮ੍ਰਿਤਸਰ ਦਾ ਅਹਿਦਨਾਮਾ ਕੀਤਾ ਸੀ ਜਦ ਜਨਵਰੀ 1812 ਵਿੱਚ ਕੰਵਰ ਖੜਕ ਸਿੰਘ ਦਾ ਵਿਆਹ ਹੋਇਆ ਸੀ, ਤਾਂ ਅੰਗਰੇਜ਼ ਸਰਕਾਰ ਵਲੋਂ ਕਰਨਲ ਡੇਵਿਡ ਆਕਟਰਲੋਨੀ ਤੋਹਫੇ ਲੈ ਕੇ ਹਾਜ਼ਰ ਹੋਇਆ ਸੀ। ਜਦ ਸੰਨ 1826 ਦੀਆਂ ਗਰਮੀਆਂ ਵਿੱਚ ਮਹਾਰਾਜਾ ਸਾਹਿਬ ਬਿਮਾਰ ਹੋ ਗਏ ਤਾਂ ਅੰਗਰੇਜ਼ਾਂ ਨੇ ਡਾਕਟਰ ਉਨ੍ਹਾਂ ਦੇ ਇਲਾਜ ਵਾਸਤੇ ਭੇਜਿਆ ਸੀ। ਦੂਜੇ ਪਾਸਿਓਂ ਮਹਾਰਾਜਾ ਵੀ ਇਸ ਮਿਤੱਰਤਾ ਦੇ ਹਾਮੀ ਸੀ। ਆਪਨੇ ਸੰਨ 1827 ਵਿੱਚ ਗਵਰਨਰ ਜਨਰਲ ਲਈ ਤੋਹਫੇ ਸ਼ਿਮਲੇ ਭੇਜੇ।

ਲਾਰਡ ਬੈਂਟਿਕ ਨੇ ਮਹਾਰਾਜੇ ਨਾਲ ਮੁਲਾਕਾਤ ਲਈ ਖਾਹਿਸ਼ ਪ੍ਰਗਟ ਕੀਤੀ। 26 ਅਕਤੂਬਰ ਨੂੰ ਮਹਾਰਾਜਾ ਲਾਰਡ ਬੈਂਟਿਕ ਨੂੰ ਸਤਲੁਜੋਂ ਪਾਰ ਜਾ ਕੇ ਮਿਲੇ ਤੇ ਅਗਲੇ ਦਿਨ ਲਾਰਡ ਬੈਂਟਿਕ ਮਹਾਰਾਜਾ ਸਹਿਬ ਦੇ ਡੇਰੇ ਵਿੱਚ ਮੁਲਾਕਾਤ ਵਾਸਤੇ ਪੁੱਜਾ। ਦੋਹਾਂ ਧਿਰਾਂ ਵਲੋਂ ਇਕ ਦੂਜੇ ਦਾ ਬਹੁਤ ਆਦਰ ਸਨਮਾਨ ਕੀਤਾ ਗਿਆ।

***ਅਫਗਾਨਿਸਤਾਨ ਦੀ ਜੰਗ***: ਰੂਸ ਨੂੰ ਅਫਗਾਨਿਸਤਾਨ ਦੀ ਰਾਹੀਂ ਲੰਘ ਕੇ ਹਿੰਦੁਸਤਾਨ 'ਤੇ ਹਮਲਾ ਕਰਨੋ ਰੋਕਣ ਲਈ ਅੰਗਰੇਜ਼ ਅਫਗਾਨਿਸਤਾਨ ਨੂੰ ਆਪਣੇ ਹੱਥ ਹੇਠ ਰੱਖਣਾ ਚਾਹੁੰਦੇ ਸਨ। ਅੰਗਰੇਜ਼ਾਂ ਨੇ ਉਥੋਂ ਦੇ ਬਾਦਸ਼ਾਹ ਦੋਸਤ ਮੁਹੰਮਦ ਖਾਨ





ਨੂੰ ਆਪਣੇ ਨਾਲ ਗੰਢਣ ਦੀ ਚਾਹੀ ਪਰ ਉਸ ਨੇ ਅਗੋਂ ਕਿਹਾ ਕਿ ਪਹਿਲਾਂ ਮੈਨੂੰ ਪਸ਼ੌਰ ਦਿਵਾਓ। ਪਸ਼ੌਰ ਰਣਜੀਤ ਸਿੰਘ ਦੇ ਕਬਜੇ ਹੇਠ ਸੀ। ਅੰਗਰੇਜ਼ ਮਹਾਰਾਜਾ ਨਾਲ ਵਿਗਾੜਨੀ ਨਹੀਂ ਸੀ ਚਾਹੁੰਦੇ। ਇਸ ਲਈ ਦੋਸਤ ਮੁਹੰਮਦ ਦੀ ਇਹ ਗੱਲ ਨਹੀਂ ਮੰਨੀ ਗਈ। ਇਸ ਤੇ ਅੰਗਰੇਜ਼ਾਂ ਨੇ ਇਹ ਫੈਸਲਾ ਕੀਤਾ ਕਿ ਦੋਸਤ ਮੁਹੰਮਦ ਖਾਂ ਨੂੰ ਤਖਤ ਤੋਂ ਲਾਹ ਕੇ ਉਸਦੇ ਥਾਂ ਸ਼ਾਹ ਸੁਜਾਹ ਨੂੰ ਕਾਬਲ ਦਾ ਬਾਦਸ਼ਾਹ ਬਣਾਇਆ ਜਾਵੇ। ਇਸ ਕੰਮ ਲਈ ਮਹਾਰਾਜਾ ਦੀ ਸਹਾਇਤਾ ਦੀ ਲੋੜ ਸੀ। ਮਹਾਰਾਜਾ ਨੇ ਇਸ ਸ਼ਰਤ ਉਤੇ ਮਦਦ ਦੇਣੀ ਮੰਨ ਲਈ ਕਿ ਸ਼ਾਹ ਸੁਜਾਹ ਸਿੱਖ ਰਾਜ ਵਿੱਚ ਸ਼ਾਮਲ ਕੀਤੇ ਜਾ ਚੁੱਕੇ ਪਸ਼ੌਰ ਦੇ ਆਸ-ਪਾਸ ਦੇ ਇਲਾਕੇ ਦੀ ਮੰਗ ਨਹੀਂ ਕਰੇਗਾ। ਦੋਸਤ ਮੁਹੰਮਦ ਖਾਂ ਅੰਗਰੇਜ਼ਾਂ ਅਤੇ ਸਿੱਖਾਂ ਦੀ ਮਿਲਵੀ ਤਾਕਤ ਦਾ ਟਾਕਰਾ ਨਾ ਕਰ ਸਕਿਆ। ਸ਼ਾਹ ਸੁਜਾਹ ਨੂੰ ਕਾਬਲ ਦੇ ਤਖਤ ਉਤੇ ਬਿਠਾਇਆ ਗਿਆ।

***ਪੰਜਾਬ ਦੇ ਸ਼ੇਰ ਦਾ ਅੰਤ***: ਸੰਨ 1839 ਵਿੱਚ ਮਹਾਰਾਜਾ ਨੂੰ ਅਧਰੰਗ ਦਾ ਸਖਤ ਦੌਰਾ ਪਿਆ। ਲਾਹੌਰ, ਅੰਮ੍ਰਿਤਸਰ ਅਤੇ ਹੋਰ ਥਾਵਾਂ ਦੇ ਹਕੀਮਾਂ ਅੰਗਰੇਜ਼ੀ ਡਾਕਟਰਾਂ ਨੇ ਬਹੁਤ ਵਾਹ ਲਾਈ ਪਰ ਕੋਈ ਫਰਕ ਨਾ ਪਿਆ। ਅੰਤ 27 ਜੂਨ 1839 ਨੂੰ ਪੰਜਾਬ ਦਾ ਸ਼ੇਰ ਅਕਾਲ ਚਲਾਣਾ ਕਰ ਗਿਆ।

ਪ੍ਰਸ਼ਨ 1: ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ ਅਤੇ ਉਹਨਾਂ ਦੇ ਬਚਪਨ ਦਾ ਕੀ ਨਾਂ ਸੀ?

ਪ੍ਰਸ਼ਨ 2: ਮਹਾਰਾਜਾ ਰਣਜੀਤ ਸਿੰਘ ਦੇ ਮਾਤਾ ਪਿਤਾ ਦਾ ਕੀ ਨਾਂ ਸੀ?

ਪ੍ਰਸ਼ਨ 3: ਮਹਾਰਾਜਾ ਰਣਜੀਤ ਸਿੰਘ ਦਾ ਇਹ ਨਾਂ ਕਿਵੇਂ ਪਿਆ?

ਪ੍ਰਸ਼ਨ 4: ਮਹਾਰਾਜਾ ਰਣਜੀਤ ਸਿੰਘ ਕਿੰਨੇ ਸਾਲ ਦੀ ਉਮਰ ਵਿਚ ਸੁੱਕਰਚਕੀਆ ਮਿਸਲ ਦਾ ਸਰਦਾਰ ਬਣੇ?

ਪ੍ਰਸ਼ਨ 5: ਮਹਾਰਾਜਾ ਰਣਜੀਤ ਸਿੰਘ ਨੇ ਕਿਹੜੇ ਗੁਰੂਆਂ ਦੇ ਨਾਮ 'ਤੇ ਸਿੱਕੇ ਚਲਾਏ?

ਪ੍ਰਸ਼ਨ 6: ਮਹਾਰਾਜਾ ਰਣਜੀਤ ਸਿੰਘ ਤਖਤ 'ਤੇ ਕਦੋਂ ਬੈਠੇ?

ਪ੍ਰਸ਼ਨ 7: ਅੰਮ੍ਰਿਤਸਰ ਦੀ ਸੰਧੀ ਕਦੋਂ ਹੋਈ?

ਪ੍ਰਸ਼ਨ 8: ਮਹਾਰਾਜਾ ਰਣਜੀਤ ਸਿੰਘ ਦਾ ਦਿਹਾਂਤ ਕਦੋਂ ਹੋਇਆ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਲਾਈਨਾਂ ਵਿੱਚ ਦਿਉ।**

ਪ੍ਰਸ਼ਨ 9: ਸਾਹ ਜਮਾਨ ਤੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਲੜਾਈ ਦਾ ਹਾਲ ਲਿਖੋ?

ਪ੍ਰਸ਼ਨ 10: ਅੰਮ੍ਰਿਤਸਰ ਸੰਧੀ ਦੀਆਂ ਸ਼ਰਤਾਂ ਕੀ ਸਨ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-150 ਸ਼ਬਦਾਂ ਵਿੱਚ ਦਿਉ।**

ਪ੍ਰਸ਼ਨ 11: ਨੌਸ਼ਹਿਰੇ ਦੀ ਜੰਗ ਦਾ ਹਾਲ ਆਪਣੇ ਸ਼ਬਦਾਂ ਵਿੱਚ ਲਿਖੋ?

ਪ੍ਰਸ਼ਨ 12: ਮਹਾਰਾਜਾ ਰਣਜੀਤ ਸਿੰਘ ਦਾ ਆਪਣੀ ਪਰਜਾ ਨਾਲ ਕਿਹੋ ਜਿਹਾ ਵਤੀਰਾ ਸੀ? ਨੋਟ ਲਿਖੋ।

## ਭਾਈ ਕਾਹਨ ਸਿੰਘ ਨਾਭਾ

ਆਪ ਦਾ ਨਾਮ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਨਾਲ ਸਬੰਧਿਤ ਹੈ। ਇਸ ਮਹਾਨ ਕੋਸ਼ ਵਿੱਚ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ, ਸਿੱਖ ਧਰਮ ਦੇ ਹੋਰ ਗ੍ਰੰਥ, ਇਤਿਹਾਸਕ ਸਾਹਿਤਕ ਰਚਨਾਵਾਂ ਦੀ ਸ਼ਬਦਾਵਲੀ ਦੇ ਅਰਥ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਘਟਨਾਵਾਂ ਨੂੰ ਇਸਦਾ ਵਿਸ਼ਾ ਬਣਾਇਆ ਗਿਆ।

ਆਪ ਦਾ ਜਨਮ 1861 ਵਿੱਚ ਪਟਿਆਲਾ ਰਿਆਸਤ ਦੇ ਇੱਕ ਪਿੰਡ ਵਿੱਚ ਹੋਇਆ । ਆਪ ਦੇ ਪਿਤਾ ਭਾਈ ਨਰੈਣ ਸਿੰਘ ਨਾਭੇ ਦੇ ਪ੍ਰਸਿੱਧ ਗੁਰਦੁਆਰਾ ਡੇਰਾ ਬਾਬਾ ਅਜੈਪਾਲ ਸਿੰਘ ਦੇ ਮਹੰਤ ਸਨ।

ਸ਼ੁਰੂ ਵਿੱਚ ਆਪਨੇ ਭਾਈ ਰੂਪ ਸਿੰਘ ਤੋਂ ਗੁਰਮਤਿ ਅਤੇ ਬਾਲਾ ਕਲਿਆਨ ਦਾਸ ਤੋਂ ਸੰਸਕ੍ਰਿਤ ਪੜ੍ਹੀ। ਰਿਆਸਤ ਨਾਭਾ ਦੇ ਵਿਦਵਾਨਾਂ ਨਾਲ ਆਪ ਦਾ ਸੰਪਰਕ ਰਿਹਾ ਆਪ 15 ਸਾਲ ਦੀ ਉਮਰ ਵਿੱਚ ਹੀ ਕਾਫੀ ਵਿਦਵਾਨ ਹੋ ਗਏ। ਫੇਰ ਆਪ ਫ਼ਾਰਸੀ ਅਤੇ ਅੰਗਰੇਜ਼ੀ ਪੜ੍ਹਨ ਲਈ ਦਿੱਲੀ, ਲਖਨਊ ਅਤੇ ਲਾਹੌਰ ਰਹੇ।

ਇਸ ਤਰ੍ਹਾਂ ਆਪ ਛੇ ਭਾਸ਼ਾਵਾਂ ਦੇ ਗਿਆਤਾ ਬਣ ਗਏ  ਪੰਜਾਬੀ, ਉਰਦੂ, ਹਿੰਦੀ, ਸੰਸ਼ਕ੍ਰਿਤ, ਅੰਗਰੇਜ਼ੀ ਅਤੇ ਫ਼ਾਰਸੀ।

ਮਹਾਰਾਜਾ ਨਾਭਾ ਨੂੰ ਆਪ ਦੀ ਯੋਗਤਾ ਨੇ ਪ੍ਰਭਾਵਿਤ ਕੀਤਾ ਅਤੇ ਆਪ ਨੂੰ ਰਾਜ ਸਰਕਾਰ ਵਿੱਚ ਕਈ ਪਦਵੀਆਂ 'ਤੇ ਕੰਮ ਕਰਨ ਦਾ ਮੌਕਾ ਮਿਲਿਆ। ਜਿਵੇਂ ਕਿ

- ਜੱਜ, ਨਾਭਾ ਹਾਈ ਕੋਰਟ,
- ਮੈਂਬਰ ਜੁਡਿਸ਼ੀਅਲ ਕੌਂਸਲ, ਨਾਭਾ
- ਵਕੀਲ ਪੋਲੀਟੀਕਲ ਏਜੰਸੀ ਪਟਿਆਲਾ ਆਦਿ।

ਆਪ ਰਾਜਾ ਰਿਪੁਦਮਨ ਸਿੰਘ ਦੇ ਟਿਊਟਰ ਵੀ ਰਹੇ। ਖਾਲਸਾ ਕਾਲਜ ਅੰਮ੍ਰਿਤਸਰ ਦੀ ਧਾਰਮਿਕ ਕਮੇਟੀ ਦੇ ਪ੍ਰਧਾਨ ਵੀ ਰਹੇ।

ਵਲਾਇਤ ਯਾਤਰਾ ਵੀ ਕੀਤੀ ਅਤੇ ਇਸ ਦੁਰਾਨ ਇਨਾਂ ਮਿ. ਮੈਕਾਲਿਫ ਦੀ ਸਿੱਖ ਰਿਲਿਜਨ ਨਾਮਕ ਪੁਸਤਕ ਨੂੰ ਛਪਵਾਉਣ ਵਿੱਚ ਸਹਿਯੋਗ ਦਿੱਤਾ। ਇਹਨਾਂ ਦੀ ਪੁਸਤਕ "ਹਮ ਹਿੰਦੂ ਨਹੀ" ਨਾਲ ਬਹੁਤ ਵਿਵਾਦ ਖੜਾ ਹੋਇਆ ਜਿਸਦਾ ਆਪਨੇ ਡਟ ਕੇ ਸਾਹਮਣਾ ਕੀਤਾ।

1912 ਵਿੱਚ ਆਪਨੇ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਦੀ ਯੋਜਨਾ ਬਣਾਈ





ਅਤੇ ਵਿਦਵਾਨਾਂ ਦੇ ਸਹਿਯੋਗ ਨਾਲ 14 ਸਾਲਾਂ ਦਾ ਲੰਬਾ ਸਮਾਂ ਮਿਹਨਤ ਕਰਕੇ ਇਸਨੂੰ 1926 ਵਿੱਚ ਸੰਪੂਰਨ ਕੀਤਾ।

ਇਸਦੀ ਛਪਾਈ ਵਾਸਤੇ ਇਹਨਾਂ ਕੋਲ ਪੈਸੇ ਨਹੀਂ ਸਨ ਅਤੇ ਬਹੁਤ ਕੋਸ਼ਿਸ਼ਾਂ ਕੀਤੀ, ਕਈਆਂ ਗਾਹਕਾਂ ਤੋਂ ਪੈਸੇ ਵੀ ਲਏ ਪਰ ਕੰਮ ਪੂਰਾ ਨਾ ਹੋਇਆ ਅੰਤ ਵਿੱਚ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਨੇ ਮਦਦ ਕੀਤੀ ਅਤੇ 1927 ਵਿੱਚ ਇਹ ਮਹਾਨ ਕੋਸ਼ ਛੱਪਣਾ ਸ਼ੁਰੂ ਹੋਇਆ ਅਤੇ ਤਿੰਨ ਸਾਲਾਂ ਬਾਅਦ 1930 ਨੂੰ ਕੰਮ ਪੂਰਾ ਹੋਇਆ।

ਤਖ਼ਤ ਸ੍ਰੀ ਹਜ਼ੂਰ ਸਾਹਿਬ ਉੱਤੇ ਜਦੋਂ ਕੁਝ ਗੈਰ ਸਿੱਖ ਜਥੇਬੰਦੀਆਂ ਨੇ ਆਪਣਾ ਹੱਕ ਦੱਸਿਆ ਤਾਂ ਭਾਈ ਕਾਹਨ ਸਿੰਘ ਨਾਭਾ ਨੇ ਬਹੁਤ ਠੋਸ ਸਬੂਤ ਅੰਗਰੇਜ਼ ਸਰਕਾਰ ਅੱਗੇ ਰੱਖ ਕੇ ਇਸ ਦਾ ਪ੍ਰਬੰਧ ਪੰਥ ਨੂੰ ਦਿਵਾਇਆ।

ਆਪ ਦੀਆਂ ਕਈ ਹੋਰ ਪੁਸਤਕਾਂ ਵੀ ਛਪੀਆਂ ਜਿਵੇਂ ਕਿ ਗੁਰਮਤਿ ਪ੍ਰਭਾਕਰ, ਗੁਰਮਤਿ ਸੁਧਾਕਰ, ਗੁਰਮਤਿ ਮਾਰਤੰਡ, ਗੁਰ ਛੰਦ ਦਿਵਾਕਰ, ਚੰਡੀ ਦੀ ਵਾਰ ਸਟੀਕ ਆਦਿ।

ਆਪ 21 ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਦੇ ਪ੍ਰਧਾਨ ਬਣਾਏ ਗਏ।

1932 ਈ ਵਿੱਚ ਆਪਨੂੰ ਸਰਦਾਰ ਬਹਾਦੁਰ ਦਾ ਖਿਤਾਬ ਵੀ ਦਿੱਤਾ ਗਿਆ।

1935 ਈ. ਆਪ ਦਾ ਨਾਭਾ ਵਿੱਖੇ ਦਿਹਾਂਤ ਹੋਇਆ ਜਦੋਂ ਕਿ ਆਪ ਕਰੀਬ 77 ਸਾਲ ਦੇ ਸਨ।

ਪ੍ਰਸ਼ਨ 1: ਭਾਈ ਕਾਹਨ ਸਿੰਘ ਨਾਭਾ ਦਾ ਜਨਮ ਕਦੋਂ ਹੋਇਆ?

ਪ੍ਰਸ਼ਨ 2: ਭਾਈ ਕਾਹਨ ਸਿੰਘ ਨਾਭਾ ਕਿੰਨੀਆਂ ਭਾਸ਼ਾਵਾਂ ਦੇ ਵਿਦਵਾਨ ਸਨ?

ਪ੍ਰਸ਼ਨ 3: ਭਾਈ ਕਾਹਨ ਸਿੰਘ ਨਾਭਾ ਦੇ ਪਿਤਾ ਜੀ ਦਾ ਨਾਂ ਲਿਖੋ?

ਪ੍ਰਸ਼ਨ 4: ਭਾਈ ਕਾਹਨ ਸਿੰਘ ਨਾਭਾ ਦੀ ਕਿਸੇ ਇਕ ਪੁਸਤਕ ਦਾ ਨਾਂ ਦੱਸੋ?

ਪ੍ਰਸ਼ਨ 5: ਮਹਾਨ ਕੋਸ਼ ਕਿਹੜੇ ਸਿੱਖ ਵਿਦਵਾਨ ਨੇ ਤਿਆਰ ਕੀਤਾ?

ਪ੍ਰਸ਼ਨ 6: ਮਿਸਟਰ ਮੈਕਾਲਿਫ ਦੀ ਪੁਸਤਕ ਸਿੱਖ ਰਿਲੀਜਨ ਨੂੰ ਛਪਵਾਉਣ ਲਈ ਕਿਸ ਸਿੱਖ ਵਿਦਵਾਨ ਨੇ ਯੋਗਦਾਨ ਦਿੱਤਾ?

## ਮੋਰਚਾ ਗੁਰੂ ਕਾ ਬਾਗ

ਸਿੱਖ ਕੌਮ ਦਾ ਅਜਿਹਾ ਸੁਭਾਉ ਹੈ ਕਿ ਸਖ਼ਤੀ ਦੇ ਸਾਹਮਣੇ ਕਦੇ ਝੁਕਣਾ ਨਹੀਂ, ਸਗੋਂ ਸਖਤੀ ਸਾਹਮਣੇ ਇਹਨਾ ਦਾ ਜੋਸ਼ ਵੱਧਦਾ ਹੈ। ਇਸ ਬਾਬਤ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ

**ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥ (੧੪੨੭)**

ਭਾਵ ਕਿ ਨਾ ਕਿਸੇ ਨੂੰ ਡਰਾਉਣਾ ਹੈ ਅਤੇ ਨਾ ਕਿਸੇ ਦੇ ਡਰ ਅੱਗੇ ਝੁਕਣਾ ਹੈ। ਪਿਆਰੇ ਬੱਚਿਓ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਭਾਵੇਂ ਕਿੰਨੀ ਵੀ ਮੁਸੀਬਤ ਝੱਲਣੀ ਪਵੇ, ਸਿੱਖ ਜਦੋਂ ਕਿਸੇ ਸਚਾਈ ਤੇ ਡੱਟ ਜਾਣ ਤਾਂ ਫਿਰ ਪਿਛੇ ਨਹੀਂ ਹੱਟਦੇ ਨਾ ਹੀ ਮਰਨ ਮਾਰਨ ਤੋਂ ਸੰਕੋਚ ਕਰਦੇ ਹਨ। ਇਹ ਵੀਰਤਾ ਦਾ ਗੁਣ ਹੈ। ਸਿੱਖ ਕੌਮ ਸੰਤ ਸਿਪਾਹੀਆਂ ਦੀ ਕੌਮ ਹੈ। ਜਾਨ ਦੀ ਖੇਡ ਖੇਡ ਜਾਣਾ ਇਸ ਦਾ ਮੁਢਲਾ ਕਰਮ ਹੈ।

ਪਿਆਰੇ ਬੱਚਿਓ! ਜੇ ਪਿਛਲੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਜੋ ਪੂਰਨੇ ਗੁਰੂ ਸਾਹਿਬਾਂ ਨੇ ਆਪਣੇ ਜੀਵਨ ਵਿੱਚ ਪਾਏ ਹਨ। ਗੁਰੂ ਦੇ ਪਿਆਰੇ ਸਿੱਖਾਂ ਨੇ ਉਸ ਤੇ ਚੱਲ ਕੇ ਵਿਖਾਇਆ। ਗੁਰੂ ਨਾਨਕ ਪਾਤਿਸ਼ਾਹ ਦਾ ਬਾਬਰ ਨੂੰ ਜਾਬਰ ਕਹਿਣਾ। ਗੁਰੂ ਅਰਜਨ ਪਾਤਿਸ਼ਾਹ ਜੀ ਦਾ ਸ਼ਾਂਤੀ ਵਿੱਚ ਰਹਿ ਕੇ ਸ਼ਹੀਦੀ ਦੇਣਾ। ਅਜਿਹੇ ਪੂਰਨਿਆਂ ਦੀ ਮਿਸਾਲ ਹੈ "ਮੋਰਚਾ ਗੁਰੂ ਕਾ ਬਾਗ"। ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪਏ ਤਾਂ ਸਾਰੇ ਸਿੱਖ ਜੰਗਲਾਂ ਵਿੱਚ ਜਾ ਲੁਕੇ। ਗੁਰਦੁਆਰਿਆਂ ਦੀ ਦੇਖ ਰੇਖ ਦਾ ਕੰਮ ਮਹੰਤਾਂ ਨੇ ਸੰਭਾਲ ਲਿਆ ਸੀ। ਇਹ ਮਹੰਤ ਲੋਕ ਆਪਣੀ ਮਨ ਮਰਜੀ ਨਾਲ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਂਦੇ ਸਨ। ਇਥੋਂ ਤੱਕ ਕਿ ਇਹਨਾਂ ਮਹੰਤਾਂ ਨੇ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾ ਵਿੱਚ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਤੱਕ ਸਥਾਪਿਤ ਕਰ ਦਿੱਤੀਆਂ ਸਨ।

ਗੁਰਦੁਆਰਾ ਗੁਰੂ ਕਾ ਬਾਗ ਅੰਮ੍ਰਿਤਸਰ ਤੋਂ ਅਜਨਾਲਾ ਜਾਂਦੀ ਸੜਕ 'ਤੇ ਸਥਿਤ ਹੈ। ਇਥੇ ਪੰਜਵੇਂ ਅਤੇ ਨੌਵੇਂ ਗੁਰੂ ਨੇ ਚਰਨ ਪਾਏ ਸਨ। ਇਸ ਗੁਰਦੁਆਰੇ ਦਾ ਮਹੰਤ ਸੁੰਦਰ ਦਾਸ ਬਦਚਲਣ ਸੀ। ਸਿੱਖਾਂ ਦੇ ਸਮਝਾਉਣ ਤੇ ਉਸਨੇ ਸੁਧਰ ਜਾਣ ਦਾ ਬਚਨ ਦਿੱਤਾ। ਨਨਕਾਣਾ ਸਾਹਿਬ ਦੇ ਸਾਕੇ ਪਿਛੋਂ ਉਹ ਮੁੜ ਵਿਗੜ ਗਿਆ। ਉਸਨੇ ਗੁਰੂ ਦੇ ਲੰਗਰ ਲਈ ਗੁਰੂ ਦੇ ਬਾਗ ਵਿਚੋਂ ਲੱਕੜ ਲਿਆ ਰਹੇ ਸਿੱਖਾਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਅੰਗਰੇਜ ਪੁਲਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਬੈਠੇ ਸਿੱਖ ਨੂੰ ਵੀ ਸੋਟੀਆਂ ਮਾਰੀਆਂ। ਰੋਸ ਵੱਜੋਂ ਸੰਗਤ ਗੁਰਦੁਆਰੇ ਵੱਲ ਜਾਣ ਲੱਗੀ ਤਾਂ ਪੁਲਿਸ ਨੇ ਉਨ੍ਹਾਂ ਦੀ ਬੁਰੀ ਤਰਾਂ ਮਾਰ ਕੁਟਾਈ ਕੀਤੀ। ਕਈ ਸਿੰਘ ਸ਼ਹੀਦ ਵੀ ਹੋ ਗਏ। ਅਕਾਲ ਤਖਤ ਤੋਂ ਜਥੇ ਰੋਜ਼ ਗੁਰੂ ਕੇ ਬਾਗ ਲਈ ਜਾਂਦੇ ਪੁਲਿਸ ਉਨ੍ਹਾਂ ਨੂੰ ਬੁਰੀ ਤਰਾਂ ਲਾਠੀਆਂ ਨਾਲ ਮਾਰਦੀ ਇਸ ਤਰ੍ਹਾਂ 2 ਮਹੀਨੇ ਤੱਕ ਹੁੰਦਾ ਰਿਹਾ। ਅਖੀਰ ਅੰਗਰੇਜ ਸਰਕਾਰ ਝੁਕ ਗਈ। ਉਨ੍ਹਾਂ ਨੇ ਗੁਰਦੁਆਰੇ ਦੀ ਜ਼ਮੀਨ ਦਾ ਠੇਕਾ ਸਰ ਗੰਗਾ ਰਾਮ ਨੂੰ ਦਿਵਾ ਦਿੱਤਾ। ਉਸਨੇ ਸਿੱਖਾਂ ਨੂੰ ਲੱਕੜ ਕੱਟਣ ਦੀ ਪੂਰੀ ਖੁੱਲ੍ਹ ਦੇ ਦਿੱਤੀ ਇਸ ਤਰ੍ਹਾਂ ਸਿੱਖੀ ਸਿਦਕ ਦੀ ਫਤਹਿ ਨਾਲ ਮੋਰਚਾ ਖਤਮ ਹੋਇਆ।

ਪ੍ਰਸ਼ਨ 1: ਵੀਰਤਾ ਦਾ ਗੁਣ ਤੋਂ ਕੀ ਭਾਵ ਹੈ?

ਪ੍ਰਸ਼ਨ 2: ਸਿੱਖ ਕੌਮ ਦੇ ਸੰਤ ਸਿਪਾਹੀਆਂ ਦਾ ਮੁਢਲਾ ਕਰਮ ਕੀ ਹੈ?





ਪ੍ਰਸ਼ਨ 3: ਗੁਰਦੁਆਰਾ ਸਾਹਿਬ ਦੀ ਜਮੀਨ ਦਾ ਠੇਕਾ ਕਿਸ ਨੂੰ ਦਿੱਤਾ ਸੀ?

**ਹੇਠ ਲਿਖੇ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ।**

ਪ੍ਰਸ਼ਨ 1: ਮੋਰਚਾ ਗੁਰੂ ਕੇ ਬਾਗ ਦਾ ਹਾਲ ਆਪਣੇ ਸ਼ਬਦਾਂ ਵਿੱਚ ਲਿਖੋ?

# ਸਿੱਖ ਸਿਧਾਂਤ ਅਤੇ ਪੰਪਰਾ

## ਕੇਸਾਂ ਦੇ ਰੋਗ ਤੇ ਇਲਾਜ

ਸਿੱਖੀ ਵਿੱਚ ਕੇਸਾਂ ਦੀ ਬਹੁਤ ਮਹਾਨਤਾ ਹੈ। ਸਿੱਖ ਆਪਣੇ ਸੁਆਸਾਂ ਤੋਂ ਵੱਧ ਪਿਆਰ ਆਪਣੇ ਕੇਸਾਂ ਨਾਲ ਕਰਦਾ ਹੈ। ਅਰਦਾਸ ਵਿੱਚ ਵੀ ਮੰਗ ਕਰਦਾ ਹੈ ਕਿ ਸਿੱਖੀ ਕੇਸਾਂ-ਸੁਆਸਾਂ ਸੰਗ ਨਿਭ ਜਾਵੇ। ਜਾਨ ਤੋਂ ਵੱਧ ਪਿਆਰੇ ਕੇਸਾਂ ਦੀ ਖਾਤਰ ਹੀ ਭਾਈ ਤਾਰੂ ਸਿੰਘ ਨੇ ਆਪਣੀ ਖੋਪਰੀ ਲੁਹਾ ਲਈ ਸੀ। ਇਤਿਹਾਸ ਦੇ ਪੱਤਰੇ ਫਰੋਲਿਆਂ ਸ਼ਾਇਦ ਹੀ ਕੋਈ ਦਿਨ ਅਜਿਹਾ ਲੱਭੇ ਜਿਸ ਦਿਨ ਕਿਸੇ ਸਿੱਖ ਨੇ ਕੇਸਾਂ ਦੀ ਖਾਤਰ ਸ਼ਹਾਦਤ ਨਾ ਦਿੱਤੀ ਹੋਵੇ। ਪਰ ਅੱਜ ਦਾ ਨੌਜੁਆਨ ਆਪਣੇ ਸ਼ਾਨਦਾਰ ਇਤਿਹਾਸ ਨੂੰ ਅੱਖੋਂ ਉਹਲੇ ਕਰਕੇ ਕਈ ਮਨਘੜਤ ਦਲੀਲਾਂ ਦੇ ਕੇ ਦਿਨੋਂ-ਦਿਨ ਕੇਸ ਕਟਾਈ ਜਾ ਰਿਹਾ ਹੈ। ਇਨ੍ਹਾਂ ਮਨਘੜਤ ਦਲੀਲਾਂ ਵਿੱਚ ਕੁਝ ਅਜਿਹੀਆਂ ਵੀ ਹਨ ਜੋ ਕੇਸਾਂ ਦੀ ਸਹੀ ਸਾਂਭ ਸੰਭਾਲ ਨਾ ਕਰਨ ਕਰਕੇ ਉਤਪੰਨ ਹੁੰਦੀਆਂ ਹਨ। ਕੇਸਾਂ ਦੀ ਸਾਂਭ-ਸੰਭਾਲ ਸਹੀ ਤਰੀਕੇ ਨਾਲ ਨਾ ਕਰਨ ਕਰਕੇ ਕਈ ਬੀਮਾਰੀਆਂ ਪੈਦਾ ਹੋ ਜਾਂਦੀਆਂ ਹਨ ਜਿਵੇਂ ਕੇਸਾਂ ਦਾ ਝੜਨਾ, ਸਿਕਰੀ, ਕੇਸਾਂ ਦਾ ਸਮੇਂ ਤੋਂ ਪਹਿਲਾ ਚਿੱਟੇ ਹੋ ਜਾਣਾ।

1. ***ਕੇਸਾਂ ਦਾ ਝੜਨਾ***: ਵਾਲਾਂ ਦਾ ਵਾਧਾ ਇੱਕ ਖਾਸ ਉਮਰ ਅਤੇ ਸਟੇਜ ਤੱਕ ਹੁੰਦਾ ਹੈ। ਸਿਰ ਦੇ ਵਾਲ ਕਾਫੀ ਲੰਬੇ ਸਮੇਂ ਤੱਕ ਵੱਧਦੇ ਹਨ। ਇੱਕ ਸੀਮਾ ਤੋਂ ਬਾਅਦ ਵਾਲ ਅੱਗੇ ਵੱਧਣਾ ਬੰਦ ਕਰ ਦਿੰਦੇ ਹਨ ਤੇ ਆਪਣੇ ਆਪ ਨੂੰ ਅਰਾਮ ਵਾਲੀ ਅਵਸਥਾ ਲਈ ਤਿਆਰ ਕਰਦੇ ਹਨ । ਅਰਾਮ ਵਾਲੀ ਅਵਸਥਾ ਵਿੱਚ ਕੁਝ ਦੇਰ ਰਹਿਣ ਪਿਛੋਂ ਵਾਲ ਆਪਣੇ-ਆਪ ਝੜ ਜਾਂਦੇ ਹਨ ਅਤੇ ਉਸ ਦੀ ਜਗ੍ਹਾ ਨਵੇਂ ਵਾਲ ਆ ਜਾਂਦੇ ਹਨ। ਇਸ ਤਰ੍ਹਾਂ ਹਰ ਜੀਵ ਦੇ ਕੁਝ ਵਾਲ ਰੋਜ਼ਾਨਾ ਝੜ ਜਾਂਦੇ ਹਨ ਜੋ ਕੁਦਰਤੀ ਪ੍ਰਕਿਰਿਆ ਹੈ, ਨਾ ਕਿ ਬਿਮਾਰੀ। ਪਰ ਕੁਝ ਕਾਰਨਾ ਕਰਕੇ ਵਾਲ ਆਮ ਨਾਲੋਂ ਜਿਆਦਾ ਝੜਦੇ ਹਨ।

***ਵਾਲਾਂ ਵਿੱਚ ਪ੍ਰੋਟੀਨ ਦੀ ਘਾਟ***: ਜੇਕਰ ਸਰੀਰ ਵਿੱਚ ਪ੍ਰੋਟੀਨ ਅਤੇ ਦੂਸਰੇ ਤੱਤ ਜਿਵੇ 'ਵਿਟਾਮਿਨ, ਮਿਨਰਲ ਆਦਿ ਦੀ ਘਾਟ ਹੋ ਜਾਵੇ ਤਾਂ ਵਾਲ ਜਿਆਦਾ ਝੜਦੇ ਹਨ। ਇਨ੍ਹਾਂ ਤੱਤਾਂ ਦੀ ਕਮੀ ਨੂੰ ਪੂਰਾ ਕਰਨ ਲਈ ਸਾਨੂੰ ਆਪਣੀ ਖੁਰਾਕ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਦੁੱਧ, ਦਹੀਂ, ਪਨੀਰ, ਹਰੀਆਂ ਸਬਜੀਆਂ, ਦਾਲਾਂ ਆਦਿ ਦਾ ਪ੍ਰਯੋਗ ਜਿਆਦਾ ਕਰਨਾ ਚਾਹੀਦਾ ਹੈ।

***ਖੂਨ ਦੀ ਕਮੀ***: ਖੂਨ ਦੀ ਕਮੀ ਕਰਕੇ ਵੀ ਵਾਲ ਜਿਆਦਾ ਝੜਦੇ ਹਨ। ਹਰੇ ਪੱਤੇ ਵਾਲੀਆਂ ਸਬਜੀਆਂ ਦਾਲਾਂ ਅਤੇ ਫਲ ਖਾਣ ਨਾਲ ਇਹ ਕਮੀ ਦੂਰ ਹੋ ਜਾਂਦੀ ਹੈ।

***ਮੌਸਮ***: ਮੌਸਮ ਦੇ ਬਦਲਣ ਨਾਲ ਵੀ ਵਾਲ ਜਿਆਦਾ ਝੜਦੇ ਹਨ। ਗਰਮੀਆਂ ਵਿੱਚ ਪਸੀਨਾ ਆਉਣ ਨਾਲ ਵੀ ਵਾਲ ਝੜਦੇ ਹਨ।

***ਬੀਮਾਰੀਆਂ***: ਕਈ ਬੀਮਾਰੀਆਂ ਜਿਵੇਂ ਕੈਂਸਰ, ਟਾਈਫਾਇਡ ਬੁਖਾਰ ਜਾਂ ਹੋਰ ਬੁਖਾਰ ਜੋ ਹਫਤੇ ਤੋਂ ਵੱਧ ਸਮਾਂ ਰਹੇ ਉਸ ਨਾਲ ਵੀ ਵਾਲ ਕਾਫੀ ਮਾਤਰਾ ਵਿੱਚ ਝੜ ਜਾਂਦੇ ਹਨ।

2. ***ਸਿਕਰੀ***: ਸਿਕਰੀ ਇਕ ਆਮ ਪ੍ਰਚਲਤ ਰੋਗ ਹੈ। ਇਸ ਦਾ ਮੁੱਖ ਕਾਰਨ ਸਿਰ ਦੀ ਚਮੜੀ ਦੀਆਂ ਤੇਲ ਗ੍ਰੰਥੀਆਂ ਦੁਆਰਾ ਸੀਥਮ ਦੀ ਅਧਿਕ ਪੈਦਾਵਾਰ ਹੈ। ਚਮੜੀ ਉੱਤੇ ਸੀਥਮ ਦੀ ਖੁਸ਼ਕ ਜਾਂ ਚਿਕਨੀ ਪਰਤ ਚੜੀ ਰਹਿੰਦੀ ਹੈ, ਜਿਸ ਚੋਂ ਟੁੱਟ-ਟੁੱਟ ਕੇ ਆਟੇ ਦੇ ਛਾਣ ਵਰਗੇ ਬਰੀਕ ਤੇ ਨਿੱਕੇ-ਨਿੱਕੇ ਟੁੱਕੜੇ ਝੜਦੇ ਰਹਿੰਦੇ ਹਨ। ਖਾਰਸ਼ ਇਸ ਦਾ ਮੁੱਖ ਲੱਛਣ ਹੈ। ਇਹ ਰੋਗ ਜੱਦੀ ਰੂਪ ਵਿੱਚ ਪੁਸ਼ਤ ਦਰ ਪੁਸ਼ਤ ਦੇਖਣ ਨੂੰ ਮਿਲਦਾ ਹੈ। ਇਨਫੈਕਸ਼ਨ ਹੋਣ ਕਾਰਣ ਅਤੇ ਖੁਰਕਣ ਨਾਲ ਚਮੜੀ ਉੱਤੇ ਥਾਂ-ਥਾਂ ਸੋਜ ਅਤੇ ਜ਼ਖਮ ਵੀ ਬਣ ਸਕਦੇ ਹਨ। ਸਿਕਰੀ ਵਾਲ ਝੜਨ ਅਤੇ ਗੰਜੇਪਨ ਦਾ ਵੀ ਮੁੱਖ ਕਾਰਨ ਹੈ।

ਆਮ ਦੇਖਣ ਵਿੱਚ ਆਉਂਦਾ ਹੈ ਕਿ ਸਿਕਰੀ ਦੀ ਸਮੱਸਿਆ ਸਰਦੀਆਂ ਵਿੱਚ ਵੱਧ ਜਾਂਦੀ ਹੈ ਇਸ ਨੂੰ ਖੁਸ਼ਕੀ ਦਾ ਨਾਂ ਦੇ ਦਿੱਤਾ ਜਾਂਦਾ ਹੈ। ਇਸ ਦਾ ਮੁੱਖ ਇਲਾਜ ਵਾਲਾਂ ਦੀ ਸਾਂਭ-ਸੰਭਾਲ, ਸਫਾਈ ਅਤੇ ਤੇਲ ਲਗਾ ਕੇ ਰੱਖਣਾ ਹੈ। ਬਜ਼ਾਰ ਵਿੱਚ ਕਈ ਕਿਸਮ ਦੇ ਸੈਂਪੂ ਵੀ ਮਿਲਦੇ ਹਨ ਲੇਕਿਨ ਇਨ੍ਹਾਂ ਦੀ ਵਰਤੋਂ ਮਾਹਿਰ ਡਾਕਟਰ ਦੀ ਸਲਾਹ ਨਾਲ ਹੀ ਕਰਨੀ ਚਾਹੀਦੀ ਹੈ। ਤੇਲਾਂ ਵਿਚੋਂ ਕੁਦਰਤੀ ਤੇਲ ਜਿਵੇਂ ਸਰੋਂ, ਗਿਰੀ ਦਾ ਤੇਲ ਲਾਭਦਾਇਕ ਹਨ।

3. ***ਵਾਲਾਂ ਦਾ ਸਫੇਦ ਹੋਣਾ***: ਬੁਢਾਪੇ ਵਿੱਚ ਵਾਲਾਂ ਦਾ ਚਿੱਟੇ ਹੋਣਾ ਕੁਦਰਤੀ ਹੈ। ਕਈ ਵਾਰ ਵਾਲ ਸਮੇਂ ਤੋਂ ਪਹਿਲਾਂ ਕਿਸ਼ੋਰ ਅਵਸਥਾ ਵਿੱਚ ਵੀ ਸਫੇਦ ਹੋ ਜਾਂਦੇ ਹਨ। ਕਈ ਪਰਿਵਾਰਾਂ ਵਿੱਚ ਵਡੇਰੀ ਉਮਰ ਵਿੱਚ ਵੀ ਵਾਲ ਕਾਲੇ ਬਣੇ ਰਹਿੰਦੇ ਹਨ ਅਤੇ ਕਈਆਂ ਦੀ ਚੰਗੀ ਸਿਹਤ ਦੇ ਬਾਵਜੂਦ ਵੀ ਧੌਲੇ ਜਵਾਨੀ ਵਿੱਚ ਹੀ ਆ ਜਾਂਦੇ ਹਨ। ਤਪਦਿਕ, ਟਾਈਫਾਇਡ, ਪੀਲੀਆ, ਏਡਜ਼, ਕੈਂਸਰ ਆਦਿ ਬਿਮਾਰੀਆਂ ਕਾਰਨ ਵੀ ਵਾਲ ਜਲਦੀ ਚਿੱਟੇ ਹੋਣੇ ਸ਼ੁਰੂ ਹੋ ਜਾਂਦੇ ਹਨ। ਮਾਨਸਿਕ ਤਨਾਉ ਅਤੇ ਚਿੰਤਾ ਮੁੱਖ





ਕਾਰਨ ਹੈ। ਕਈ ਦਵਾਈਆਂ ਅਤੇ ਹੇਅਰ ਡਾਈ ਵਰਤਣ ਨਾਲ ਵੀ ਵਾਲ ਸਫੇਦ ਹੋ ਜਾਂਦੇ ਹਨ।

ਕੇਸਾਂ ਦੀ ਸਾਂਭ ਸੰਭਾਲ ਵੱਲ ਧਿਆਨ ਦੇਣਾ ਬਹੁਤ ਜਰੂਰੀ ਹੈ। ਇਸ ਕੰਮ ਤੇ ਬਹੁਤ ਜਿਆਦਾ ਸਮਾਂ ਵੀ ਨਹੀਂ ਲੱਗਦਾ ਥੋੜਾ ਧਿਆਨ ਲਗਾਉਣ ਨਾਲ ਹੀ ਰੋਗਾਂ ਤੋਂ ਬਚਾਉ ਕੀਤਾ ਜਾ ਸਕਦਾ ਹੈ। ਵਾਲਾਂ ਦੀ ਸਫਾਈ ਸਾਨੂੰ ਕੁਦਰਤੀ ਸਾਧਨਾਂ ਨਾਲ ਕਰਨੀ ਚਾਹੀਦੀ ਹੈ। ਬਜਾਰੀ ਵਿਕਦੇ ਘਟੀਆ ਕਿਸਮ ਦੇ ਸੈਂਪੂ, ਤੇਜ਼ ਸਾਬਣ ਵਾਲਾਂ ਦਾ ਨੁਕਸਾਨ ਹੀ ਕਰਦੇ ਹਨ। ਵਾਲਾਂ ਦੀ ਯੋਗ ਸਫਾਈ ਦੇ ਨਾਲ ਜੇਕਰ ਸੰਤੁਲਿਤ ਖੁਰਾਕ ਖਾਧੀ ਜਾਵੇ ਤਾਂ ਸਰੀਰ ਦੇ ਨਾਲ ਨਾਲ ਕੇਸ ਵੀ ਰੋਗ ਰਹਿਤ ਰਹਿਣਗੇ।

ਪ੍ਰਸ਼ਨ 1: ਸਿੱਖੀ ਵਿੱਚ ਕੇਸਾਂ ਦੀ ਮਹਾਨਤਾ ਕੀ ਹੈ?

ਪ੍ਰਸ਼ਨ 2: ਜੇਕਰ ਕੇਸਾਂ ਦੀ ਸੰਭਾਲ ਨਾ ਕੀਤੀ ਜਾਵੇ ਤਾਂ ਕਿਹੜੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ?

ਪ੍ਰਸ਼ਨ 3: ਕੇਸ ਕਿਹੜੇ ਕਾਰਨਾਂ ਕਰਕੇ ਝੜਦੇ ਹਨ?

ਪ੍ਰਸ਼ਨ 4: ਕੇਸਾਂ ਵਿੱਚ ਸਿਕਰੀ ਦਾ ਰੋਗ ਕਿਉਂ ਹੁੰਦਾ ਹੈ?

ਪ੍ਰਸ਼ਨ 5: ਕੇਸਾਂ ਦੇ ਸਫੇਦ ਹੋਣ ਦੇ ਕੀ ਕਾਰਨ ਹਨ?

# ਗੁਰਬਾਣੀ ਅਤੇ ਸਾਇੰਸ

## ਧਰਤੀ ਦੀ ਉਪਜ ਅਤੇ ਜੀਵਨ ਦੀ ਸ਼ੁਰੂਆਤ

ਵਿਗਿਆਨੀਆਂ ਨੇ ਧਰਤੀ ਦੇ ਜਨਮ ਬਾਰੇ ਕਈ ਸਿਧਾਂਤ ਘੜੇ ਹਨ, ਤਕਰੀਬਨ 500 ਕਰੋੜ ਸਾਲ ਪਹਿਲਾਂ ਸਾਡਾ ਸੂਰਜ ਮੰਡਲ (ਸੂਰਜ ਅਤੇ ਇਸ ਦਾ ਪਰਿਵਾਰ) ਇੱਕ ਬੜੀ ਸੰਘਣੀ ਧੂੜ ਦਾ ਗੁਬਾਰ ਰੂਪ ਸੀ। ਇਹ ਧੂੜ ਕਿਸੇ ਖਿੱਚ ਸ਼ਕਤੀ ਕਾਰਨ (Gravitational attraction) ਨੇੜੇ ਆਉਣ ਲੱਗੀ। ਇਸ ਖਿੱਚ ਸ਼ਕਤੀ ਕਾਰਨ ਇੱਕ ਘੁੰਮਣਘੇਰੀ ਨੇ ਜਨਮ ਲਿਆ,ਬਿਲਕੁਲ ਉਵੇਂ ਹੀ ਜਿਵੇਂ ਲੱਸੀ ਵਿੱਚ ਮਧਾਣੀ ਘੁੰਮਣਘੇਰੀ ਪੈਦਾ ਕਰਦੀ ਹੈ। ਇਸ ਘੁੰਮਣਘੇਰੀ ਕਾਰਨ ਧੂੜ ਮੱਖਣ ਵਾਂਗੂ ਘੇਰੇ ਦੇ ਵਿਚਕਾਰ ਕੇਂਦਰ ਤੇ ਜ਼ਿਆਦਾ ਇੱਕਠੀ ਹੋਣ ਲੱਗੀ ਅਤੇ ਇਹ ਕੇਂਦਰ 'ਤੇ ਐਨੀ ਸੰਘਣੀ ਹੋ ਗਈ ਕਿ ਘੁੰਮਣਘੇਰ ਤੋਂ ਪੈਦਾ ਹੋਣ ਵਾਲੀ ਰਗੜ (Friction) ਕਾਰਨ ਇਸ ਵਿਚੋਂ ਤਪਸ਼ ਨਿਕਲਣ ਲਗੀ। ਇਹ ਤਪਸ਼ ਫਿਰ Nuclear Reactions ਦਾ ਰੂਪ ਧਾਰਨ ਕਰਕੇ, ਸੂਰਜ ਦਾ ਗੋਲਾ ਬਣ ਗਈ। ਘੁੰਮਣਘੇਰ ਦੇ ਕੇਂਦਰ ਬਿੰਦੂ ਤੋਂ ਪਰੇ ਦੀ ਧੂੜ ਛੋਟੇ-ਛੋਟੇ ਗੁਬਾਰ ਬਣਾਉਂਦੀ ਹੋਈ ਕਈ ਟੁਕੜਿਆਂ ਵਿੱਚ ਵੰਡੀ ਗਈ। ਇਨ੍ਹਾਂ ਟੁਕੜਿਆਂ ਵਿਚੋਂ ਸਾਡੀ ਧਰਤੀ ਵੀ ਇੱਕ ਹੈ। ਧਰਤੀ ਦੀ

ਉਪਜ ਬਾਰੇ ਗੁਰੂ ਨਾਨਕ ਸਾਹਿਬ ਜੀ ਫੁਰਮਾਨ ਕਰਦੇ ਹਨ:-

**ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥ (੧੦੩੫)**

ਵਿਗਿਆਨ ਦੇ ਕਥਨ ਅਨੁਸਾਰ ਜਨਮ ਸਮੇਂ ਧਰਤੀ ਬੜੀ ਗਰਮ ਸੀ, ਬਿਲਕੁਲ ਅੱਗ ਵਾਂਗੂ। ਹੌਲੀ-ਹੌਲੀ ਇਹ ਠੰਡੀ ਹੋਣ ਲੱਗੀ। ਛੋਟੇ-ਛੋਟੇ, ਅੱਡ-ਅੱਡ ਸ਼ਕਲਾਂ ਦੇ ਅਤੇ ਅੱਡ-ਅੱਡ ਆਕਾਰਾਂ ਦੇ ਐਟਮ (Atom) ਇਕ-ਦੂਜੇ ਨਾਲ ਜੁੜ ਕੇ ਗੈਸਾਂ ਦੇ ਰੂਪ ਵਿੱਚ ਤਬਦੀਲ ਹੋਣ ਲੱਗੇ।

ਜਿਵੇਂ:

$H + H \longrightarrow H_2$

$H_2 + O \longrightarrow H_2O$

$O + O \longrightarrow O_2$

$C + O_2 \longrightarrow CO_2$

$C + 2H_2 \longrightarrow CH_4$

ਇਨ੍ਹਾਂ ਗੈਸਾਂ ਨੇ ਧਰਤੀ ਨੂੰ ਸਾਰਿਆਂ ਪਾਸਿਆਂ ਤੋਂ ਚੰਗੀ ਤਰ੍ਹਾਂ ਢੱਕ ਲਿਆ। ਜਦੋਂ ਧਰਤੀ ਦਾ ਤਾਪਮਾਨ 100 ਡਿਗਰੀ ਸੈਂਟੀਗਰੇਡ ਤੋਂ ਘੱਟਣਾ ਸ਼ੁਰੂ ਹੋਇਆ ਤਾਂ ਜਿੰਨੀ ਵੀ ਭਾਫ ਜਾਂ ਵਾਸ਼ਪ (Water Vapours) ਹਵਾ ਵਿੱਚ ਮੌਜੂਦ ਸੀ ਉਹ ਵਰਖਾ ਦੇ ਰੂਪ ਵਿੱਚ ਧਰਤੀ ਤੇ ਡਿੱਗਣ ਲੱਗੇ।

ਗੁਰਬਾਣੀ ਵੀ ਇਸ ਗਲ ਦੀ ਪੜੋੜਤਾ ਕਰਦੀ ਹੈ:

**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥ (੧੯)**

(ਪਰਮਾਤਮਾ ਦੇ ਹੁਕਮ ਨਾਲ ਪਵਨ (ਭਾਫ, ਵਾਸ਼ਪ, ਹਵਾ ਜਾਂ ਗੈਸ) ਬਣੀ ਅਤੇ ਉਸ ਪਵਨ ਤੋਂ ਫਿਰ ਪਾਣੀ)

ਇਹ ਵਰਖਾ ਕਈ ਸਦੀਆਂ ਤੱਕ ਨਿਰੰਤਰ ਹੁੰਦੀ ਰਹੀ। ਇਸੇ ਕਾਰਨ ਧਰਤੀ ਦਾ ਇਕ ਵੱਡਾ ਹਿੱਸਾ ਪਾਣੀ ਨਾਲ ਢੱਕਿਆ ਗਿਆ।

ਵਿਗਿਆਨੀ Redi ਅਤੇ Pasxteir ਦਾ ਸਿਧਾਂਤ ਹੈ ਕਿ ਜੀਵਨ ਦੀ ਉਪਜ ਕੇਵਲ ਜੀਵਨ ਤੋਂ ਹੀ ਸੰਭਵ ਹੈ ਪਰੰਤੂ ਇਥੇ ਇੱਕ ਸੁਆਲ ਇਹ ਉਠਦਾ ਹੈ ਕਿ ਜੇ ਜੀਵਨ ਦਾ ਜਨਮ ਕਿਸੇ ਦੂਜੇ ਜੀਵਨ ਤੋਂ ਹੈ ਤਾਂ ਇਸ ਦੀ ਮੁਢਲੀ ਸ਼ੁਰੂਆਤ ਕਿਥੋਂ ਹੋਈ? ਇਸ ਕਰਕੇ ਇਸ ਸਿਧਾਂਤ ਦੀ ਸੋਧ ਕੀਤੀ ਵਿਗਿਆਨੀ A.J. Oparin ਅਤੇ J.B.S. Haldane ਨੇ। ਇਨ੍ਹਾਂ ਵਿਗਿਆਨੀਆਂ ਮੁਤਾਬਿਕ ਧਰਤੀ ਤੇ ਮੁਢਲਾ ਜੀਵਨ ਉਨ੍ਹਾਂ ਚੀਜ਼ਾਂ ਵਿਚੋਂ ਸ਼ੁਰੂ ਹੋਇਆ ਜਿਨ੍ਹਾਂ ਨੂੰ ਅਸੀਂ ਨਿਰਜੀਵ ਸਮਝਦੇ ਹਾਂ। ਇਹ ਸਿਧਾਂਤ ਹੁਣ Abiogenesis (ਮਾਦੇ ਤੋਂ ਜੀਵ ਦੀ ਉਪਜ) ਦੇ ਨਾਂਓਂ ਨਾਲ





ਜਾਣਿਆ ਜਾਂਦਾ ਹੈ। ਇਨ੍ਹਾਂ ਵਿਗਿਆਨੀਆਂ ਦੀ ਰਾਏ ਅਨੁਸਾਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਿਵੇਂ ਦੀਆਂ ਹਾਲਤਾਂ ਹੁਣ ਧਰਤੀ ਤੇ ਹਨ, ਇਨ੍ਹਾਂ ਹਾਲਤਾਂ ਵਿੱਚ Abiogenesis ਸੰਭਵ ਨਹੀਂ ਹੈ ਪਰੰਤੂ ਧਰਤੀ ਦੇ ਪੈਦਾ ਹੋਣ ਤੋਂ ਕੁਝ ਸਮੇਂ ਮਗਰੋਂ Abigenesis ਜਰੂਰ ਸੰਭਵ ਸੀ ਕਿਉਂਕਿ ਉਸ ਸਮੇਂ ਹਾਲਤਾਂ ਇਸ ਦੇ ਬਿਲਕੁਲ ਅਨੁਕੂਲ ਸਨ। ਗੁਰਬਾਣੀ ਦਾ ਫੁਰਮਾਨ ਹੈ:

**ਕਈ ਜਨਮ ਸੈਲ ਗਿਰਿ ਕਰਿਆ॥**

ਭਾਵ: ਕਈ ਜਨਮ, ਜੀਵਨ, ਪਹਾੜ ਅਤੇ ਚਟਾਨਾਂ ਬਣ ਵਿਚਰਦਾ ਰਿਹਾ।

**ਕਈ ਜਨਮ ਸਾਖ ਕਰਿ ਉਪਾਇਆ॥**

ਭਾਵ: ਕਈ ਜਨਮ, ਜੀਵਨ ਨੇ ਬਨਸਪਤੀ ਵਿੱਚ ਬਿਤਾ ਦਿੱਤੇ।

**ਕਈ ਜਨਮ ਭਏ ਕੀਟ ਪਤੰਗਾ॥**
**ਕਈ ਜਨਮ ਗਜ ਮੀਨ ਕੁਰੰਗਾ॥**
**ਕਈ ਜਨਮ**
**ਪੰਖੀ ਸਰਪ**
**ਹੋਇਓ॥**
**ਕਈ ਜਨਮ**
**ਹੈਵਰ ਬ੍ਰਿਖ**
**ਜੋਇਓ॥**
**(੧੭੬)**




ਭਾਵ: ਕਈ ਜਨਮ ਕੀੜਿਆਂ ਪਤੰਗਿਆਂ ਹਾਥੀਆਂ, ਸੱਪਾਂ, ਦਰਖਤਾਂ, ਵਿੱਚ ਬਿਤਾ ਦਿੱਤੇ।

**ਚਿਰੰਕਾਲ ਇਹ ਦੇਹ ਸੰਜਰੀਆ॥ (੧੭੬)**

ਭਾਵ: ਬੜੀ ਦੇਰ ਮਗਰੋਂ ਮਨੁੱਖੀ ਕਾਇਆ ਸਾਜੀ ਗਈ। ਗੁਰਬਾਣੀ ਅਨੁਸਾਰ ਜੀਵਨ ਦੀ ਸ਼ੁਰੂਆਤ ਉਨ੍ਹਾਂ ਤੋਂ ਹੋਈ ਜਿਨ੍ਹਾਂ ਨੂੰ ਅਸੀਂ ਨਿਰਜੀਵ ਸਮਝਦੇ ਹਾਂ ਜਿਵੇ: ਪੱਥਰ, ਚਟਾਨ ਆਦਿ। ਜੀਵਨ ਵਿਕਸਤ ਹੋਣ ਲਗਾ ਇਸ ਨੇ ਬਨਸਪਤੀ ਦਾ ਰੂਪ ਲੈ ਲਿਆ। ਫਿਰ ਕੀੜੇ ਮਕੌੜੇ, ਪਸ਼ੂ ਪੰਛੀ ਅੰਤ ਇਸ ਨੇ ਮਨੁੱਖੀ ਜੀਵਨ ਧਾਰਨ

ਕਰ ਲਿਆ।

ਪਾਣੀ ਦਾ ਜੀਵਨ ਨਾਲ ਇਕ ਖਾਸ ਰਿਸ਼ਤਾ ਹੈ। ਪਾਣੀ ਤੋਂ ਬਿਨਾਂ ਜੀਵਨ ਅਸੰਭਵ ਹੈ। ਧਰਤੀ ਦਾ ਹੁਣ ਵੀ ਲਗਭਗ 70% ਹਿੱਸਾ ਪਾਣੀ ਜਾਂ ਬਰਫ ਨਾਲ ਢੱਕਿਆ ਹੋਇਆ ਹੈ। ਧਰਤੀ ਵਿੱਚ ਵੀ ਅੰਤਾਂ ਦਾ ਪਾਣੀ ਮੌਜੂਦ ਹੈ। ਵਾਯੂ-ਮੰਡਲ ਵਿੱਚ ਵੀ ਪਾਣੀ ਦੀ ਭਾਰੀ ਮਾਤਰਾ, ਵਾਸ਼ਪ, ਧੁੰਦ ਜਾਂ ਬੱਦਲਾਂ ਦੇ ਰੂਪ ਵਿੱਚ ਮਿਲਦੀ ਹੈ। ਬਨਸਪਤੀ ਅਤੇ ਜੰਤੂ ਜੀਵਨ ਦਾ ਇੱਕ ਵੱਡਾ ਅੰਗ ਪਾਣੀ ਹੀ ਹੈ। ਮਨੁੱਖ ਸਰੀਰ ਦਾ ਲਗਭਗ 70% ਹਿੱਸਾ ਵੀ








ਪਾਣੀ ਹੀ ਹੈ। ਸਾਡੀਆਂ ਖਾਣ ਵਾਲੀਆਂ ਬਹੁਤੀਆਂ ਵਸਤਾਂ ਵਿੱਚ ਵੀ ਪਾਣੀ ਹੀ ਹੁੰਦਾ ਹੈ। ਗੁਰਬਾਣੀ ਫੁਰਮਾਨ ਕਰਦੀ ਹੈ:

**ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ॥ (੧੯)**

**ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਸਭ ਕੋਇ॥ (੧੨੮੩)**

ਭਾਵ: ਇਹ ਜਗਤ, ਇਹ ਜੀਵਨ, ਸਭ ਕੋਈ, ਪਾਣੀ ਤੋਂ ਹੀ ਉਪਜਿਆ ਹੈ। ਪਾਣੀ ਤੋਂ ਬਿਨਾਂ ਜੀਵਨ ਅਸੰਭਵ ਹੈ।

ਦਿੱਤੇ ਚਿੱਤਰ ਵਿੱਚ ਦਰਸਾਇਆ ਗਿਆ ਹੈ ਕਿ ਵਿਗਿਆਨ ਮੁਤਾਬਿਕ ਧਰਤੀ ਦੇ ਜੀਵ ਅਤੇ ਮਨੁੱਖ ਕਿਸ ਤਰ੍ਹਾਂ ਹੋਂਦ ਵਿੱਚ ਆਇਆ।

ਪਿਆਰੇ ਵਿਦਿਆਰਥੀਓ! ਵਿਗਿਆਨ ਜੋ ਕੁਝ ਅੱਜ ਕਹਿ ਰਿਹਾ ਹੈ। ਉਹ ਗੁਰੂ ਨਾਨਕ ਸਾਹਿਬ ਨੇ 500 ਸਾਲ ਪਹਿਲਾਂ ਕਹਿ ਦਿੱਤਾ ਸੀ।

ਧੰਨਵਾਦ ਸਾਹਿਤ ਗੁਰਬਾਣੀ ਅਤੇ ਵਿਗਿਆਨ ਪ੍ਰੋ. ਤਰਲੋਚਨ ਸਿੰਘ।

ਪ੍ਰਸ਼ਨ 1: ਧਰਤੀ ਦੀ ਹੋਂਦ ਕਿਵੇਂ ਹੋਈ?

ਪ੍ਰਸ਼ਨ 2: ਜੀਵਨ ਦੀ ਉਪਜ ਕਿਵੇਂ ਹੋਈ?

ਪ੍ਰਸ਼ਨ 3: ਪਾਣੀ ਦਾ ਜੀਵਨ ਨਾਲ ਕੀ ਰਿਸ਼ਤਾ ਹੈ?

## ਨਾਨਕਸ਼ਾਹੀ ਕੈਲੰਡਰ

14 ਅਪ੍ਰੈਲ 2003 ਈ. ਨੂੰ ਦਮਦਮਾ ਸਾਹਿਬ ਤੋਂ ਜਾਰੀ ਹੋਇਆ ਨਾਨਕਸ਼ਾਹੀ ਕੈਲੰਡਰ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਦਿਵਸ ਨੂੰ ਸਮਰਪਿਤ ਕੀਤਾ ਗਿਆ।

ਇਸ ਅਨੁਸਾਰ ਸਿੱਖ ਗੁਰੂ ਸਾਹਿਬਾਨ ਦੇ ਪ੍ਰਕਾਸ਼, ਗੁਰਗੱਦੀ, ਸ਼ਹੀਦੀ ਅਤੇ ਜੋਤੀ ਜੋਤ ਸਮਾਉਣ ਦੇ ਦਿਵਸਾਂ ਤੋਂ ਛੁੱਟ ਇਤਿਹਾਸਕ ਘਟਨਾਵਾਂ ਅਤੇ ਅਹਿਮ ਦਿਨਾਂ ਦੀਆਂ ਤਰੀਖਾਂ ਨਿਰਧਾਰਿਤ ਕਰ ਦਿੱਤੀਆਂ ਹਨ।

ਨਾਨਕ ਸ਼ਾਹੀ ਸਾਲ ਦਾ ਪਹਿਲਾ ਮਹੀਨਾ ਚੇਤ ਤੇ ਅਖੀਰਲਾ ਮਹੀਨਾ ਫੱਗਣ ਹੈ। ਪਹਿਲੇ 5 ਮਹੀਨੇ 31 ਦਿਨਾਂ ਦੇ ਹਨ ਅਤੇ ਪਿਛਲੇ ਸੱਤ ਮਹੀਨੇ 30 ਦਿਨਾਂ ਦੇ ਹੈ। ਲੀਪ ਦੇ ਸਾਲ ਵਿੱਚ ਆਖਰੀ ਮਹੀਨਾ ਜੋ ਕਿ ਫੱਗਣ ਦਾ ਹੈ 31 ਦਿਨਾਂ ਦਾ ਹੋਵੇਗਾ।

ਇਸ ਕੈਲੰਡਰ ਦਾ ਸ਼ੁਰੂ ਵਿੱਚ 1526 ਚੇਤ ਤੋਂ ਕੀਤਾ ਗਿਆ ਹੈ। ਕਿਉਂਕਿ ਗੁਰੂ ਨਾਨਕ ਦੇਵ ਜੀ ਦਾ ਜਨਮ 1526 ਸੰਮਤ ਵਿੱਚ ਹੋਇਆ ਸੀ।

ਪ੍ਰਸ਼ਨ 1: ਨਾਨਕਸ਼ਾਹੀ ਕੈਲੰਡਰ ਕਿਸ ਪਵਿੱਤਰ ਸ਼ਹਿਰ ਵਿਖੇ ਜਾਰੀ ਕੀਤਾ ਗਿਆ?

ਪ੍ਰਸ਼ਨ 2: ਨਾਨਕਸ਼ਾਹੀ ਕੈਲੰਡਰ ਵਿੱਚ ਕਿਹੜੀਆਂ ਖਾਸ ਤਰੀਕਾਂ ਨਿਰਧਾਰਿਤ ਕੀਤੀਆਂ ਗਈਆਂ ਹਨ?

ਪ੍ਰਸ਼ਨ 3: ਨਾਨਕਸ਼ਾਹੀ ਕੈਲੰਡਰ ਦਾ ਪਹਿਲਾ ਮਹੀਨਾ ਕਿਹੜਾ ਹੈ?

# ਸਿੱਖ ਰਹਿਤ ਮਰਯਾਦਾ

(ਮਰਯਾਦਾ ਸ੍ਰੀ ਅਕਾਲ ਤਖਤ ਸਾਹਿਬ)

ਪਹਿਲੇ 12 ਨੌਵੀਂ ਜਮਾਤ ਦੀ ਕਿਤਾਬ ਵਿੱਚ ਦਰਜ ਹਨ।

13. ***ਜਨਮ ਤੇ ਨਾਮ-ਸੰਸਕਾਰ***

ੳ) ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਜੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪਰਮੇਸਰਿ ਦਿਤਾ ਬੰਨਾ' (ਸੋਰਠਿ ਮ:੫) 'ਸਤਿਗੁਰ ਸਾਚੇ ਦੀਆ ਭੇਜਿ' (ਆਸਾ ਮ:੫) ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ ਉਪਰੰਤ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ, ਫਿਰ ਵਾਕ ਲਿਆ ਜਾਵੇ। ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾਂ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉਂ ਪਿੱਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿੱਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪਰੰਤ, ਅਨੰਦ ਸਾਹਿਬ (ਛੇ ਪਉੜੀਆਂ) ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖੁਸ਼ੀ ਦਾ ਯੋਗ ਸ਼ਬਦਾਂ ਵਿੱਚ ਅਰਦਾਸ ਕਰ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

ਅ) ਜਨਮ ਦੇ ਸਬੰਧ ਵਿੱਚ ਖਾਣ-ਪੀਣ ਵਿੱਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ ਕਿਉਂਕਿ:

***"ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥***
***ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ॥"***

ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮੱਤ ਹੈ।

14. ***ਅਨੰਦ ਸੰਸਕਾਰ***

ੳ) ਸਿੱਖ ਸਿੱਖਣੀ ਦਾ ਵਿਆਹ, ਬਿਨਾਂ ਜਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਏ।

ਅ) ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।

ੲ) ਸਿੱਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਏ।

ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿੱਚ ਕਰਨਾ ਵਿਵਰਜਿਤ ਹੈ।





ਹ) ਜਦ ਲੜਕੀ ਸਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ, ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਵੇ।

ਕ) 'ਅਨੰਦ' ਤੋਂ ਪਹਿਲਾਂ ਕੁੜਮਾਈ ਦੀ ਰਸਮ ਜਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ, ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।

ਖ) 'ਅਨੰਦ' ਦਾ ਦਿਨ ਮੁਕੱਰਰ ਕਰਨ ਲੱਗਿਆ ਕੋਈ ਥਿਤਿ-ਵਾਰ, ਚੰਗੇ-ਮੰਦੇ ਦਿਨ ਦੀ ਖੋਜ ਕਰਨ ਲਈ ਪਤ੍ਰੀ ਵਾਚਣਾ ਮਨਮੱਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿੱਚ ਸਲਾਹ ਕਰ ਕੇ ਚੰਗਾ ਦਿੱਸੇ, ਨਿਯਤ ਕਰ ਲੈਣਾ ਚਾਹੀਦਾ ਹੈ।

ਗ) ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿੱਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ ਹੈ।

ਘ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ, ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ 'ਫ਼ਤਹਿ' ਗਜਾਈ ਜਾਵੇ।

ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ, ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ 'ਅਨੰਦ' ਪੜ੍ਹਾਉਣ ਵਾਲਾ ਸਿੱਖ (ਮਰਦ ਜਾਂ ਇਸਤਰੀ) ਲੜਕੇ ਲੜਕੀ ਤੇ ਉਨ੍ਹਾਂ ਦਿਆਂ ਮਾਪਿਆ ਜਾਂ ਸਰਬਰਾਹਾਂ ਨੂੰ ਖੜ੍ਹਾ ਕਰਕੇ 'ਅਨੰਦ' ਦੇ ਅਰੰਭ ਦਾ ਅਰਦਾਸ ਸੋਧੇ। ਫਿਰ ਉਹ ਲੜਕੇ ਤੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਿਹਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਕਰੇ।

ਪਹਿਲੇ, ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿੱਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ-ਪਤਨੀ ਦੇ ਸਬੰਧ ਨੂੰ ਜੀਵ ਤੇ ਪਰਮਾਤਮਾ ਦੇ ਪਿਆਰ ਦੇ ਨਮੂਨੇ ਉਤੇ ਢਾਲਣ ਦੀ ਵਿਧੀ ਦੱਸੇ।

ਆਪਸ ਵਿੱਚ ਪ੍ਰੇਮ ਦੁਆਰਾ "ਏਕ ਜੋਤਿ ਦੁਇ ਮੂਰਤੀ" ਹੋਣਾ ਦੱਸੇ ਤੇ ਇਕੁਰ ਗ੍ਰਿਹਸਤ ਧਰਮ ਨਿਭਾਉਂਦੇ ਹੋਏ ਆਪਣੇ ਸਾਂਝੇ ਭਰਤਾ 'ਅਕਾਲ ਪੁਰਖ' ਨਾਲ ਇਕਮਿਕ ਹੋਣਾ ਦ੍ਰਿੜਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾ ਜਨਮ ਦੀ ਯਾਤਰਾ ਨੂੰ ਸਫਲਤਾ ਨਾਲ ਨਿਭਾਹੁਣ ਦਾ ਸਾਧਨ ਬਨਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿੱਤਰ

ਤੇ ਗੁਰਮੁੱਖੀ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵੱਖੋ-ਵੱਖਰੇ, ਗ੍ਰਿਹਸਤ ਧਰਮ ਦੇ ਫ਼ਰਜ਼ ਦੱਸੇ ਜਾਣ।

ਵਰ ਨੂੰ ਦੱਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ ਸਾਰੀਆਂ ਅਵਸਥਾਂ ਵਿੱਚ ਇਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛਕਣਾ ਹੈ। ਇਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤਰੀ-ਬਰਤ ਧਰਮ ਵਿੱਚ ਪੱਕੇ ਰਹਿਣਾ। ਇਸ ਦੇ ਮਾਤਾ ਪਿਤਾ ਤੇ ਸਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸਬੰਧੀਆਂ ਤੁੱਲ ਆਦਰ ਦੇਣਾ।

ਕੰਨਿਆ ਨੂੰ ਦੱਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ 'ਨਿਰਮਲ ਭਉ' ਵਿੱਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ, ਦੁਖ ਸੁਖ, ਦੇਸ ਪਰਦੇਸ ਵਿੱਚ ਆਪਣੇ ਪਤੀ-ਬਰਤ ਧਰਮ ਵਿੱਚ ਪੱਕੇ ਰਹਿਣਾ, ਸੇਵਾ ਕਰਨੀ। ਇਨ੍ਹਾਂ ਦੇ ਮਾਤਾ ਪਿਤਾ ਤੇ ਸਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸਬੰਧੀਆਂ ਵਾਂਗ ਜਾਣਨਾ।

ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁੱਖੀ ਸਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆ ਬੈਠਾ ਸੱਜਣ ਸੂਹੀ ਮਹਲਾ ੪ ਵਿੱਚ ਦਿੱਤੀਆਂ ਲਾਵਾਂ ਦਾ ਪਾਠ ਸੁਣਾਵੇ। ਹਰੇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆਂ, ਵਰ ਦਾ ਪੱਲਾ ਫੜਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾਂ ਕਰਨ। ਪ੍ਰਕਰਮਾਂ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆਂ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ। ਉਪਰੰਤ ਮੱਥਾ ਟੇਕ ਕੇ ਆਪਣੀ ਥਾਂ ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਪਉੜੀ ਦਾ ਪਾਠ ਕਰੇ। ਫਿਰ 'ਅਨੰਦ' ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।





ਚ) ਅਨਮਤ ਵਾਲਿਆਂ ਦਾ ਵਿਆਹ 'ਅਨੰਦ' ਰੀਤੀ ਨਾਲ ਨਹੀਂ ਹੋ ਸਕਦਾ।

ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ।

ਜ) ਜੇ ਬਾਲਕੀ ਦੇ ਮਾਪੇ ਕਦਾਂਚ ਸੱਬਬ ਪਾਇ ਕੈ ਬਾਲਕੀ ਦੇ ਗ੍ਰਿਹਿ ਵਿਖੇ ਜਾਣ ਅਤੇ ਉਥੇ ਪ੍ਰਸ਼ਾਦਿ ਤਿਆਰ ਹੋਵੇ, ਤਾਂ ਖਾਣ ਤੋਂ ਸੰਕੋਚਣਾ ਨਹੀਂ। ਅੰਨ ਨਾ ਖਾਣਾ ਸਭ ਭਰਮ ਹੈ। ਖਾਲਸੇ ਨੂੰ, ਖਾਣਾ ਖਲਾਵਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਰਹਿਣ, ਇਸੇ ਵਾਸਤੇ, ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹਨ।

ਝ) ਜਿਸ ਇਸਤਰੀ ਦਾ ਭਰਤਾ ਕਾਲ-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖਕੇ ਪੁਨਰ ਸੰਜੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।

ਞ) ਪੁਨਰ ਵਿਆਹ ਦੀ ਵੀ ਇਹੋ ਰੀਤ ਹੈ, ਜੋ 'ਅਨੰਦ' ਲਈ ਉਤੇ ਦੱਸੀ ਹੈ।

ਟ) ਆਮ ਹਾਲਤਾਂ ਵਿੱਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਦਾ।

ਠ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ।

15. ***ਮਿਰਤਕ ਸੰਸਕਾਰ***

ੳ) ਪ੍ਰਾਣੀ ਨੂੰ ਮਰਨ ਵੇਲੇ-ਜੇ ਮੰਜੇ ਤੇ ਹੋਵੇ ਤਾਂ-ਹੇਠ ਨਹੀਂ ਉਤਾਰਨਾ, ਦੀਵਾ-ਵੱਟੀ, ਗਊ ਮਣਸਾਉਣਾ ਜਾਂ ਹੋਰ ਕੋਈ ਮਨਮਤ ਨਹੀਂ ਕਰਨੀ। ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ 'ਵਾਹਿਗੁਰੂ' 'ਵਾਹਿਗੁਰੂ' ਕਰਨਾ।

ਅ) ਪ੍ਰਾਣੀ ਦੇ ਦੇਹ ਤਿਆਗਣ 'ਤੇ ਧਾਹ ਨਹੀਂ ਮਾਰਨੀ, ਪਿੱਟਣਾ, ਜਾਂ ਸਿਆਪਾ ਨਹੀਂ ਕਰਨਾ, ਮਨ ਨੂੰ ਵਾਹਿਗੁਰੂ ਦੀ ਰਜ਼ਾ ਵਿੱਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ ਵਾਹਿਗੁਰੂ ਦਾ ਜਾਪ ਕਰੀ ਜਾਣਾ ਚੰਗਾ ਹੈ।

ੲ) ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ, ਸੋ ਭੀ ਸਸਕਾਰਨਾ ਚਾਹੀਏ। ਜਿਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ ਉਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ।

ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।

ਹ) ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਛ ਬਸਤ੍ਰ ਪਾਏ ਜਾਣ ਤੇ ਕਕਾਰ

ਜੁਦਾ ਨ ਕੀਤੇ ਜਾਣ। ਫਿਰ ਤਖ਼ਤੇ ਉਤੇ ਪਾ ਕੇ ਚਲਾਣੇ ਦਾ ਅਰਦਾਸ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ। ਨਾਲ ਵੈਰਾਗਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਵੇ। ਸਸਕਾਰ ਦੀ ਥਾਂ 'ਤੇ ਪਹੁੰਚਕੇ ਚਿਖਾ ਰਚੀ ਜਾਵੇ। ਫਿਰ ਸਰੀਰ ਨੂੰ ਅਗਨੀ ਭੇਟਾ ਕਰਨ ਲਈ ਅਰਦਾਸਾ ਸੋਧਿਆ ਜਾਵੇ। ਫਿਰ ਪ੍ਰਾਣੀ ਨੂੰ ਅੰਗੀਠੇ ਉੱਤੇ ਰੱਖ ਕੇ ਪੁੱਤਰ ਜਾਂ ਹੋਰ ਸੰਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁਝ ਵਿਥ 'ਤੇ ਬਹਿ ਕੇ ਕੀਰਤਨ ਕਰੇ ਜਾਂ ਵੈਰਾਗਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾਂ (ਕਪਾਲਿ ਕਿਰਿਆ ਆਦਿ ਕਰਨਾ ਮਨਮਤ ਹੈ), ਕੀਰਤਨ ਸੋਹਿਲੇ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ। ਕੋਈ ਵੀ ਦਿਨ ਸਬੰਧੀਆਂ ਦੇ ਸੌਖ ਨੂੰ ਮੁੱਖ ਰੱਖ ਕੇ ਨਿਯਤ ਕਰਕੇ ਘਰ ਜਾਂ ਲਾਗੇ ਦੇ ਗੁਰਦੁਆਰੇ ਵਿੱਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ ਤੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸਾ ਕੀਤਾ ਜਾਵੇ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। ਇਸ ਪਿੱਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ।

ਕ) ਮਿਰਤਕ ਪ੍ਰਾਣੀ ਦਾ 'ਅੰਗੀਠਾ' ਠੰਡਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿੱਚ ਪ੍ਰਵਾਹ ਕਰ ਦਿੱਤੀ ਜਾਵੇ, ਜਾਂ ਉਥੇ ਹੀ ਦੱਬ ਕੇ ਜਿਮੀਂ ਬਰਾਬਰ ਕਰ ਦਿੱਤੀ ਜਾਵੇ। ਸਸਕਾਰ ਅਸਥਾਨ 'ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾਂ ਹੈ।

ਖ) ਅਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ, ਬੁੱਢਾ ਮਰਨਾ ਆਦਿ ਕਰਨਾ ਮਨਮਤ ਹੈ। ਅੰਗੀਠੇ ਵਿਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿੱਚ ਜਾ ਕੇ ਪਾਣੇ ਮਨਮਤ ਹੈ।

ਬਾਕੀ ਦੀ ਰਹਿਤ ਮਰਿਯਾਦਾ ਦੂਜੀ ਛਿਮਾਹੀ ਵਿੱਚ ਦਰਜ ਹੈ।

ਪ੍ਰਸ਼ਨ 1: ਜਨਮ ਤੇ ਨਾਮ ਸੰਸਕਾਰ ਤੇ ਨੋਟ ਲਿਖੋ?

ਪ੍ਰਸ਼ਨ 2: ਸਿੱਖ/ਸਿੱਖਣੀ ਦੇ ਅਨੰਦ ਸੰਸਕਾਰ ਤੇ ਨੋਟ ਲਿਖੋ?

ਪ੍ਰਸ਼ਨ 3: ਵਿਆਹ ਤੋਂ ਬਾਅਦ ਸਿੱਖ/ਸਿੱਖਣੀ ਦੇ ਕੀ ਫਰਜ ਹਨ। ਉਹਨਾਂ ਬਾਰੇ ਚਰਚਾ ਕਰੋ।

ਪ੍ਰਸ਼ਨ 4: ਸਿੱਖ ਧਰਮ ਵਿੱਚ ਲਾਵਾਂ ਕਰਾਉਣ ਦੇ ਢੰਗ 'ਤੇ ਨੋਟ ਲਿਖੋ।

ਪ੍ਰਸ਼ਨ 5: ਮਿਰਤਕ ਸੰਸਕਾਰ 'ਤੇ ਨੋਟ ਲਿਖੋ।





## ਵਾਤਾਵਰਣ ਸਬੰਧੀ ਸਾਡਾ ਕਰਤੱਵ

## ਪਾਣੀ ਦੀ ਸੰਭਾਲ

1. ਸ਼ਾਵਰ ਦੀ ਥਾਂ ਬਾਲਟੀ ਵਿੱਚ ਪਾਣੀ ਲੈ ਕੇ ਮੱਗ ਨਾਲ ਨਹਾਉ।
2. ਬੁਰਸ਼ ਕਰਦੇ ਸਮੇਂ ਪਾਣੀ ਦੀ ਟੂਟੀ ਚੱਲਦੀ ਨਾ ਰੱਖੋ।
3. ਪਾਣੀ ਭਰਨ ਤੋਂ ਬਾਅਦ ਟੂਟੀ ਨੂੰ ਕੱਸ ਕੇ ਬੰਦ ਕਰੋ।
4. ਜੇਕਰ ਕੋਈ ਟੂਟੀ ਲੀਕ ਕਰਦੀ ਹੈ ਜਾਂ ਖਰਾਬ ਹੈ ਤਾਂ ਉਸ ਨੂੰ ਜਿੰਨੀ ਛੇਤੀ ਹੋ ਸਕੇ ਠੀਕ ਕਰਵਾ ਲਉ।
5. ਕਾਰ ਸਾਫ ਕਰਨ ਵੇਲੇ ਪਾਈਪ ਦੀ ਥਾਂ ਬਾਲਟੀ ਅਤੇ ਮੱਗ ਦੀ ਵਰਤੋਂ ਕਰਨੀ ਜਿਆਦਾ ਠੀਕ ਹੁੰਦੀ ਹੈ।
6. ਬਾਰਸ਼ ਦਾ ਪਾਣੀ ਇਕੱਠਾ ਕਰਕੇ ਕਈ ਕੰਮਾਂ ਲਈ ਵਰਤਿਆ ਜਾ ਸਕਦਾ ਹੈ।
7. ਸਾਫ਼ ਪਾਣੀ ਦੇ ਸੋਮੇ, ਦਰਿਆਵਾਂ, ਝੀਲਾਂ ਆਦਿ ਨੂੰ ਗੰਦਾ ਨਹੀਂ ਕਰਨਾ ਚਾਹੀਦਾ। ਇਨ੍ਹਾਂ ਵਿੱਚ ਨਹਾਉਣ, ਕੱਪੜੇ ਧੋਣ ਅਤੇ ਕੂੜਾ ਕਰਕਟ ਸੁੱਟਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।
8. ਸਾਨੂੰ ਆਪਣੇ ਘਰੇਲੂ ਕੰਮ-ਕਾਰਾਂ ਲਈ ਸਾਬਣ, ਸੋਡਾ, ਸਰਫ ਅਤੇ ਹੋਰ ਰਸਾਇਣਾ ਦੀ ਵਰਤੋਂ ਘੱਟ ਤੋਂ ਘੱਟ ਕਰਨੀ ਚਾਹੀਦੀ ਹੈ।
9. ਫੈਕਟਰੀਆਂ ਨੂੰ ਆਪਣਾ ਵਰਤਿਆ ਹੋਇਆ ਪਾਣੀ, ਬਾਹਰ ਸੁੱਟਣ ਤੋਂ ਪਹਿਲਾਂ ਚੰਗੀ ਤਰ੍ਹਾਂ ਸਾਫ ਕਰਨਾ ਚਾਹੀਦਾ ਹੈ।

## ਹਵਾ ਦੇ ਪ੍ਰਦੂਸ਼ਣ ਨੂੰ ਘੱਟ ਕਰਨ ਦੇ ਉਪਾਅ

1. ਸਾਨੂੰ ਵੱਧ ਤੋਂ ਵੱਧ ਹਰੇ ਪੌਦੇ ਉਗਾਉਣੇ ਚਾਹੀਦੇ ਹਨ। ਹਰੇ ਪੌਦੇ ਹਵਾ ਸਾਫ ਕਰਨ ਵਿੱਚ ਸਾਡੀ ਸਹਾਇਤਾ ਕਰਦੇ ਹਨ।
2. ਕਾਰਾਂ, ਸਕੂਟਰਾਂ, ਬੱਸਾਂ, ਟਰੱਕ ਅਤੇ ਹੋਰ ਵਾਹਨਾਂ ਦਾ ਪ੍ਰਦੂਸ਼ਣ ਸਮੇਂ-ਸਮੇਂ ਚੈੱਕ ਕਰਾਉਣਾ ਚਾਹੀਦਾ ਹੈ, ਤਾਂ ਜੋ ਇਨ੍ਹਾਂ ਦੁਆਰਾ ਛੱਡਿਆ ਧੂੰਆ ਹਵਾ ਵਿੱਚ ਜ਼ਹਿਰ ਨਾਂ ਫੈਲਾਵੇ।
3. ਪਿੰਡਾਂ ਵਿਚ ਲੋਕਾਂ ਨੂੰ ਪਾਥੀਆਂ, ਲੱਕੜੀ ਜਾਂ ਕੋਲਾ ਬਾਲ ਕੇ ਖਾਣਾ ਪਕਾਉਣ ਦੀ ਥਾਂ ਗੋਬਰ ਗੈਸ ਜਾਂ ਐਲ.ਪੀ.ਜੀ. (L.P.G.) ਗੈਸ ਦੀ ਵਰਤੋਂ ਕਰਨੀ ਚਾਹੀਦੀ ਹੈ।
4. ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਫਸਲਾਂ ਉੱਤੇ ਜ਼ਹਿਰੀਲੇ ਕੀਟ ਨਾਸ਼ਕ ਦਵਾਈਆਂ ਨਾ ਛਿੜਕਣ। ਜਿਥੋਂ ਤੱਕ ਹੋ ਸਕੇ ਕੀਟ ਨਾਸ਼ਕ ਦਵਾਈਆਂ ਦੀ ਵਰਤੋਂ ਘੱਟ ਤੋਂ ਘੱਟ ਕਰਨ।
5. ਵਾਹਨਾਂ ਵਿੱਚ ਪੈਟਰੋਲ ਅਤੇ ਡੀਜ਼ਲ ਦੀ ਥਾਂ ਸੀ.ਐਨ.ਜੀ. (ਕੁਦਰਤੀ ਗੈਸ) ਦੀ ਵਰਤੋਂ ਕੀਤੀ ਜਾਵੇ।

## ਸ਼ੋਰ ਪ੍ਰਦੂਸ਼ਣ ਤੋਂ ਬਚਾਉਣ ਦੇ ਉਪਾਅ

1. ਸਾਨੂੰ ਇਹ ਆਦਤ ਬਣਾ ਲੈਣੀ ਚਾਹੀਦੀ ਹੈ ਕਿ ਰੇਡੀਓ, ਟੈਲੀਵਿਜ਼ਨ ਅਤੇ ਮਿਊਜ਼ਿਕ ਸਿਸਟਮ ਦੀ ਅਵਾਜ਼ ਹੌਲੀ ਰੱਖੀਏ।
2. ਸਾਨੂੰ ਹਾਰਨਾਂ ਦੀ ਬੇਲੋੜੀ ਵਰਤੋਂ ਨਹੀਂ ਕਰਨੀ ਚਾਹੀਦੀ।
3. ਉਚੀ ਬੋਲਣ ਦੀ ਬਜਾਏ ਸਾਨੂੰ ਹੌਲੀ ਬੋਲਣ ਦੀ ਆਦਤ ਪਾਉਣੀ ਚਾਹੀਦੀ ਹੈ।
4. ਵਾਹਨਾਂ ਦੇ ਸਾਈਲੈਂਸਰ ਸਾਫ ਰੱਖਣੇ ਚਾਹੀਦੇ ਹਨ ਤਾਂ ਜੋ ਉਹ ਬੇਲੋੜੀ ਅਵਾਜ਼ ਪੈਦਾ ਨਾ ਕਰਨ।
5. ਵੱਧ ਤੋਂ ਵੱਧ ਦਰੱਖਤ ਲਾਉਣੇ ਚਾਹੀਦੇ ਹਨ ਕਿਉਂਕਿ ਦਰੱਖਤ ਅਵਾਜ਼ ਨੂੰ ਜਜ਼ਬ ਕਰ ਲੈਂਦੇ ਹਨ ਅਤੇ ਸ਼ੋਰ-ਪ੍ਰਦੂਸ਼ਣ ਨੂੰ ਘੱਟ ਕਰਦੇ ਹਨ।
6. ਸਰਬਜਨਕ ਥਾਵਾਂ ਤੇ ਲਾਊਡ ਸਪੀਕਰਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

## ਊਰਜਾ ਨੂੰ ਬਚਾਉਣ ਸੰਬੰਧੀ ਉਪਾਅ

1. ਊਰਜਾ ਨੂੰ ਬਚਾਓ, ਜਦੋਂ ਵਰਤੋਂ ਵਿੱਚ ਨਾ ਹੋਣ ਤਾਂ ਪੱਖਿਆਂ, ਰੌਸ਼ਨੀਆਂ ਤੇ ਹੋਰ ਬਿਜਲੀ ਉਪਕਰਣਾਂ ਦੇ ਸਵਿੱਚ ਬੰਦ ਰੱਖੋ।
2. ਤੇਲ ਜਾਂ ਗੈਸ ਨਾਲ ਚਲਣ ਵਾਲੇ ਵਾਹਨਾਂ ਦੀ ਵਰਤੋਂ ਘਟਾਓ। ਜਿਥੋਂ ਤੱਕ ਹੋ ਸਕੇ ਵਾਹਨਾਂ ਦੀ ਵਰਤੋਂ ਮਿਲਕੇ ਕਰੋ, ਥੋੜ੍ਹੀ ਦੂਰ ਜਾਣ ਲਈ ਸਾਇਕਲ ਦੀ ਵਰਤੋਂ ਕਰੋ ਜਾਂ ਪੈਦਲ ਚਲੋ।
3. ਊਰਜਾ ਦੀ ਸੁਯੋਗ ਵਰਤੋਂ ਵਾਲੇ ਫਰਿੱਜ ਅਤੇ ਹੋਰ ਬਿਜਲੀ ਦੇ ਉਪਕਰਣਾਂ ਦੀ ਵਰਤੋਂ ਕਰੋ। ਇਸ ਨਾਲ ਤੁਹਾਡਾ ਬਿਜਲੀ ਦਾ ਬਿੱਲ ਵੀ ਘੱਟ ਆਵੇਗਾ।
4. ਹਲਕੇ ਰੰਗ ਰੋਸ਼ਨੀ ਦਾ ਪ੍ਰਾਵਰਤਨ ਗੂੜੇ ਰੰਗਾਂ ਤੋਂ ਵਧੀਆਂ ਢੰਗ ਨਾਲ ਕਰਦੇ ਹਨ, ਇਸ ਲਈ ਹਮੇਸ਼ਾਂ ਕੰਧਾਂ ਤੇ ਫਿੱਕੇ ਰੰਗਾਂ ਦੀ ਵਰਤੋਂ ਕਰੋ। ਇਸ ਨਾਲ ਰੋਸ਼ਨੀ ਦੀ ਜਰੂਰਤ ਘੱਟ ਮਾਤਰਾ ਵਿੱਚ ਪਵੇਗੀ।
5. ਜ਼ਿਆਦਾ ਵਾਟ ਵਾਲੇ ਬੱਲਬ ਅਤੇ ਟਿਊਬਾਂ ਦੀ ਥਾਂ ਘੱਟ ਵਾਟ ਵਾਲੀਆਂ ਟਿਊਬਾਂ (CFL/LED) ਦੀ ਵਰਤੋਂ ਕਰੋ।
6. ਕਪੜੇ ਧੋਣ ਵਾਲੀ ਮਸ਼ੀਨ ਵਿੱਚ ਕੱਪੜੇ ਨਾ ਸੁਕਾਓ।
7. ਸੂਰਜੀ ਊਰਜਾ ਨਾਲ ਚੱਲਣ ਵਾਲੇ ਯੰਤਰਾਂ ਦੀ ਵਰਤੋਂ ਭੋਜਨ ਪਕਾਉਣ ਅਤੇ ਪਾਣੀ ਗਰਮ ਕਰਨ ਲਈ ਕਰੋ।

## ਪ੍ਰੋਜੈਕਟ ਵਰਕ

1. ਆਪਣੇ ਛੋਟੇ ਭਰਾ ਨੂੰ ਗੁਰਬਾਣੀ ਅਨੁਸਾਰ ਬੁਰੀ ਸੰਗਤ ਤੋਂ ਬੱਚਣ ਲਈ ਪ੍ਰੇਰਨਾ ਪੱਤਰ ਲਿਖੋ।
2. ਦੱਸ ਗੁਰੂ ਸਾਹਿਬਾਨਾਂ ਦਾ ਜੀਵਨ ਬਿਊਰਾ ਚਾਰਟ ਤੇ ਬਣਾਉ।





# ਛਿਮਾਹੀ ਦੂਜੀ
## ਗੁਰਬਾਣੀ ਕੰਠ
### ਰਹਰਾਸਿ ਸਾਹਿਬ ਸੰਪੂਰਨ

ਪੰਨਾ ਨੰ. 119 ਤੇ ਦੇਖੋ

### ਗੁਰਬਾਣੀ ਸੰਥਿਆ ਅਨੰਦੁ ਸਾਹਿਬ (੨੧-੪੦ ਪਉੜੀਆਂ)

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੈ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਇ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਇ॥੨੧॥

**ਪਦ ਅਰਥ:** ਸੇਤੀ-ਨਾਲ। ਸਨਮੁਖੁ-ਸਾਹਮਣੇ ਮੂੰਹ ਰੱਖ ਸਕਣ ਵਾਲਾ, ਸੁਰਖ਼ਰੂ। ਹੋਵੈ-ਹੋਣਾ ਚਾਹੇ। ਜੀਅਹੁ-ਦਿਲੋਂ। ਗੁਰ ਨਾਲੇ-ਗੁਰੂ ਦੇ ਚਰਨਾਂ ਵਿਚ। ਸਮਾਲੇ-ਯਾਦ ਰੱਖੇ , ਟਿਕਾਈ ਰੱਖੇ। ਆਪੁ-ਆਪਾ ਭਾਵ। ਪਰਣੈ-ਆਸਰੇ।

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥
ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਏ॥
ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥੨੨॥

**ਪਦ ਅਰਥ:** ਵੇਮੁਖੁ-ਜਿਸ ਨੇ ਮੂੰਹ ਦੂਜੇ ਪਾਸੇ ਕੀਤਾ ਹੋਇਆ ਹੈ। ਮੁਕਤਿ-ਵਿਕਾਰਾਂ ਤੋਂ ਖਲਾਸੀ, ਮਾਇਆ ਦੇ ਪ੍ਰਭਾਵ ਤੋਂ ਖਲਾਸੀ। ਹੋਰਥੈ-ਕਿਸੇ ਹੋਰ ਥਾਂ ਤੋਂ। ਬਿਬੇਕੀ-ਪਰਖ ਵਾਲਾ ਬੰਦਾ,ਵਿਚਾਰਵਾਨ। ਜਾਏ-ਜਾਇ, ਜਾ ਕੇ ਭਰਮਿ ਆਵੈ-ਭਟਕ ਕੇ ਆਉਂਦਾ ਹੈ।

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥੨੩॥

**ਪਦ ਅਰਥ** - ਸਚੀ ਬਾਣੀ-ਪਰਮਾਤਮਾ ਦੀ ਸਿਫ਼ਤਿ ਸਾਲਾਹ ਵਾਲੀ ਬਾਣੀ, ਸਦਾ ਥਿਰ ਰਹਿਣ ਵਾਲੇ ਪ੍ਰਭੂ ਵਿਚ ਜੋੜਨ ਵਾਲੀ ਬਾਣੀ ਸਿਰਿ-ਸਿਰ ਉਤੇ, ਸਭ ਤੋਂ ਸ੍ਰੇਸ਼ਟ।

ਨਦਰਿ-ਮੇਹਰ ਦੀ ਨਜ਼ਰ, ਕਰਮ-ਬਖ਼ਸ਼ਸ਼ ਹਰਿ ਰੰਗਿ-ਹਰੀ ਦੇ ਪਿਆਰ ਵਿਚ। ਸਾਰਿਗਪਾਣੀ-ਧਨੁਖਧਾਰੀ ਪ੍ਰਭੂ। ਕੇਰੀ-ਦੀ ਅੰਮ੍ਰਿਤ ਆਤਮਕ ਆਨੰਦ ਦੇਣ ਵਾਲਾ ਨਾਮ ਜਲ।

**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥**
**ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥**
**ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥**
**ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥**
**ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥**
**ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥**

**ਪਦ ਅਰਥ** - ਸਤਿਗੁਰੂ ਬਿਨਾ-ਗੁਰ-ਆਸ਼ੇ ਤੋਂ ਉਲਟ। ਕਚੀ-ਹੋਲੇ ਮੇਲ ਦੀ, ਮਨ ਨੂੰ ਨੀਵਾਂ ਕਰਨ ਵਾਲੀ, ਉੱਚੇ ਆਤਮਕ ਆਨੰਦ ਤੋਂ ਹੇਠਾਂ ਲਿਆਉਣ ਵਾਲੀ। ਕਚੇ-ਉਹ ਬੰਦੇ ਜਿਨ੍ਹਾਂ ਦਾ ਮਨ ਕਮਜ਼ੋਰ ਹੈ, ਜੋ ਮਾਇਆ ਦੇ ਪ੍ਰਭਾਵ ਦੇ ਸਾਹਮਣੇ ਥਿੜਕ ਸਕਦੇ ਹਨ। ਸੁਣਦੇ ਕਚੇ-ਸੁਣਨ ਵਾਲਿਆਂ ਦੇ ਮਨ ਭੀ ਥਿੜਕ ਜਾਂਦੇ ਹਨ। ਕਹਿਆ-ਜੋ ਕੁਝ ਮੂੰਹੋਂ ਆਖਦੇ ਹਨ। ਹਿਰਿ ਲਇਆ-ਚੁਰਾ ਲਿਆ। ਰਵਾਣੀ-ਜ਼ਬਾਨੀ ਜ਼ਬਾਨੀ, ਉੱਤੋਂ ਉੱਤੋਂ। ਕਚੀ ਕੱਚਿਆਂ ਨੇ, ਕਮਜ਼ੋਰ ਮਨ ਵਾਲਿਆਂ ਨੇ ।

**ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ॥**
**ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ॥**
**ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ॥**
**ਆਪੇ ਹੀਰਾ ਰਤਨੁ ਆਪੇ ਜਿਸਨੋ ਦੇਇ ਬੁਝਾਇ॥**
**ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ॥੨੫॥**

**ਪਦ ਅਰਥ:** ਰਤੰਨੁ-ਰਤਨ, ਅਮੋਲਕ ਦਾਤਿ। ਜਿਤੁ-ਜਿਸ (ਸ਼ਬਦ) ਵਿਚ। ਹੀਰੇ-ਪਰਮਾਤਮਾ ਦੇ ਗੁਣ। ਜੜਾਉ-ਜੜੇ ਹੋਏ। ਮੰਨੁ-ਮਨ। ਏਹੁ ਸਮਾਉ-ਐਸੀ ਲੀਨਤਾ। ਸਚੈ-ਸਦਾ ਥਿਰ ਪ੍ਰਭੂ ਵਿਚ। ਭਾਉ-ਪਿਆਰ। ਬੁਝਾਇ ਦੇਇ-ਸੂਝ ਦੇਂਦਾ ਹੈ। ਹੀਰਾ-ਪਰਮਾਤਮਾ, ਪਰਮਾਤਮਾ ਦਾ ਨਾਮ। ਆਪੇ-ਆਪ ਹੀ।

**ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥**
**ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ॥**
**ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ॥**
**ਗੁਰਮੁਖਿ ਜਿਸਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ॥**
**ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ॥੨੬॥**

**ਪਦ ਅਰਥ** - ਸਿਵ-ਚੇਤਨ ਸੱਤਾ, ਜੀਵਾਤਮਾ। ਸਕਤਿ-ਮਾਇਆ। ਆਪੇ-ਆਪ ਹੀ। ਹੁਕਮੁ-(ਇਹ) ਹੁਕਮ (ਕਿ ਜੀਵਾਂ ਉਤੇ) ਮਾਇਆ ਦਾ ਪ੍ਰਭਾਵ ਪਿਆ ਰਹੇ। ਗੁਰਮੁਖਿ-ਗੁਰੂ ਦੇ ਰਾਹੀਂ। ਕਿਸੈ-ਕਿਸੇ (ਵਿਰਲੇ) ਨੂੰ। ਬੁਝਾਏ-ਸੂਝ ਦੇਂਦਾ ਹੈ। ਮੁਕਤੁ-





ਮਾਇਆ ਦੇ ਪ੍ਰਭਾਵ ਤੋਂ ਆਜ਼ਾਦ ਸੁਤੰਤਰ। ਮੰਨਿ-ਮਨ ਵਿਚ। ਗੁਰਮੁਖਿ-ਗੁਰੂ ਦੇ ਰਾਹ ਉਤੇ ਤੁਰਨ ਵਾਲਾ।

**ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥**
**ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥**
**ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥**
**ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ**
**ਬੋਲਹਿ ਅੰਮ੍ਰਿਤ ਬਾਣੀ॥**
**ਕਹੈ ਨਾਨਕੁ ਸੋ ਤਤੁ ਪਾਏ ਜਿਸਨੋ ਅਨਦਿਨੁ ਹਰਿ ਲਿਵ ਲਾਗੈ**
**ਜਾਗਤ ਰੈਣਿ ਵਿਹਾਣੀ ॥੨੭॥**

**ਪਦ ਅਰਥ** :- ਤਤੈ ਸਾਰ-ਤੱਤ ਦੀ ਸੂਝ, ਅਸਲੀਅਤ ਦੀ ਸਮਝ, ਜੋ ਅਸਲ ਗ੍ਰਹਿਣ-ਜੋਗ ਵਸਤੂ ਹੈ ਉਸ ਦੀ ਸਮਝ, ਆਤਮਕ ਆਨੰਦ ਦੀ ਸਮਝ। ਤਿਹੀ ਗੁਣੀ-ਮਾਇਆ ਦੇ ਤਿੰਨ ਸੁਭਾਵਾਂ ਵਿਚ। ਭ੍ਰਮਿ-ਭਟਕ ਕੇ। ਰੈਣਿ-ਉਮਰ, ਰਾਤ। ਸੇ-ਉਹ ਬੰਦੇ। ਮਨਿ-ਮਨ ਵਿਚ। ਅਨਦਿਨੁ-ਹਰ ਰੋਜ਼, ਹਰ ਵੇਲੇ। ਅੰਮ੍ਰਿਤ ਬਾਣੀ-ਆਤਮਕ ਜੀਵਨ ਦੇਣ ਵਾਲੀ ਬਾਣੀ। ਜਾਗਤ ਵਿਕਾਰਾਂ ਵਲੋਂ ਸੁਚੇਤ ਰਹਿੰਦਿਆਂ।

**ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ॥**
**ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ॥**
**ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ॥**
**ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ॥**
**ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ॥੨੮॥**

**ਪਦ ਅਰਥ:** ਉਦਰ-ਪੇਟ। ਮਨਹੁ-ਮਨ ਤੋਂ। ਕਿਉ ਵਿਸਾਰੀਐ-ਵਿਸਾਰਨਾ ਨਹੀਂ ਚਾਹੀਦਾ। ਏਵਡੁ-ਇਤਨਾ ਵਡਾ। ਅਗਨਿ-ਅੱਗ। ਆਹਾਰੁ-ਖ਼ੁਰਾਕ। ਓਸ ਨੋ-ਉਸ ਬੰਦੇ ਨੂੰ। ਕਿਹੁ-ਕੁਝ। ਲਿਵ-ਪ੍ਰੀਤ। ਗੁਰਮਤਿ-ਗੁਰੂ ਦੇ ਰਾਹੀਂ। ਸਮਾਲੀਐ-ਸਿਮਰਨਾ ਚਾਹੀਦਾ ਹੈ, ਹਿਰਦੇ ਵਿਚ ਵਸਾਣਾ ਚਾਹੀਦਾ ਹੈ।

**ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥**
**ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥**
**ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥**
**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥**
**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥**
**ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ**
**ਤਿਨੀ ਵਿਚੇ ਮਾਇਆ ਪਾਇਆ॥੨੯॥**

**ਪਦ ਅਰਥ:** ਉਦਰ-ਮਾਂ ਦਾ ਪੇਟ। ਬਾਹਰਿ-ਸੰਸਾਰ ਵਿਚ। ਕਰਤੈ-ਕਰਤਾਰ ਨੇ। ਜਾ ਤਿਸੁ ਭਾਣਾ-ਜਦੋਂ ਉਸ ਪ੍ਰਭੂ ਨੂੰ ਚੰਗਾ ਲੱਗਾ। ਪਰਵਾਰਿ-ਪਰਵਾਰ ਵਿਚ। ਭਲਾ ਭਾਇਆ-

ਪਿਆਰਾ ਲੱਗਣ ਲੱਗ ਪਿਆ। ਛੁੜਕੀ-ਮੁੱਕ ਗਈ, ਟੁੱਟ ਗਈ। ਅਮਰੁ-ਹੁਕਮ। ਅਮਰੁ ਵਰਤਾਇਆ-ਹੁਕਮ ਚਲਾ ਦਿੱਤਾ, ਜੋਰ ਪਾ ਲਿਆ। ਜਿਤੁ-ਜਿਸ ਦੇ ਰਾਹੀਂ। ਭਾਉ ਦੂਜਾ-ਪ੍ਰਭੂ ਤੋਂ ਬਿਨਾਂ ਹੋਰ ਦਾ ਪਿਆ।

**ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ॥**
**ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ॥**
**ਐਸਾ ਸਤਿਗੁਰੁ ਜੇ ਮਿਲੈ ਤਿਸਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ॥**
**ਜਿਸਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ ॥**
**ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ ॥੨੦॥**

**ਪਦ ਅਰਥ:** ਅਮੁਲਕੁ-ਜੋ ਕਿਸੇ ਕੀਮਤ ਤੋਂ ਮਿਲ ਨ ਸਕੇ। ਮੁਲਿ-ਕੀਮਤ ਨਾਲ, ਕੀਮਤ ਦੇ ਕੇ। ਕਿਸੈ ਵਿਟਹੁ-ਕਿਸੇ ਭੀ ਬੰਦੇ ਤੋਂ। ਵਿਲਲਾਇ-ਖਪ ਖਪ ਕੇ। ਰਹੇ-ਰਹਿ ਗਏ , ਥੱਕ ਗਏ, ਹਾਰ ਗਏ। ਆਪੁ-ਆਪਾ-ਭਾਵ। ਜਿਸ ਦਾ-ਜਿਸ ਪਰਮਾਤਮਾ ਦਾ ਪੈਦਾ ਕੀਤਾ ਹੋਇਆ। ਜੀਉ-ਜੀਵ। ਮਨਿ-ਮਨ ਵਿਚ। ਪਲੈ ਪਾਇ- (ਗੁਰੂ ਦੇ) ਲੜ ਲਾ ਦੇਂਦਾ ਹੈ।

**ਹਰਿ ਰਾਸਿ ਮੇਰੀ ਮਨੁ ਵਣਜਾਰਾ॥**
**ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ॥**
**ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ॥**
**ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ॥**
**ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ॥੩੧॥**

**ਪਦ ਅਰਥ:** ਰਾਸਿ-ਵਣਜ-ਵਪਾਰ ਕਰਨ ਵਾਸਤੇ ਧਨ ਦੀ ਪੂੰਜੀ। ਵਣਜਾਰਾ-ਵਣਜ ਕਰਨ ਵਾਲਾ। ਸਤਿਗੁਰ ਤੇ ਜਾਣੀ-ਗੁਰੂ ਤੋਂ ਪਛਾਣ ਪ੍ਰਾਪਤ ਕੀਤੀ। ਜੀਅਹੁ-ਦਿਲੋਂ, ਪੂਰੇ ਪ੍ਰੇਮ ਨਾਲ। ਦਿਹਾੜੀ-ਹਰ ਰੋਜ਼। ਭਾਣਾ-ਚੰਗਾ ਲੱਗਾ।

**ਏ ਰਸਨਾ ਤੂ ਅਨਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥**
**ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥**
**ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ॥**
**ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥**
**ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ॥੩੨॥**

**ਪਦ ਅਰਥ:** ਏ ਰਸਨਾ-ਹੇ (ਮੇਰੀ) ਜੀਭ! ਅਨ ਰਸਿ-ਹੋਰ ਹੋਰ ਰਸ ਵਿਚ। ਰਾਚਿਰਹੀ-ਮਸਤ ਹੋ ਰਹੀ ਹੈ। ਪਿਆਸ-ਸੁਆਦਾਂ ਦਾ ਚਸਕਾ। ਹੋਰਤੁ ਕਿਤੈ-ਕਿਸੇ ਹੋਰ





ਥਾਂ ਤੋਂ। ਪਲੈ ਨ ਪਾਇ-ਨਹੀਂ ਮਿਲਦਾ। ਪੀਐ-ਪੀਂਦਾ ਹੈ। ਬਹੁੜਿ-ਮੁੜ, ਫਿਰ। ਕਰਮੀ-ਪ੍ਰਭੂ ਦੀ ਮਿਹਰ ਨਾਲ। ਹੋਰਿ ਅਨ ਰਸ- ਹੋਰ ਦੂਜੇ ਸਾਰੇ ਸੁਆਦ। ਸਭਿ-ਸਾਰੇ। ਮਨਿ-ਮਨ ਵਿਚ।

**ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥**
**ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥**
**ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ॥**
**ਗੁਰਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ॥**
**ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ॥੩੩॥**

**ਪਦ ਅਰਥ:** ਜੀਉ-ਜੀਵ। ਉਪਾਇ-ਪੈਦਾ ਕਰ ਕੇ। ਜਗਤੁ ਦਿਖਾਇਆ-ਜੀਵ ਨੂੰ ਜਗਤ ਵਿਚ ਭੇਜਦਾ ਹੈ। ਚਲਤੁ-ਖੇਡ, ਤਮਾਸ਼ਾ। ਮੂਲੁ ਰਚਿਆ-ਮੁੱਢ ਬੱਧਾ। ਜਿਨਿ-ਜਿਸ (ਪਰਮਾਤਮਾ) ਨੇ।

**ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ॥**
**ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ॥**
**ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥**
**ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ॥**
**ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ॥**
**ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ॥੩੪॥**

**ਪਦ ਅਰਥ:** ਚਾਉ-ਆਨੰਦ। ਪ੍ਰਭ ਆਗਮੁ-ਪ੍ਰਭੂ ਦਾ ਆਉਣਾ। ਸਖੀ-ਹੇ ਸਖੀ! ਹੇ ਜਿੰਦ! ਮੰਗਲੁ-ਖ਼ੁਸ਼ੀ ਦਾ ਗੀਤ, ਪ੍ਰਭੂ ਦੀ ਸਿਫ਼ਤਿ ਸਾਲਾਹ ਦਾ ਗੀਤ। ਗ੍ਰਿਹ-ਹਿਰਦਾ ਘਰ। ਮੰਦਰੁ-ਪ੍ਰਭੂ ਦਾ ਨਿਵਾਸ ਅਸਥਾਨ। ਨ ਵਿਆਪਏ-ਨਹੀਂ ਵਿਆਪਦਾ, ਆਪਣਾ ਦਬਾਉ ਨਹੀਂ ਪਾਂਦਾ। ਸਭਾਗੇ-ਭਾਗਾਂ ਵਾਲੇ। ਜਾਪਏ-ਦਿੱਸ ਪਿਆ ਹੈ। ਅਨਹਤ-ਇਕ ਰਸ। ਅਨਹਤ ਬਾਣੀ-ਇਕ-ਰਸ ਸਿਫ਼ਤਿ ਸਾਲਾਹ ਦੀ ਰੌ। ਸਬਦਿ-ਸ਼ਬਦ ਦੇ ਰਾਹੀਂ। ਜੋਗੋ-ਸਮਰੱਥ।

**ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇਕੈ ਕਿਆ ਤੁਧੁ ਕਰਮ ਕਮਾਇਆ॥**
**ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ॥**
**ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ॥**
**ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ॥**
**ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ॥੩੫॥**

**ਪਦ ਅਰਥ:-** ਕਿਆ ਕਰਮ-ਕਿਹੜੇ ਕੰਮ? ਹੋਰ ਕੰਮ ਹੀ। ਜਿਨਿ ਹਰਿ-ਜਿਸ ਹਰੀ ਨੇ। ਤੇਰਾ ਰਚਨੁ ਰਚਿਆ-ਤੈਨੂੰ ਪੈਦਾ ਕੀਤਾ। ਮਨਿ-ਮਨ ਵਿਚ। ਮੰਨਿ-ਮਨ ਵਿਚ। ਜਿਨਿ-ਜਿਸ ਮਨੁੱਖ ਨੇ। ਪਰਵਾਣੁ-ਕਬੂਲ, ਸਫਲ।

**ਏਨੇਤ੍ਹੁਮੇਰਿਹੋ ਹਰਿ ਤੁਮਮਹਿਜੋਤਿਧਰੀ ਹਰਿਬਿਨੁ ਅਵਰੁ ਨਦੇਖਹੁਕੋਈ॥**
**ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥**
**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥**
**ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥**
**ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥੩੬॥**

**ਅਰਥ:-** ਨੇਤ੍-ਅੱਖਾਂ। ਜੋਤਿ-ਰੋਸ਼ਨੀ। ਨਿਹਾਲਿਆ-ਨਿਹਾਲੋ, ਵੇਖੋ। ਨਦਰੀ-ਨਜ਼ਰ ਨਾਲ, ਅੱਖਾਂ ਨਾਲ। ਵਿਸੁ-ਵਿਸ਼੍ਵ। ਨਦਰੀ ਆਇਆ -ਦਿੱਸਦਾ ਹੈ। ਅੰਧ-ਅੰਨ੍ਹੇ। ਸੇ-ਸਨ। ਦਿਬ-(ਦਿਵਯ) ਚਮਕੀਲੀ, ਰੋਸ਼ਨ। ਦ੍ਰਿਸਟਿ-ਨਜ਼ਰ।

**ਏ ਸ੍ਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥**
**ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥**
**ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ॥**
**ਸਚੁ ਅਲਖ ਵਿਡਾਣੀ ਤਾਕੀ ਗਤਿ ਕਹੀ ਨ ਜਾਏ॥**
**ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ**
**ਸਾਚੈ ਸੁਨਣੈ ਨੋ ਪਠਾਏ॥੩੭॥**

**ਪਦ ਅਰਥ :-** ਸ੍ਵਣ-ਕੰਨ। ਪਠਾਏ-ਭੇਜੇ। ਸਾਚੈ-ਸਦਾ-ਥਿਰ ਪ੍ਰਭੂ ਨੇ। ਸਰੀਰਿ-ਸਰੀਰ ਵਿਚ। ਸਤਿ ਬਾਣੀ, ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਵਾਲੀ ਬਾਣੀ। ਜਿਤੁ-ਜਿਸ ਦੇ ਰਾਹੀਂ। ਜਿਤੁ ਸੁਣੀ-ਜਿਸ ਦੇ ਸੁਣਨ ਨਾਲ। ਰਸਿ-ਆਨੰਦ ਵਿਚ। ਹਰਿਆ-ਖਿੜਿਆ, ਆਨੰਦ-ਭਰਪੂਰ। ਰਸਨਾ-ਜੀਭ। ਵਿਡਾਣੀ-ਅਸਚਰਜ। ਗਤਿ-ਹਾਲਤ। ਅੰਮ੍ਰਿਤ-ਆਤਮਕ ਆਨੰਦ ਦੇਣ ਵਾਲਾ।

**ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥**
**ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ॥**
**ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ॥**
**ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ॥**
**ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ**
**ਵਾਜਾ ਪਵਣੁ ਵਜਾਇਆ॥੩੮॥**

**ਪਦ ਅਰਥ :-** ਜੀਉ-ਜਿੰਦ। ਗੁਫਾ-ਸਰੀਰ। ਪਵਣੁ ਵਾਜਾ ਵਜਾਇਆ-ਸੁਆਸ-





ਰੂਪ ਵਾਜਾ ਵਜਾਇਆ, ਬੋਲਣ ਦੀ ਸ਼ਕਤੀ ਦਿੱਤੀ। ਨਉ ਦੁਆਰੇ-ਨੌ ਗੋਲਕਾਂ, ੧ ਮੂੰਹ, ੨ਕੰਨ, ੨ ਅੱਖਾਂ, ੨ ਨਾਸਾਂ, ਗੁਦਾ, ਲਿੰਗ। ਦਸਵਾ ਦੁਆਰ-(ਭਾਵ) ਦਿਮਾਗ (ਜਿਸ ਦੇ ਰਾਹੀਂ ਮਨੁੱਖ ਵਿਚਾਰ ਕਰ ਸਕਦਾ ਹੈ)। ਭਾਵਨੀ-ਸਰਧਾ, ਪ੍ਰੇਮ। ਤਹ-ਉਸ ਅਵਸਥਾ ਵਿਚ। ਅਨੇਕ ਰੂਪ ਨਾਉ-ਅਨੇਕਾਂ ਰੂਪਾਂ ਵਾਲੇ ਪ੍ਰਭੂ ਦਾ ਨਾਮ। ਨਿਧਿ-ਖ਼ਜ਼ਾਨਾ।

**ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ॥**
**ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ॥**
**ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ॥**
**ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ॥**
**ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ॥੩੯॥**

**ਪਦ ਅਰਥ :-** ਸੋਹਿਲਾ-ਖ਼ੁਸ਼ੀ ਦਾ ਗੀਤ, ਆਤਮਕ ਆਨੰਦ ਪੈਦਾ ਕਰਨ ਵਾਲਾ ਗੀਤ, ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਬਾਣੀ। ਸਾਚੈ ਘਰਿ-ਸਦਾ ਥਿਰ ਰਹਿਣ ਵਾਲੇ ਘਰ ਵਿਚ, ਸਾਧ ਸੰਗਤਿ ਵਿਚ। ਸਚੁ ਸਦਾ-ਥਿਰ ਪ੍ਰਭੂ। ਗਾਵਹੋ-ਗਾਵਹਿ, (ਸਤਿ ਸੰਗੀ) ਗਾਂਦੇ ਹਨ। ਭਾਵਹਿ-ਜੇ ਤੈਨੂੰ ਚੰਗੇ ਲੱਗਣ, ਹੇ ਪ੍ਰਭੂ! ਬੁਝਾਵਹੇ-ਤੂੰ ਸੂਝ ਬਖ਼ਸ਼ੇਂ। ਗੁਰਮੁਖਿ-ਗੁਰੂ ਦੇ ਰਾਹੀਂ। ਪਾਵਹੇ-ਪ੍ਰਾਪਤ ਕਰਦੇ ਹਨ। ਗਾਵਹੇ-ਗਾਵਹਿ, ਗਾਂਦੇ ਹਨ।

**ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥**
**ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥**
**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥**
**ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥**
**ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥**
**ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥੪੦॥੧॥**

**ਪਦ ਅਰਥ:-** ਵਿਸੂਰੇ, ਚਿੰਤਾ-ਝੋਰੇ। ਸੰਤਾਪ-ਕਲੇਸ਼। ਸਚੀ ਬਾਣੀ-ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਬਾਣੀ। ਸਰਸੇ-ਸਰਸ, ਰਹੇ, ਆਨੰਦ-ਭਰਪੂਰ। ਗੁਰ ਤੇ-ਗੁਰੂ ਤੋਂ। ਸਤਿਗੁਰੁ ਰਹਿਆ ਭਰਪੂਰੇ-ਗੁਰੂ (ਆਪਣੀ ਬਾਣੀ ਵਿਚ) ਭਰਪੂਰ ਹੈ, ਬਾਣੀ ਗੁਰੂ-ਰੂਪ ਹੈ। ਅਨਹਦ, ਇਕ-ਰਸ। ਤੂਰੇ-ਵਾਜੇ। ਮਨੋਰਥ-ਮਨ ਦੀਆਂ ਦੌੜਾਂ।

## ਜਾਪੁ ਸਾਹਿਬ (੧੬੧-੧੬੯)

### ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥

**ਮੁਨਿ ਮਨਿ ਪ੍ਰਨਾਮ ॥ ਗੁਨਿ ਗਨ ਮੁਦਾਮ ॥**
**ਅਰਿ ਬਰ ਅਗੰਜ ॥ ਹਰਿ ਨਰ ਪ੍ਰਭੰਜ ॥੧੬੧॥**

**ਅਰਥ:** ਹੇ ਵਾਹਿਗੁਰੂ! ਰਿਸ਼ੀ ਮੁਨੀ ਤੈਨੂੰ ਆਪਣੇ ਮਨ ਕਰਕੇ ਨਮਸਕਾਰ ਕਰਦੇ ਹਨ,

ਤੂੰ ਸਦਾ ਹੀ ਬੇਅੰਤ ਗੁਣਾਂ ਦਾ ਖਜ਼ਾਨਾ ਜਾਂ ਮਾਲਕ ਹੈਂ, ਤੂੰ ਵੈਰੀ ਦੇ ਬਲ ਨਾਲ ਜਿੱਤਿਆ ਨਹੀਂ ਜਾ ਸਕਦਾ, ਤੂੰ ਸਭ ਬੰਦਿਆਂ ਦਾ ਮਾਲਕ ਹੈਂ, ਤੂੰ ਸਭ ਨੂੰ ਨਾਸ ਕਰਨ ਵਾਲਾ ਹੈਂ।੧੬੧।

**ਅਨ ਗਨ ਪ੍ਰਨਾਮ ॥ ਮੁਨਿ ਮਨਿ ਸਲਾਮ ॥**
**ਹਰਿ ਨਰ ਅਖੰਡ ॥ ਬਰ ਨਰ ਅਮੰਡ ॥੧੬੨॥**

**ਅਰਥ:** ਹੇ ਪਰਮਾਤਮਾ! ਅਣਗਿਣਤ ਜੀਵ ਤੈਨੂੰ ਨਮਸਕਾਰ ਕਰ ਰਹੇ ਹਨ, ਰਿਸ਼ੀ ਮੁਨੀ ਆਪਣੇ ਮਨ ਵਿਚ ਤੈਨੂੰ ਪ੍ਰਨਾਮ ਕਰਦੇ ਹਨ, ਤੂੰ ਬੰਦਿਆਂ ਦਾ ਰਾਜਾ ਹੈਂ (ਜਾਂ ਮਨੁੱਖਾਂ ਵਿਚ ਤੂੰ ਸ਼ੇਰ) ਹੈ, ਤੂੰ ਸਦਾ ਸੰਪੂਰਨ ਹੈਂ, ਤੂੰ ਮਨੁੱਖਾਂ ਤੋਂ ਸ੍ਰੇਸ਼ਟ ਹੈਂ, ਤੂੰ ਅਪਾਰ ਸੋਭਾ ਦਾ ਮਾਲਕ ਹੈਂ।੧੬੨।

**ਅਨਭਵ ਅਨਾਸ ॥ ਮੁਨਿ ਮਨਿ ਪ੍ਰਕਾਸ ॥**
**ਗੁਨਿ ਗਨ ਪ੍ਰਨਾਮ ॥ ਜਲ ਥਲ ਮੁਦਾਮ ॥੧੬੩॥**

**ਅਰਥ:** ਹੇ ਵਾਹਿਗੁਰੂ! ਤੂੰ ਆਪ ਗਿਆਨ ਰੂਪ ਹੈਂ, ਤੂੰ ਨਾਸ ਰਹਿਤ ਹੈਂ, ਰਿਸ਼ੀਆਂ ਮੁਨੀਆਂ ਦੇ ਮਨਾਂ ਵਿਚ ਤੂੰ ਪਰਕਾਸ਼ਮਾਨ ਹੈਂ (ਭਾਵ ਮੁਨੀਆਂ ਦੇ ਮਨਾਂ ਵਿਚ ਤੂੰ ਹੀ ਚਾਨਣ ਕਰ ਰਿਹਾ ਹੈਂ), ਹੇ ਬੇਅੰਤ ਗੁਣਾਂ ਦੇ ਮਾਲਕਾ! ਤੈਨੂੰ ਨਮਸਕਾਰ ਹੈ। ਤੂੰ ਜਲ ਵਿਚ ਅਤੇ ਧਰਤੀ ਉਤੇ ਹਰ ਥਾਂ ਸਦਾ ਮੌਜੂਦ ਹੈਂ।੧੬੩।

**ਅਨਛਿੱਜ ਅੰਗ ॥ ਆਸਨ ਅਭੰਗ ॥**
**ਉਪਮਾ ਅਪਾਰ ॥ ਗਤਿ ਮਿਤਿ ਉਦਾਰ ॥੧੬੪॥**

**ਅਰਥ:** ਹੇ ਕਰਤਾਰ! ਤੇਰਾ ਸਰੂਪ (ਸਰੀਰ) ਕਦੇ ਪੁਰਾਣਾ ਹੋਣ ਵਾਲਾ ਨਹੀਂ, ਤੇਰਾ ਤਖਤ ਅਡੋਲ ਤੇ ਸਦਾ ਕਾਇਮ ਹੈ, ਤੇਰੀ ਬਰਾਬਰੀ ਵਾਲੀ ਹਸਤੀ ਲੱਭਣੀ ਜੀਵ ਦੀ ਪਹੁੰਚ ਤੋਂ ਪਰੇ ਹੈ, ਤੂੰ ਕਿਹੋ ਜਿਹਾ ਹੈਂ ਅਤੇ ਕਿੱਡਾ ਵੱਡਾ ਹੈਂ, ਇਹ ਦੱਸਣਾ ਬਹੁਤ ਵੱਡੀ (ਔਖੀ) ਗੱਲ ਹੈ।੧੬੪।

**ਜਲ ਥਲ ਅਮੰਡ ॥ ਦਿਸ ਵਿਸ ਅਭੰਡ ॥**
**ਜਲ ਥਲ ਮਹੰਤ ॥ ਦਿਸ ਵਿਸ ਬਿਅੰਤ ॥੧੬੫॥**

ਅਰਥ: ਹੇ ਪਰਮਾਤਮਾ! ਤੂੰ ਜਲ ਵਿਚ ਅਤੇ ਧਰਤੀ ਉਤੇ ਹਰ ਥਾਂ, ਵੱਡੀ ਸੋਭਾ ਵਾਲਾ ਹੈਂ, ਤੈਨੂੰ ਕਿਸੇ ਸਜਾਵਟ ਦੀ ਲੋੜ ਨਹੀਂ, ਤੂੰ ਹਰ ਪਾਸੇ ਤੇ ਹਰ ਨੁੱਕਰੇ ਆਪਣੇ ਬੇਅੰਤ ਸਰੂਪ ਵਿਚ ਮੌਜੂਦ ਹੈਂ।੧੬੫।

**ਅਨਭਵ ਅਨਾਸ ॥ ਧ੍ਰਿਤ ਧਰ ਧੁਰਾਸ ॥**
**ਆਜਾਨ ਬਾਹੁ ॥ ਏਕੈ ਸਦਾਹੁ ॥੧੬੬॥**





**ਅਰਥ:** ਹੇ ਪਰਮਾਤਮਾ! ਤੂੰ ਆਪਣੇ ਆਪ ਵਿਚ ਗਿਆਨ ਸਰੂਪ ਹੈਂ, ਤੂੰ ਨਾਸ ਰਹਿਤ ਹੈਂ, ਧੀਰਜ ਧਾਰਨ ਵਾਲਿਆਂ ਵਿਚ ਤੇਰਾ ਆਸਣ ਉੱਚਾ ਹੈ, ਜਗਤ-ਰਚਨਾ ਦੇ ਵਸੀਲੇ ਸਭ ਤੇਰੇ ਹੱਥ ਵਿੱਚ ਹਨ, ਤੂੰ ਸਦਾ ਹੀ ਇਕੋ ਹੀ ਇਕ ਹੈਂ।੧੬੬।

**ਓਅੰਕਾਰ ਆਦਿ ॥ ਕਥਨੀ ਅਨਾਦਿ ॥**
**ਖਲ ਖੰਡ ਖਿਆਲ ॥ ਗੁਰਬਰ ਅਕਾਲ ॥੧੬੭॥**

**ਅਰਥ:** ਹੇ ਕਰਤਾਰ! ਤੂੰ ਹਰ ਥਾਂ ਇਕ ਰਸ ਵਿਆਪਕ ਹੈਂ, ਤੂੰ ਸਭ ਦਾ ਮੁੱਢ ਜਾਂ ਮੂਲ ਹੈਂ, ਕਥਨੀ ਰਾਹੀਂ ਤੇਰਾ ਮੁੱਢ ਨਹੀਂ ਲੱਭ ਸਕਦਾ (ਅਰਥਾਤ ਬਿਆਨ ਕਰਨ ਦੇ ਜਤਨ ਕੀਤਿਆਂ ਵੀ ਤੇਰਾ ਮੁੱਢ ਨਹੀਂ ਲੱਭ ਸਕਦਾ), ਤੂੰ ਇਕ ਫੁਰਨੇ ਵਿਚ ਨੀਚਾਂ ਦੁਸ਼ਟਾਂ ਦਾ ਨਾਸ ਕਰ ਸਕਦਾ ਹੈਂ, ਤੂੰ ਵੱਡੇ ਬਲ ਵਾਲਾ ਤੇ ਮੌਤ ਤੋਂ ਰਹਿਤ ਹੈਂ।੧੬੭।

**ਘਰਿ ਘਰਿ ਪ੍ਰਨਾਮ ॥ ਚਿਤ ਚਰਨ ਨਾਮ ॥**
**ਅਨਛਿੱਜ ਗਾਤ ॥ ਆਜਿਜ ਨ ਬਾਤ ॥੧੬੮॥**

**ਅਰਥ:** ਹੇ ਵਾਹਿਗੁਰੂ! ਘਰ ਘਰ ਵਿਚ ਤੈਨੂੰ ਨਮਸਕਾਰ ਹੋ ਰਿਹਾ ਹੈ, ਜੀਵਾਂ ਦੇ ਦਿਲਾਂ ਵਿਚ ਤੇਰੇ ਚਰਨ ਤੇ ਤੇਰਾ ਨਾਮ ਵੱਸ ਰਿਹਾ ਹੈ, ਤੇਰਾ ਸਰੀਰ ਕਦੇ ਪੁਰਾਣਾ ਹੋਣ ਵਾਲਾ ਨਹੀਂ, ਤੂੰ ਕਿਸੇ ਗੱਲੇ ਕਿਸੇ ਦਾ ਮੁਥਾਜ ਨਹੀਂ।੧੬੮।

**ਅਨਝੰਝ ਗਾਤ ॥ ਅਨਰੰਜ ਬਾਤ ॥**
**ਅਨਟੁਟ ਭੰਡਾਰ ॥ ਅਨਠਟ ਅਪਾਰ ॥੧੬੯॥**

**ਅਰਥ:** ਹੇ ਵਾਹਿਗੁਰੂ! ਤੇਰਾ ਸਰੀਰ ਡੋਲਣ ਵਾਲਾ ਨਹੀਂ (ਤੇਰੀ ਹਸਤੀ ਸਦਾ ਅਡੋਲ ਹੈ), ਤੇਰੀ ਕਿਸੇ ਗੱਲ ਵਿੱਚ ਗੁੱਸਾ ਨਹੀਂ ਹੁੰਦਾ (ਤੇਰੀ ਹਰ ਗੱਲ ਗੁੱਸੇ ਤੋਂ ਰਹਿਤ ਹੁੰਦੀ ਹੈ), ਤੇਰੇ ਭੰਡਾਰ ਕਦੇ ਮੁੱਕਦੇ ਥੁੜਦੇ ਨਹੀਂ, ਤੂੰ ਕਿਸੇ ਦਾ ਕਾਇਮ ਕੀਤਾ ਹੋਇਆ ਨਹੀਂ, ਤੂੰ ਬੇਅੰਤ ਹੈਂ।੧੬੯।

**ਆਡੀਠ ਧਰਮ ॥ ਅਤਿਢੀਠ ਕਰਮ ॥**
**ਅਣਬ੍ਰਣ ਅਨੰਤ ॥ ਦਾਤਾ ਮਹੰਤ ॥੧੭੦॥**

**ਅਰਥ:** ਤੇਰਾ ਕਾਨੂੰਨ ਅਣਦਿਸਦੇ ਢੰਗ ਨਾਲ ਕੰਮ ਕਰ ਰਿਹਾ ਹੈ, ਤੇਰੇ ਕੰਮ ਬੜੀ ਨਿਡਰਤਾ ਭਰੇ ਹਨ, ਤੈਨੂੰ ਕੋਈ ਜ਼ਖਮੀ ਨਹੀਂ ਕਰ ਸਕਦਾ, ਤੂੰ ਬੇਅੰਤ ਹੈਂ, ਤੂੰ ਦਾਤਾਂ ਦੇਣ ਵਾਲਾ ਹੈਂ ਅਤੇ ਸਭ ਤੋਂ ਵੱਡਾ ਹੈਂ।੧੭੦।

**ਹਰਿ ਬੋਲ ਮਨਾ ਛੰਦ ॥ ਤ੍ਵ ਪ੍ਰਸਾਦਿ ॥**

**ਕਰੁਣਾਲਯ ਹੈਂ ॥ ਅਰਿ ਘਾਲਯ ਹੈਂ ॥**
**ਖਲ ਖੰਡਨ ਹੈਂ ॥ ਮਹਿ ਮੰਡਨ ਹੈਂ ॥੧੭੧॥**

**ਅਰਥ:** ਹੇ ਪਰਮਾਤਮਾ! ਤੂੰ ਤਰਸ ਦਾ ਘਰ ਹੈਂ, ਤੂੰ ਵੈਰੀਆਂ ਨੂੰ ਨਾਸ ਕਰਨ ਵਾਲਾ ਹੈਂ, ਦੁਸ਼ਟਾਂ ਨੂੰ ਨਾਸ ਕਰਨ ਵਾਲਾ ਹੈਂ, ਤੂੰ ਧਰਤੀ ਨੂੰ ਸਜਾਉਣ ਵਾਲਾ ਹੈਂ।੧੭੧।

**ਜਗਤੇਸੁਰ ਹੈਂ ॥ ਪਰਮੇਸੁਰ ਹੈਂ ॥**
**ਕਲਿ ਕਾਰਣ ਹੈਂ ॥ ਸਰਬ ਉਬਾਰਣ ਹੈਂ ॥੧੭੨॥**

**ਅਰਥ:** ਹੇ ਵਾਹਿਗੁਰੂ! ਤੂੰ ਜਗਤ ਦਾ ਮਾਲਕ ਹੈਂ, ਤੂੰ ਸਭ ਤੋਂ ਵੱਡਾ ਮਾਲਕ ਹੈਂ, ਤੂੰ ਸਭ ਜੁੱਧਾਂ ਦੇ ਰਚਾਉਣ ਵਾਲਾ ਵੀ ਹੈਂ ਅਤੇ ਸਭ ਨੂੰ ਬਚਾਉਣ ਵਾਲਾ ਵੀ।੧੭੨।

**ਧ੍ਰਿਤ ਕੇ ਧ੍ਰਣ ਹੈਂ ॥ ਜਗ ਕੇ ਕ੍ਰਣ ਹੈਂ ॥**
**ਮਨ ਮਾਨਿਯ ਹੈਂ ॥ ਜਗ ਜਾਨਿਯ ਹੈਂ ॥੧੭੩॥**

**ਅਰਥ:** ਹੇ ਵਾਹਿਗੁਰੂ! ਤੂੰ ਧਰਤੀ ਦਾ ਆਸਰਾ ਹੈਂ, ਤੂੰ ਜਗਤ ਦਾ ਬਣਾਉਣ ਵਾਲਾ ਹੈਂ, ਤੂੰ ਸਭ ਦੇ ਮਨਾਂ ਵਿਚ ਮੰਨਣ ਯੋਗ ਹੈਂ (ਸਾਰੇ ਤੈਨੂੰ ਮਨਾਂ ਵਿਚ ਪੂਜਦੇ ਹਨ), ਜਗਤ ਲਈ ਤੂੰ ਹੀ ਜਾਣਨ ਯੋਗ ਹੈਂ (ਭਾਵ, ਜਗਤ ਦੇ ਲੋਕ ਤੈਨੂੰ ਹੀ ਜਾਨਣ ਦਾ ਜਤਨ ਕਰਦੇ ਹਨ)।੧੭੩।

**ਸਰਬੰ ਭਰ ਹੈਂ ॥ ਸਰਬੰ ਕਰ ਹੈਂ ॥**
**ਸਰਬ ਪਾਸਿਯ ਹੈਂ ॥ ਸਰਬ ਨਾਸਿਯ ਹੈਂ ॥੧੭੪॥**

**ਅਰਥ:** ਹੇ ਪਰਮਾਤਮਾ! ਤੂੰ ਸਭ ਨੂੰ ਪਾਲਣ ਵਾਲਾ ਹੈਂ ਤੂੰ ਸਭ ਨੂੰ ਪੈਦਾ ਕਰਨ ਵਾਲਾ ਹੈਂ, ਤੂੰ ਸਭ ਦੇ ਨੇੜੇ ਵੱਸਣ ਵਾਲਾ (ਜਾਂ ਸਭ ਨੂੰ ਬੰਨਣ ਵਾਲਾ) ਹੈਂ, ਤੂੰ ਸਭ ਨੂੰ ਨਾਸ ਕਰਨ ਵਾਲਾ ਹੈਂ।੧੭੪।

**ਕਰੁਣਾਕਰ ਹੈਂ ॥ ਬਿਸ੍ਵੰਭਰ ਹੈਂ ॥**
**ਸਰਬੇਸੁਰ ਹੈਂ ॥ ਜਗਤੇਸੁਰ ਹੈਂ ॥੧੭੫॥**

**ਅਰਥ:** ਉਹ ਦਇਆ ਦੀ ਖਾਣ (ਤਰਸ ਦਾ ਸੋਮਾ) ਹੈ, ਉਹ ਜਗਤ ਨੂੰ ਪਾਲਣ ਵਾਲਾ ਹੈ, ਉਹ ਸਭ ਦਾ ਮਾਲਕ ਹੈ, ਉਹ ਸਾਰੇ ਜਗਤ ਦਾ ਮਾਲਕ ਹੈ।੧੭੫।

**ਬ੍ਰਹਮੰਡਸ ਹੈਂ ॥ ਖਲ ਖੰਡਸ ਹੈਂ ॥**
**ਪਰ ਤੇ ਪਰ ਹੈਂ ॥ ਕਰੁਣਾਕਰ ਹੈਂ ॥੧੭੬॥**

**ਅਰਥ:** ਉਹ ਵਾਹਿਗੁਰੂ ਸ੍ਰਿਸ਼ਟੀ ਦੀ ਜਿੰਦ ਜਾਨ ਹੈ, ਉਹ ਦੁਸ਼ਟਾਂ ਨੂੰ ਨਾਸ ਕਰਨ ਵਾਲਾ ਹੈ, ਉਹ ਪਰੇ ਤੋਂ ਪਰੇ (ਜਾਂ, ਵੱਡਿਆ ਤੋਂ ਵੱਡਾ) ਹੈ, ਉਹ ਤਰਸ (ਦਇਆ) ਦਾ ਸੋਮਾ ਹੈ।੧੭੬।

**ਅਜਪਾ ਜਪ ਹੈਂ ॥ ਅਥਪਾ ਥਪ ਹੈਂ ॥**
**ਅਕ੍ਰਿਤਾ ਕ੍ਰਿਤ ਹੈਂ ॥ ਅੰਮ੍ਰਿਤਾ ਮ੍ਰਿਤ ਹੈਂ ॥੧੭੭॥**





**ਅਰਥ:** ਉਹ ਵਾਹਿਗੁਰੂ ਮੰਤਰਾਂ ਦੇ ਜਪਣ ਨਾਲ ਵੱਸ ਵਿਚ ਨਹੀਂ ਕੀਤਾ ਜਾ ਸਕਦਾ (ਜਾਂ ਉਹ ਕਰਤਾਰ ਅਜਿਹਾ ਹੈ ਉਸ ਦਾ ਸਿਮਰਨ ਜਗਤ ਵਿਚ ਰਸਨਾ ਦੀ ਵਰਤੋਂ ਤੋਂ ਬਿਨ੍ਹਾਂ ਹੀ ਆਪਣੇ ਆਪ ਹੋ ਰਿਹਾ ਹੈ), ਉਸ ਨੂੰ ਮੂਰਤੀ ਬਣਾ ਕੇ ਮੰਦਰਾਂ ਵਿਚ ਟਿਕਾਇਆ ਨਹੀਂ ਜਾ ਸਕਦਾ (ਜਾਂ ਉਹ ਕਿਸੇ ਦੇ ਥਾਪੇ ਟਿਕਾਏ ਹੋਣ ਤੋਂ ਬਿਨਾਂ ਆਪਣੇ ਆਪ ਹੀ ਕਾਇਮ ਹੈ), ਉਸ ਦੀ ਮੂਰਤੀ ਨਹੀਂ ਬਣਾਈ ਜਾ ਸਕਦੀ (ਜਾਂ ਉਸ ਦਾ ਸਰੂਪ ਕਿਸੇ ਦਾ ਬਣਾਇਆ ਹੋਇਆ ਨਹੀਂ), ਉਹ ਸਦਾ ਹੀ ਅਮਰ ਹੈ (ਜਾਂ ਉਹ ਅੰਮ੍ਰਿਤ ਦਾ ਵੀ ਅੰਮ੍ਰਿਤ ਹੈ, ਅਰਥਾਤ ਅੰਮ੍ਰਿਤ ਨੂੰ ਵੀ ਸੁਆਦ ਦੇਣ ਵਾਲਾ ਹੈ)।੧੭੭।

**ਅੰਮ੍ਰਿਤਾ ਮ੍ਰਿਤ ਹੈਂ ॥ ਕਰਣਾ ਕ੍ਰਿਤ ਹੈਂ ॥**
**ਅਕ੍ਰਿਤਾ ਕ੍ਰਿਤ ਹੈਂ ॥ ਧਰਣੀ ਧ੍ਰਿਤ ਹੈਂ ॥੧੭੮॥**

**ਅਰਥ:** ਉਹ ਸਦਾ ਹੀ ਅਮਰ ਹੈ (ਜਾਂ ਉਹ ਅੰਮ੍ਰਿਤ ਦਾ ਵੀ ਅੰਮ੍ਰਿਤ ਹੈ, ਉਹ ਅੰਮ੍ਰਿਤ ਨੂੰ ਵੀ ਸੁਆਦ ਦੇਣ ਵਾਲਾ ਹੈ), ਉਹ ਤਰਸ ਦੀ ਮੂਰਤੀ ਹੈ (ਕਿਰਪਾ ਸਰੂਪ ਹੈ), ਉਸ ਦੀ ਮੂਰਤੀ ਘੜੀ ਨਹੀਂ ਜਾ ਸਕਦੀ (ਜਾਂ ਉਸ ਦਾ ਸਰੂਪ ਕਿਸੇ ਦਾ ਬਣਾਇਆ ਹੋਇਆ ਨਹੀਂ), ਉਹ ਧਰਤੀ ਦੇ ਧਾਰਨ ਵਾਲਾ ਹੈ (ਜਾਂ ਧਰਤੀ ਦਾ ਆਸਰਾ ਹੈ)।੧੭੮।

**ਅਮਿਤੇਸੁਰ ਹੈਂ ॥ ਪਰਮੇਸੁਰ ਹੈਂ ॥**
**ਅਕ੍ਰਿਤਾ ਕ੍ਰਿਤ ਹੈਂ ॥ ਅੰਮ੍ਰਿਤਾ ਮ੍ਰਿਤ ਹੈਂ ॥੧੭੯॥**

**ਅਰਥ:** ਉਹ ਪਰਮਾਤਮਾ ਅੰਮ੍ਰਿਤ ਦਾ ਸਵਾਮੀ ਹੈ, ਉਹ ਸਭ ਤੋਂ ਵੱਡਾ ਮਾਲਕ ਹੈ। (ਬਾਕੀ ਦੇ ਅਰਥ ਉਪਰ ਲਿਖੇ ਜਾ ਚੁਕੇ ਹਨ)।੧੭੯।

**ਅਜਬਾ ਕ੍ਰਿਤ ਹੈਂ ॥ ਅੰਮ੍ਰਿਤਾ ਮ੍ਰਿਤ ਹੈਂ ॥**
**ਨਰ ਨਾਇਕ ਹੈਂ ॥ ਖਲ ਘਾਇਕ ਹੈਂ ॥੧੮੦॥**

**ਅਰਥ:** ਉਸ ਵਾਹਿਗੁਰੂ ਦਾ ਸਰੂਪ ਅਚਰਜ ਹੈ, ਉਹ ਸਦਾ ਅਮਰ ਹੈ (ਉਹ ਅੰਮ੍ਰਿਤ ਦਾ ਵੀ ਅੰਮ੍ਰਿਤ ਹੈ, ਅਰਥਾਤ ਅੰਮ੍ਰਿਤ ਨੂੰ ਵੀ ਸੁਆਦ ਦੇਣ ਵਾਲਾ ਹੈ), ਉਹ ਮਨੁੱਖਾਂ ਦਾ ਮਾਲਕ ਹੈ, ਉਹ ਦੁਸ਼ਟਾਂ ਨੂੰ ਨਾਸ ਕਰਨ ਵਾਲਾ ਹੈ।੧੮੧।

**ਬਿਸ੍ਵੰਭਰ ਹੈਂ ॥ ਕਰੁਣਾਲਯ ਹੈਂ ॥**
**ਨ੍ਰਿਪ ਨਾਇਕ ਹੈਂ ॥ ਸਰਬ ਪਾਇਕ ਹੈਂ ॥੧੮੧॥**

**ਅਰਥ:** ਉਹ ਵਾਹਿਗੁਰੂ ਜਗਤ ਨੂੰ ਪਾਲਣ ਵਾਲਾ ਹੈ, ਉਹ ਦਇਆ (ਤਰਸ) ਦਾ ਘਰ ਹੈ, ਉਹ ਰਾਜਿਆਂ ਦਾ ਵੀ ਮਾਲਕ ਹੈ, ਉਹ ਸਭ ਦੀ ਰੱਖਿਆ ਕਰਨ ਵਾਲਾ ਹੈ।੧੮੧।

**ਭਵ ਭੰਜਨ ਹੈਂ ॥ ਅਰਿ ਗੰਜਨ ਹੈਂ ॥**
**ਰਿਪੁ ਤਾਪਨ ਹੈਂ ॥ ਜਪੁ ਜਾਪਨ ਹੈਂ ॥੧੮੨॥**

**ਅਰਥ:** ਉਹ ਸੰਸਾਰ ਦਾ ਨਾਸ ਕਰਨ ਵਾਲਾ ਹੈ (ਜਾਂ ਉਹ ਜਨਮ ਮਰਨ ਦੇ ਗੇੜ ਨੂੰ ਭੰਨਣ ਵਾਲਾ ਹੈ, ਭਾਵ ਉਸ ਤੋਂ ਬਚਾਉਣ ਵਾਲਾ ਹੈ), ਉਹ ਵੈਰੀਆਂ ਨੂੰ ਹਾਰ ਦੇਣ ਵਾਲਾ ਹੈ, ਉਹ ਵੈਰੀਆਂ ਨੂੰ ਦੁੱਖ ਦੇਣ ਵਾਲਾ ਹੈ ਅਤੇ ਆਪਣਾ ਨਾਮ ਜਪਾਉਂਦਾ ਹੈ।੧੮੨।

**ਅਕਲੰ ਕ੍ਰਿਤ ਹੈਂ ॥ ਸਰਬਾ ਕ੍ਰਿਤ ਹੈਂ ॥**
**ਕਰਤਾ ਕਰ ਹੈਂ ॥ ਹਰਤਾ ਹਰਿ ਹੈਂ ॥੧੮੩॥**

ਅਰਥ: ਉਸ ਦਾ ਸਰੂਪ ਕਲੰਕ ਰਹਿਤ ਹੈ (ਜਾਂ ਉਸ ਦਾ ਸਰੂਪ ਅਖੰਡ ਹੈ, ਉਹ ਅਖੰਡ ਰੂਪ ਹੈ), ਉਸ ਦਾ ਸਰੂਪ ਹਰ ਤਰ੍ਹਾਂ ਮੁਕੰਮਲ ਹੈ (ਉਹ ਸਰਬ ਰੂਪ ਹੈ), ਉਹ ਬ੍ਰਹਮਾ ਦਾ ਵੀ ਪੈਦਾ ਕਰਨ ਵਾਲਾ ਹੈ ਅਤੇ ਸ਼ਿਵ ਦਾ ਵੀ ਨਾਸ ਕਰਨ ਵਾਲਾ ਹੈ।੧੮੩।

**ਪਰਮਾਤਮ ਹੈਂ ॥ ਸਰਬਾਤਮ ਹੈਂ ॥**
**ਆਤਮ ਬਸ ਹੈਂ ॥ ਜਸ ਕੇ ਜਸ ਹੈਂ ॥੧੮੪॥**

**ਅਰਥ:** ਉਹ ਵਾਹਿਗੁਰੂ ਸਭ ਤੋਂ ਉੱਚੀ ਆਤਮਾ ਵਾਲਾ ਹੈ, ਉਹ ਸਾਰਿਆਂ ਦੀ ਆਤਮਾ ਜਾਂ ਸਭ ਦਾ ਆਪਣਾ ਆਪ ਹੈ, ਉਹ ਆਪਣੇ ਆਪ ਦੇ ਵੱਸ ਵਿਚ ਹੈ, ਜਿਹੋ ਜਿਹਾ ਉਹ ਹੈ ਉਹੋ ਜਿਹਾ ਉਹ ਹੀ ਹੈ।੧੮੪।

**ਭੁਜੰਗ ਪ੍ਰਯਾਤ ਛੰਦ ॥**

**ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ॥**

**ਅਰਥ:** ਸੂਰਜਾਂ ਦੇ ਸੂਰਜ (ਅਰਥਾਤ ਸੂਰਜ ਨੂੰ ਰੋਸ਼ਨੀ ਦੇਣ ਵਾਲੇ) ਨੂੰ ਨਮਸਕਾਰ ਹੈ। ਚੰਦਾਂ ਦੇ ਚੰਦ ਜਾਂ ਚੰਦ ਨੂੰ ਚਾਨਣੀ ਦੇਣ ਵਾਲੇ ਨੂੰ ਨਮਸਕਾਰ ਹੈ।

**ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ॥**

**ਅਰਥ:** ਰਾਜਿਆਂ ਦੇ ਰਾਜੇ ਨੂੰ ਨਮਸਕਾਰ! ਦੇਵਤਿਆਂ ਦੇ ਰਾਜੇ (ਇੰਦਰ ਦੇ ਰਾਜੇ) ਨੂੰ ਨਮਸਕਾਰ!

**ਨਮੋ ਅੰਧਕਾਰੇ ਨਮੋ ਤੇਜ ਤੇਜੇ॥**

**ਅਰਥ:** ਨਮਸਕਾਰ ਹੈ ਉਸ ਨੂੰ ਜੋ ਘੁੱਪ ਹਨੇਰਾ ਵੀ ਹੈ ਅਤੇ ਮਹਾਨ ਚਾਨਣ ਵਾਲਾ ਪਰਕਾਸ਼ ਵੀ ਹੈ।

**ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ ॥੧੮੫॥**

**ਅਰਥ:** ਨਮਸਕਾਰ ਹੈ ਉਸ ਨੂੰ ਜੋ ਜੀਵਾਂ ਦਾ ਬੇਅੰਤ ਇੱਕਠ (ਵੱਡਿਆ ਤੋਂ ਵੱਡਾ) ਵੀ ਹੈ ਅਤੇ ਸੂਖਮ ਤੋਂ ਸੂਖਮ (ਜਾਂ ਛੋਟੇ ਜਾਂ ਛੋਟਾ) ਵੀ (ਅਰਥਾਤ ਇਸ ਜਗਤ ਦਾ ਸਭ ਪਸਾਰਾ ਵੀ ਉਸ ਦਾ ਹੀ ਰੂਪ ਹੈ ਅਤੇ ਇਸ ਜਗਤ ਦਾ ਨਾ ਦਿਸਣ ਵਾਲਾ ਛੋਟੇ ਤੋਂ ਛੋਟਾ ਮੂਲ ਵੀ ਉਹ ਹੀ ਹੈ)।੧੮੫।

**ਨਮੋ ਰਾਜਸੰ ਤਾਮਸੰ ਸਾਂਤ ਰੂਪੇ ॥**





**ਅਰਥ:** ਨਮਸਕਾਰ ਹੈ ਉਸਨੂੰ, ਜਿਸ ਤੋਂ ਜਗਤ-ਰਚਨਾ ਦੇ ਤਿੰਨ ਗੁਣ-ਰਜੋ, ਸਤੋ, ਤਮੋ-ਬਣੇ ਹਨ, ਜਾਂ ਜੋ ਇਨ੍ਹਾਂ ਤਿੰਨਾਂ ਹੀ ਗੁਣਾਂ ਦਾ ਮਾਲਕ ਜਾਂ ਸੋਮਾ ਹੈ।

**ਨਮੋ ਪਰਮ ਤੱਤੰ ਅਤੱਤੰ ਸਰੂਪੇ ॥**

**ਅਰਥ:** ਨਮਸਕਾਰ ਹੈ ਉਸਨੂੰ ਜੋ ਪਰਮ ਆਤਮਾ ਹੈ ਅਤੇ ਜਿਹਦਾ ਸਰੂਪ ਜਗਤ-ਰਚਨਾ ਦੇ ਤੱਤਾਂ ਤੋਂ ਨਹੀਂ ਬਣਿਆ।

**ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ ॥**

**ਅਰਥ:** ਨਮਸਕਾਰ ਹੈ ਉਸਨੂੰ ਜੋ ਸਭ ਤੋਂ ਕਠਨ ਜੋਗੀ ਅਤੇ ਸਭ ਤੋਂ ਉੱਚਾ ਗਿਆਨੀ ਹੈ।

**ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ ॥੧੮੬॥**

**ਅਰਥ:** ਨਮਸਕਾਰ ਹੈ ਉਸ ਨੂੰ ਜੋ ਮੰਤਰਾਂ ਦਾ ਮਹਾਂ ਮੰਤਰ ਹੈ ਅਤੇ ਸਭ ਤੋਂ ਡੂੰਘੀ ਸਮਾਧੀ ਹੈ।੧੮੬।

**ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ॥**

**ਅਰਥ:**-ਜੁਧ ਵਿਚ ਵੈਰੀਆਂ ਨੂੰ ਜਿੱਤਣ ਵਾਲੇ ਨੂੰ ਨਮਸਕਾਰ ਹੈ। ਸਭ ਤੋਂ ਉੱਤਮ ਗਿਆਨ ਨੂੰ (ਜਿਸ ਦਾ ਨਾਮ ਸਭ ਤੋਂ ਉੱਤਮ ਗਿਆਨ ਹੈ, ਉਸ ਨੂੰ) ਨਮਸਕਾਰ ਹੈ।

**ਨਮੋ ਭੋਜ ਭੋਜੇ ਨਮੋ ਪਾਨ ਪਾਨੇ॥**

**ਅਰਥ :-** ਨਮਸਕਾਰ ਹੈ ਉਸ ਨੂੰ ਜੋ ਖੁਰਾਕ ਨੂੰ ਸਰੀਰਾਂ ਦਾ ਅਧਾਰ (ਆਸਰਾ) ਬਣਨ ਦੀ ਤਾਕਤ ਦੇਂਦਾ ਹੈ। ਨਮਸਕਾਰ ਹੈ ਉਸ ਨੂੰ ਜੋ ਪੀਣ ਯੋਗ ਪਦਾਰਥਾਂ ਵਿਚੋਂ ਸਾਰ ਰੂਪ ਹੈ।

**ਨਮੋ ਕਲਹ ਕਰਤਾ ਨਮੋ ਸਾਂਤ ਰੂਪੇ॥**

**ਅਰਥ:**-ਨਮਸਕਾਰ ਹੈ ਉਸ ਨੂੰ ਜੋ ਜਗਤ ਵਿਚ ਝਗੜੇ ਪੈਦਾ ਕਰਨ ਵਾਲਾ ਹੈ। ਨਮਸਕਾਰ ਹੈ ਉਸ ਨੂੰ ਜੋ ਸਾਂਤੀ ਸਰੂਪ ਹੈ (ਭਾਵ ਸ਼ਾਂਤੀ (ਠੰਢ) ਵਰਤਾਉਣ ਵਾਲਾ ਹੈ)।

**ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ ॥੧੮੭॥**

**ਅਰਥ :-** ਦੇਵਤਿਆਂ ਦੇ ਰਾਜੇ ਦੇ ਰਾਜੇ ਨੂੰ ਨਮਸਕਾਰ ਹੈ। ਨਮਸਕਾਰ ਹੈ ਉਸ ਨੂੰ ਜਿਸ ਦੇ ਤੇਜ ਪ੍ਰਤਾਪ ਦਾ ਮੁੱਢ ਨਹੀਂ ਲੱਭ ਸਕਦਾ ।੧੮੭।

**ਕਲੰਕਾਰ ਰੂਪੇ ਅਲੰਕਾਰ ਅਲੰਕੇ ॥**

**ਅਰਥ :-** ਨਮਸਕਾਰ ਹੈ ਉਸ ਨੂੰ ਜੋ ਸਭ ਸ਼ਕਤੀਆਂ ਤੇ ਵਿਦਿਆ ਹੁਨਰ ਦਾ ਕਰਤਾ ਹੈ (ਜਾਂ, ਜੋ ਹਰ ਪਰਕਾਰ ਦੇ ਕਲੰਕ ਜਾਂ ਦੋਸ਼ ਤੋਂ ਰਹਿਤ ਹੈ) ਨਮਸਕਾਰ ਹੈ ਉਸ ਨੂੰ ਜੋ ਸਜਾਵਟ ਦੇ ਸਮਾਨ ਨੂੰ ਸਜਾਵਟ ਦੇਣ ਵਾਲਾ ਹੈ (ਜੋ ਸੋਹਣਿਆਂ ਦਾ ਸੋਹਣਾ, ਜਾਂ ਸੁੰਦਰ ਵਿਅਕਤੀਆਂ ਨੂੰ ਸੁੰਦਰਤਾ ਦੇਣ ਵਾਲਾ ਹੈ)।

**ਨਮੋ ਆਸ ਆਸੇ ਨਮੋ ਬਾਂਕ ਬੰਕੇ॥**

**ਅਰਥ :–** ਆਸਾਂ ਦੇ ਆਸਰੇ ਅਤੇ ਸੋਹਣਿਆਂ ਵਿਚੋ ਸੋਹਣੇ ਨੂੰ ਨਮਸਕਾਰ ਹੈ।

### ਅਭੰਗੀ ਸਰੂਪੇ ਅਨੰਗੀ ਅਨਾਮੇ ॥

**ਅਰਥ :–** ਉਸ ਦੀ ਹਸਤੀ ਨਾਸ ਰਹਿਤ ਹੈ, ਉਸ ਦਾ ਕੋਈ ਸਰੀਰ ਨਹੀਂ (ਉਹ ਸਰੀਰ ਰਹਿਤ ਹੈ), ਉਸ ਦਾ ਕੋਈ ਇਕ ਨਾਂ ਨਹੀਂ।

### ਤ੍ਰਿਭੰਗੀ ਤ੍ਰਿਕਾਲੇ ਅਨੰਗੀ ਅਕਾਮੇ ॥੧੮੮॥

**ਅਰਥ :–** ਉਹ ਤਿੰਨਾਂ ਭਵਨਾਂ ਦੇ ਨਾਸ ਕਰਨ ਵਾਲਾ ਹੈ, ਉਹ ਤਿੰਨਾਂ ਕਾਲਾਂ ਵਿਚ ਕਾਇਮ ਰਹਿਣ ਵਾਲਾ ਹੈ, ਉਹ ਸਰੀਰ-ਰਹਿਤ ਹੈ; ਉਹ ਕਾਮਨਾ ਰਹਿਤ ਹੈ ।੧੮੮।

## ਏਕ ਅਛਰੀ ਛੰਦ ॥

### ਅਜੈ॥ ਅਲੈ॥ ਅਭੈ॥ ਅਬੈ॥੧੮੯॥

**ਅਰਥ :–** ਉਸ ਵਾਹਿਗੁਰੂ ਨੂੰ ਕੋਈ ਜਿੱਤ ਨਹੀਂ ਸਕਦਾ, ਉਹ ਨਾਸ-ਰਹਿਤ ਹੈ, ਉਹ ਡਰ-ਰਹਿਤ ਹੈ; ਉਹ ਸਦਾ ਇਕ ਰਸ ਹੈ ।੧੮੯।

### ਅਭੂ॥ ਅਜੂ॥ ਅਨਾਸ॥ ਅਕਾਸ ॥ ੧੯੦॥

**ਅਰਥ :–** ਉਹ ਵਾਹਿਗੁਰੂ ਜਨਮ ਵਿਚ ਨਹੀਂ ਆਉਂਦਾ, ਉਹ ਅਚੱਲ ਹੈ, ਉਹ ਨਾਸ ਨਹੀਂ ਹੁੰਦਾ, ਉਹ ਸਰਬ-ਵਿਆਪਕ ਹੈ ।੧੯੦।

### ਅਗੰਜ॥ ਅਭੰਜ॥ ਅਲੱਖ॥ ਅਭੱਖ॥ ੧੯੧॥

**ਅਰਥ :–** ਉਹ ਵਾਹਿਗੁਰੂ ਨੂੰ ਕੋਈ ਜਿੱਤ ਨਹੀਂ ਸਕਦਾ, ਉਸ ਨੂੰ ਕੋਈ ਤੋੜ ਨਹੀਂ ਸਕਦਾ, ਉਹ ਕਿਸੇ ਨੂੰ ਦਿਸਦਾ ਨਹੀਂ, ਉਸ ਨੂੰ ਕਿਸੇ ਖੁਰਾਕ ਦੀ ਲੋੜ ਨਹੀਂ ।੧੯੧।

### ਅਕਾਲ ॥ ਦਿਆਲ॥ ਅਲੇਖ॥ ਅਭੇਖ॥੧੯੨॥

**ਅਰਥ :–** ਉਹ ਵਾਹਿਗੁਰੂ ਮੌਤ ਤੋਂ ਪਰੇ ਹੈ, ਉਹ ਦਇਆ ਦਾ ਘਰ ਹੈ, ਉਸ ਦੀ ਤਸਵੀਰ ਕੋਈ ਨਹੀਂ ਬਣਾ ਸਕਦਾ, ਉਸ ਦਾ ਕੋਈ ਖਾਸ ਭੇਸ ਜਾਂ ਪਹਿਰਾਵਾ ਨਹੀਂ ।੧੯੨।

### ਅਨਾਮ ॥ ਅਕਾਮ ॥ ਅਗਾਹ ॥ ਅਢਾਹ॥੧੯੩॥

**ਅਰਥ :–** ਉਸ ਦਾ ਕੋਈ ਇਕ ਨਾਂ ਨਹੀਂ, ਉਸ ਨੂੰ ਕੋਈ ਕਾਮਨਾ (ਵਾਸ਼ਨਾ) ਪੋਹ ਨਹੀਂ ਸਕਦੀ, ਉਸ ਦੀ ਡੂੰਘਿਆਈ ਦਾ ਪਤਾ ਨਹੀਂ ਲਗ ਸਕਦਾ। (ਉਹ ਅਥਾਹ ਹੈ; ਉਸ ਨੂੰ ਕੋਈ ਡੇਗ ਢਾਹ ਨਹੀਂ ਸਕਦਾ ।੧੯੩।

### ਅਨਾਥੇ ॥ ਪ੍ਰਮਾਥੇ॥ ਅਜੋਨੀ॥ ਅਮੋਨੀ ॥੧੯੪॥

**ਅਰਥ :–** ਉਸ ਵਾਹਿਗੁਰੂ ਉਪਰ ਹੋਰ ਕੋਈ ਖਸਮ ਨਹੀਂ। ਉਹ ਸਭ ਦਾ ਨਾਸ ਕਰਨ ਵਾਲਾ ਹੈ; ਉਹ ਜਨਮਾਂ ਵਿਚ ਨਹੀਂ ਆਉਂਦਾ; ਉਹ ਮੁੰਨ ਮੁੰਨ ਹੋ ਕੇ ਨਹੀਂ ਬੈਠਿਆ





ਹੋਇਆ ।੧੯੪।

### ਨ ਰਾਗੇ ॥ ਨ ਰੰਗੇ ॥ ਨ ਰੂਪੇ॥ ਨ ਰੇਖੇ ॥੧੯੫॥

**ਅਰਥ :–** ਉਸ ਵਾਹਿਗੁਰੂ ਨੂੰ ਮੋਹ ਨਹੀਂ ਵਿਆਪਦਾ; ਉਸ ਦਾ ਨਾ ਕੋਈ ਰੰਗ ਹੈ ਨਾ ਰੂਪ ਹੈ ਅਤੇ ਨਾ ਹੀ ਉਸ ਦਾ ਕੋਈ ਚਿੰਨ ਹੈ ।੧੯੫।

### ਅਕਰਮੰ ॥ ਅਭਰਮੰ ॥ ਅਗੰਜੇ ॥ ਅਲੇਖੇ ॥੧੯੬॥

**ਅਰਥ :–** ਉਹ ਵਾਹਿਗੁਰੂ ਕਰਮਾਂ ਕੰਮਾਂ ਤੋਂ ਰਹਿਤ ਹੈ; ਉਸ ਨੂੰ ਕੋਈ ਭਰਮ ਭੁਲੇਖਾ ਨਹੀਂ ਪੋਹ ਸਕਦਾ; ਉਹ ਜਿੱਤਿਆ ਨਹੀਂ ਜਾ ਸਕਦਾ; ਉਸ ਦੀ ਕੋਈ ਤਸਵੀਰ ਨਹੀਂ ਬਣਾਈ ਜਾ ਸਕਦੀ (ਜਾਂ ਉਹ ਲੇਖੇ ਤੋਂ ਪਰੇ, ਅਰਥਾਤ ਬੇਅੰਤ ਹੈ) ।੧੯੬।

## ਭੁਜੰਗ ਪ੍ਰਯਾਤ ਛੰਦ॥

### ਨਮਸਤੁਲ ਪ੍ਰਣਾਮੇ ਸਮਸਤੁਲ ਪ੍ਰਣਾਸੇ ॥

**ਅਰਥ :–** ਉਸ ਨਮਸਕਾਰ-ਯੋਗ ਨੂੰ ਨਮਸਕਾਰ ਹੈ ਜੋ ਸਭ ਦਾ ਨਾਸ ਕਰਨ ਵਾਲਾ ਹੈ।

### ਅਗੰਜੁਲ ਅਨਾਮੇ ਸਮਸਤੁਲ ਨਿਵਾਸੇ ॥

**ਅਰਥ :–** (ਨਮਸਕਾਰ ਹੈ ਉਸ ਨੂੰ) ਜੋ ਜਿੱਤਿਆ ਨਹੀਂ ਜਾ ਸਕਦਾ- ਜਿਸ ਦਾ ਕੋਈ ਇਕ ਨਾਂ ਨਹੀ, ਜੋ ਸਭ ਜੀਵਾਂ ਵਿਚ ਵੱਸਦਾ ਜਾਂ ਟਿਕਿਆ ਹੋਇਆ ਹੈ।

### ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ ॥

**ਅਰਥ :–** ਨਮਸਕਾਰ ਹੈ ਉਸ ਨੂੰ ਜਿਸ ਦੇ ਪ੍ਰਤਾਪ ਉਤੇ ਕੋਈ ਕਾਮਨਾ ਅਸਰ ਨਹੀਂ ਕਰ ਸਕਦੀ, ਸਾਰੇ ਜੀਅ ਜੰਤ ਜਿਸ ਦਾ ਸਰੂਪ ਹਨ।

### ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ ॥੧੯੭॥

**ਅਰਥ :–** ਉਹ ਬਦੀਆਂ (ਭੈੜੇ ਕੰਮਾਂ) ਦੇ ਨਾਸ ਕਰਨ ਵਾਲਾ ਹੈ, ਉਸ ਦਾ ਪ੍ਰਤਾਪ ਇਸ ਵਿਚ ਹੈ ਕਿ ਉਹ ਆਪਣੇ ਫ਼ਰਜ਼ ਠੀਕ ਤਰ੍ਹਾਂ ਨਿਬਾਹ ਰਿਹਾ ਹੈ ।੧੯੭।

### ਸਦਾ ਸੱਚਿਦਾਨੰਦ ਸੱਤ੍ਰੰ ਪ੍ਰਣਾਸੀ ॥

**ਅਰਥ :–** ਹੇ ਵਾਹਿਗੁਰੂ ! ਤੂੰ ਸੱਚ ਮੁਚ ਹੋਂਦ ਵਾਲਾ ਹੈਂ; ਤੂੰ ਗਿਆਨ-ਰੂਪ ਅਤੇ ਅਨੰਦ-ਰੂਪ ਹੈਂ, ਤੂੰ ਵੈਰੀਆਂ ਨੂੰ ਨਾਸ ਕਰਨ ਵਾਲਾ ਹੈਂ।

### ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ ॥

**ਅਰਥ :–** ਤੂੰ ਸਭ ਉੱਪਰ ਬਖਸ਼ਿਸ਼ਾਂ ਕਰਨ ਵਾਲਾ, ਸਭ ਨੂੰ ਪੈਦਾ ਕਰਨ ਵਾਲਾ,

ਅਤੇ ਸਭ ਵਿਚ ਨਿਵਾਸ ਰੱਖਣ ਵਾਲਾ ਹੈ।

**ਅਜਾਇਬ ਬਿਭੂਤੇ ਗਜਾਇਬ ਗਨੀਮੇ ॥**

**ਅਰਥ :-** ਉਸ ਵਾਹਿਗੁਰੂ ਦਾ ਪਰਤਾਪ ਅਚਰਜ ਹੈ, ਉਹ ਵੈਰੀਆਂ ਉਪਰ ਗਜਬ ਢਾਹੁਣ (ਕਹਿਰ ਲਿਆਉਣ) ਵਾਲਾ ਹੈ।

**ਹਰੀਅੰ ਕਰੀਅੰ ਕਰੀਮੁਲ ਰਹੀਮੇ ॥੧੯੮॥**

**ਅਰਥ :-** ਉਹ ਸਭ ਨੂੰ ਨਾਸ ਕਰਨ ਵਾਲਾ ਹੈ, ਸਭ ਨੂੰ ਪੈਦਾ ਕਰਨ ਵਾਲਾ ਹੈ, ਉਹ ਬਖਸ਼ਸ਼ ਕਰਨ ਵਾਲਾ ਹੈ, ਉਹ ਰਹਿਮ ਕਰਨ ਵਾਲਾ ਹੈ ।੧੯੮।

**ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ ॥**

**ਅਰਥ :-** ਉਹ ਚਾਰੇ ਚੱਕ (ਸਭ ਪਾਸੀਂ) ਵਰਤ ਰਿਹਾ ਹੈ ਜਾਂ ਮੌਜੂਦ ਹੈ ਉਹ ਚਹੁੰ ਪਾਸੀਂ ਹੁਕਮ ਚਲਾ ਰਿਹਾ ਹੈ। (ਉਹ ਸਭ ਜਗਤ ਨੂੰ ਭੋਗਣ ਵਾਲਾ ਹੈ)।

**ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ ॥**

**ਅਰਥ :-** ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ, ਉਹ ਸੁੰਦਰ ਹੈ, ਉਹ ਹਰ ਵੇਲੇ ਸਭ ਜੀਵਾਂ ਵਿਚ ਮਿਲਿਆ ਹੋਇਆ ਹੈ।

**ਦੁਕਾਲੰ ਪ੍ਰਣਾਸੀ ਦਇਆਲੰ ਸਰੂਪੇ ॥**

**ਅਰਥ :-** ਉਹ ਜਨਮ ਮਰਨ ਦੇ ਦੁਖ ਨਾਸ ਕਰਨ ਵਾਲਾ ਹੈ, ਉਹ ਦਇਆ ਦਾ ਰੂਪ ਹੈ।

**ਸਦਾ ਅੰਗਸੰਗੇ ਅਭੰਗ ਬਿਭੂਤੇ ॥੧੯੯॥**

**ਅਰਥ :-** ਉਹ ਹਰ ਵੇਲੇ ਸਭ ਦੇ ਅੰਗ ਸੰਗ (ਨਾਲ) ਰਹਿੰਦਾ ਹੈ, ਉਸ ਦਾ ਪਰਤਾਪ ਕਦੇ ਨਾਸ ਨਹੀਂ ਹੁੰਦਾ ।੧੯੯।

## ਸ਼ਬਦ

### ਬਿਲਾਵਲੁ ਮਹਲਾ ੫

**ਗੁਰਿ ਪੂਰੈ ਮੇਰੀ ਰਾਖਿ ਲਈ॥ ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ।**
**ਜਨਮ ਜਨਮ ਕੀ ਮੈਲੁ ਗਈ॥ ੧ ॥ ਰਹਾਉ॥**
**ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ॥**
**ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ॥੧॥**
**ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ਚਰਨ ਕਮਲ ਰਖੁ ਮਨ ਮਾਹੀ॥**





**ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ॥੨॥**
(ਪੰਨਾ ੨੩-੮੨੪)

**ਪਦ ਅਰਥ:-** ਗੁਰਿ-ਗੁਰੂ ਨੇ। ਅੰਮ੍ਰਿਤ- ਆਤਮਕ ਜੀਵਨ ਦੇਣ ਵਾਲਾ। ਰਿਦੇ ਮਹਿ-ਹਿਰਦੇ ਵਿਚ ।੧। ਰਹਾਉ। ਨਿਵਰੇ-ਦੂਰ ਹੋ ਗਏ ਹਨ। ਦੂਤ-(ਕਾਮਾਦਿਕ) ਦੁਸ਼ਮਨ। ਬੈਰਾਈ-ਵੈਰੀ । ਕਹਾ ਕਰੈ-ਕੀਹ ਕਰ ਸਕਦਾ ਹੈ? ਕੁਝ ਵਿਗਾੜ ਨਹੀਂ ਕਰ ਸਕਦਾ। ਪਰਤਾਪੁ-ਤਾਕਤ।੧। ਰਖੁ-ਟੇਕ, ਆਸਰਾ। ਮਾਹੀ-ਮਾਹਿ, ਵਿਚ। ਤਾ ਕੀ-ਉਸ (ਪ੍ਰਭੂ) ਦੀ । ਜਾ ਤੇ ਊਪਰਿ-ਜਿਸ ਤੋਂ ਵੱਡਾ। ੨।

ਅਰਥ: (ਹੇ ਭਾਈ! ਵਿਕਾਰਾਂ ਦੇ ਟਾਕਰੇ ਤੇ) ਪੂਰੇ ਗੁਰੂ ਨੇ ਮੇਰੀ ਇੱਜ਼ਤ ਰੱਖ ਲਈ ਹੈ। ਗੁਰੂ ਨੇ ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ ਮੇਰੇ ਹਿਰਦੇ ਵਿਚ ਵਸਾ ਦਿੱਤਾ ਹੈ, (ਉਸ ਨਾਮ ਦੀ ਬਰਕਤਿ ਨਾਲ) ਅਨੇਕਾਂ ਜਨਮਾਂ ਦੇ ਕੀਤੇ ਕਰਮਾਂ ਦੀ ਮੈਲ ਮੇਰੇ ਮਨ ਵਿੱਚੋਂ ਦੂਰ ਹੋ ਗਈ ਹੈ।੧। ਰਹਾਉ। ਹੇ ਭਾਈ! ਪੂਰੇ ਗੁਰੂ ਦਾ ਦੱਸਿਆ ਹੋਇਆ ਹਰਿ-ਨਾਮ ਦਾ ਜਾਪ ਜਦੋਂ ਤੋਂ ਮੈਂ ਜਪਣਾ ਸ਼ੁਰੂ ਕੀਤਾ ਹੈ, (ਕਾਮਾਦਿਕ) ਸਾਰੇ ਵੈਰੀ ਦੁਰਜਨ ਨੱਸ ਗਏ ਹਨ। ਮੇਰੇ ਪ੍ਰਭੂ ਦੀ ਬੜੀ ਤਾਕਤ ਹੈ, ਹੁਣ (ਇਹਨਾਂ ਵਿੱਚੋਂ) ਕੋਈ ਵੀ ਮੇਰਾ ਕੁਝ ਵਿਗਾੜ ਨਹੀਂ ਸਕਦਾ।੧। (ਹੇ ਭਾਈ! ਗੁਰੂ ਦੀ ਕਿਰਪਾ ਨਾਲ ਪਰਮਾਤਮਾ ਦੇ ਸੋਹਣੇ ਚਰਨ) ਮੇਰੇ ਮਨ ਵਿਚ ਆਸਰਾ ਬਣ ਗਏ ਹਨ, ਉਸਦਾ ਨਾਮ (ਹਰ ਵੇਲੇ) ਸਿਮਰ ਸਿਮਰ ਕੇ ਮੈਂ ਆਤਮਕ ਆਨੰਦ ਪ੍ਰਾਪਤ ਕੀਤਾ ਹੈ। ਹੇ ਭਾਈ! (ਪ੍ਰਭੂ ਦਾ) ਦਾਸ ਨਾਨਕ ਉਸ (ਪ੍ਰਭੂ) ਦੀ ਸ਼ਰਨ ਪੈ ਗਿਆ ਹੈ ਜਿਸ ਤੋਂ ਵੱਡਾ ਹੋਰ ਕੋਈ ਨਹੀਂ। ।੨।੧੨।੯੮।

## ਸਲੋਕ

1. **ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ॥**
   **ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ॥ (੧੪੨੮)**

**ਅਰਥ :** ਹੇ ਨਾਨਕ! ਆਖ-ਹੇ ਮਨ! ਪਰਮਾਤਮਾ ਦਾ ਭਜਨ ਕਰਿਆ ਕਰ ਅੰਤ ਸਮੇਂ ਮਦਦਗਾਰ ਬਣਦਾ ਹੈ ਸੁਖ ਵੇਲੇ ਅਨੇਕਾ ਮੇਲੀ-ਗੇਲੀ ਬਣ ਜਾਂਦੇ ਹਨ, ਪਰ ਦੁੱਖ ਵਿੱਚ ਕੋਈ ਵੀ ਨਾਲ ਨਹੀਂ ਹੁੰਦਾ।

2. **ਜਪਿ ਨਾਨਕ ਨਾਮੁ ਸਚੁ ਸਾਖੀ॥**
   **ਅਪੁਨੇ ਦਾਸ ਕੀ ਪੈਜ ਰਾਖੀ॥੪॥੬॥੫੬॥ (੬੨੩)**

**ਅਰਥ :** ਹੇ ਨਾਨਕ! ਸਦਾ-ਥਿਰ ਪ੍ਰਭੂ ਦਾ ਨਾਮ ਜਪਿਆ ਕਰ, ਇਹੀ ਸਦਾ ਹਾਮੀ ਭਰਨ ਵਾਲਾ ਹੈ। ਪ੍ਰਭੂ ਆਪਣੇ ਸੇਵਕ ਦੀ (ਸਦਾ) ਇੱਜ਼ਤ ਰੱਖਦਾ ਆਇਆ ਹੈ।

3. **ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ ॥**
**ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ॥੨੨॥(੧੪੨੬)**

**ਅਰਥ** : (ਅਸਲ) ਮਿੱਤਰ ਸਦਾ ਕਾਇਮ ਰਹਿਣ ਵਾਲਾ ਪ੍ਰਭੂ-ਪਾਤਿਸ਼ਾਹ ਹੈ ਜੋ (ਦੁਨੀਆ ਦੇ ਸਾਰੇ) ਪਾਤਿਸ਼ਾਹਾਂ ਦੇ ਸਿਰ ਤੇ ਪਾਤਿਸ਼ਾਹ ਹੈ (ਸਭ ਦੁਨਿਆਵੀ ਪਾਤਿਸ਼ਾਹਾਂ ਤੋਂ ਵੱਡਾ ਹੈ)। ਉਹ ਪ੍ਰਭੂ-ਪਾਤਿਸ਼ਾਹ ਸਭ ਜੀਵਾਂ ਦਾ ਆਸਰਾ ਹੈ, (ਉਹ ਐਸਾ ਹੈ ਕਿ) ਉਸ ਦੇ ਪਾਸ ਬੈਠਿਆਂ (ਲੋਕ ਪਰਲੋਕ ਦੀ) ਸੋਭਾ ਖੱਟ ਲਈ ਦੀ ਹੈ।

4. **ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥**
**ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ॥(੫੨੨)**

**ਅਰਥ** : ਜਿਸ ਮਨੁੱਖ ਨੂੰ ਪਰਮਾਤਮਾ ਦਾ ਨਾਮ ਵਿਸਰ ਜਾਂਦਾ ਹੈ। ਉਸ ਨੂੰ ਕ੍ਰੋੜਾਂ ਵਿਘਨ ਆ ਘੇਰਦੇ ਹਨ। ਹੇ ਨਾਨਕ! ਇਹੋ ਜਿਹੇ ਮਨੁੱਖ ਹਰ ਰੋਜ਼ ਵਿਲਕਦੇ ਰਹਿੰਦੇ ਹਨ, ਜਿਵੇਂ ਸੁੰਞੇ ਘਰ ਕਾਂ ਬੋਲਦਾ ਹੈ ਪਰ ਉਸਨੂੰ ਕੁਝ ਨਹੀਂ ਮਿਲਦਾ।

5. **ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥**
**ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥(੯੬੭)**

**ਅਰਥ** : (ਗੁਰੂ ਅੰਗਦ ਸਾਹਿਬ ਦੇ ਦਰਬਾਰ ਵਿੱਚ) ਮਾਲਕ ਅਕਾਲ ਪੁਰਖ ਦੀ ਸਿਫਤ-ਸਾਲਾਹ ਹੋ ਰਹੀ ਹੈ, ਰੂਹਾਨੀ ਦੇਸਾਂ ਤੋਂ (ਉਸ ਦੇ ਦਰ ਤੇ) ਨੂਰ ਝੜ ਰਿਹਾ ਹੈ। ਹੇ ਸੱਚੇ ਸਤਿਗੁਰੁ (ਅੰਗਦ ਦੇਵ ਜੀ)! ਤੇਰਾ ਦੀਦਾਰ ਕੀਤਿਆਂ ਕਈ ਜਨਮਾਂ ਦੀ (ਵਿਕਾਰਾਂ ਦੀ) ਮੈਲ ਕੱਟੀ ਜਾ ਰਹੀ ਹੈ।

## ਪੰਗਤੀਆਂ

1. **ਦੀਨ ਦਰਦ ਨਿਵਾਰਿ ਠਾਕੁਰ ਰਾਖੈ ਜਨ ਕੀ ਆਪਿ॥(੬੨੫)**

**ਅਰਥ** : ਹੇ ਭਾਈ! ਅਕਾਲ ਪੁਰਖ ਵਾਹਿਗੁਰੂ ਆਪਣੇ ਸੇਵਕਾਂ ਦੇ ਦੁੱਖ ਦਰਦ ਦੂਰ ਕਰਕੇ ਆਪਣੇ ਸੇਵਕਾਂ ਦੀ ਲਾਜ ਆਪ ਰੱਖਦਾ ਹੈ।

2. **ਨਿੰਦਕ ਕਾ ਮੁਖੁ ਕਾਲਾ ਹੋਆ ਦੀਨ ਦੁਨੀਆ ਕੈ ਦਰਬਾਰਿ॥(੬੨੪)**

**ਅਰਥ** : ਹੇ ਭਾਈ! ਦੁਨੀਆਂ ਦੇ ਵਿੱਚ ਨਿੰਦਾ ਕਰਨ ਵਾਲੇ ਮਨੁੱਖਾਂ ਦਾ ਦੁਨੀਆ ਦੇ ਦਰਬਾਰ ਵਿੱਚ ਅਤੇ ਦੀਨ ਦੇ ਦਰਬਾਰ ਵਿੱਚ (ਲੋਕ ਪਰਲੋਕ) ਵਿੱਚ ਮੂੰਹ ਕਾਲਾ ਹੁੰਦਾ ਹੈ।

3. **ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥(੫੬੦)**

**ਅਰਥ**: ਹੰਕਾਰ ਮਨੁੱਖ ਨੂੰ ਹਨੇਰੇ ਵਲ ਲੈ ਜਾਂਦਾ ਹੈ ਅਤੇ ਹੰਕਾਰ ਕਾਰਨ ਕੋਈ ਬੰਦਾ ਕੁਝ ਵੀ ਸਮਝ ਨਹੀਂ ਸਕਦਾ।

4. **ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥(੧੩੫)**

**ਅਰਥ**: ਪਾਰਬ੍ਰਹਮ ਨੂੰ ਭੁਲਾਉਣ ਕਰਕੇ ਇਨਸਾਨ ਨੂੰ ਸਾਰੀਆਂ ਬੀਮਾਰੀਆਂ ਚਿਮੜ ਜਾਂਦੀਆਂ ਹਨ।





5. **ਬਾਲੀ ਰੋਵੈ ਨਾਹਿ ਭਤਾਰੁ ॥ਨਾਨਕ ਦੁਖੀਆ ਸਭੁ ਸੰਸਾਰੁ॥(੯੫੪)**

**ਅਰਥ**: ਜਿਸ ਤਰ੍ਹਾਂ ਇਸਤ੍ਰੀ ਰੋਂਦੀ ਹੈ ਜਦੋਂ (ਸਿਰ ਤੇ) ਪਤੀ ਨਾ ਰਹੇ। ਹੇ ਨਾਨਕ! ਇਸੇ ਤਰ੍ਹਾਂ ਸਾਰਾ ਜਗਤ ਹਮੇਸ਼ਾ ਹੀ ਦੁਖੀ ਰਹਿੰਦਾ ਹੈ।

***ਗੁਰਬਾਣੀ ਦੇ ਚੋਣਵੇਂ ਸ਼ਬਦ-ਅਰਥ*** **ਉਪਰਜਨ**-ਪੈਦਾ ਕਰਨਾ। **ਅਦੇਸ**-ਬਿਨਾਂ ਕਿਸੇ ਦੇਸ ਤੋਂ। **ਸਿਫਤਿ ਸਲਾਹ**-ਪ੍ਰਭੂ ਦੇ ਗੁਣ ਗਾਇਨ ਕਰਨਾ। **ਸਰਪਰ**-ਜਰੂਰ ਬਿਨਾਂ ਸੰਸੇ। **ਤਿੰਨ ਗੁਣ**-ਰਜੋ ਗੁਣ, ਤਮੋ ਗੁਣ, ਸਤੋ ਗੁਣ। **ਨਿਰੰਜਨ**-ਕਾਲਖ ਰਹਿਤ (ਵਾਹਿਗੁਰੂ)। **ਤਗ**-ਧਾਗਾ, ਡੋਰਾ, ਜਨੇਊ। **ਪਰਪੰਚ**-ਛਲ, ਧੋਖਾ। **ਪਰਮਤੰਤ**-ਵਾਹਿਗੁਰੂ (ਪਰਮ ਤਤਵ)। **ਬਿਉਹਾਰ**-ਵਿਵਹਾਰ। ਬਿਕਰਾਲ, **ਵਿਕਰਾਲ**- ਭਿਅੰਕਰ ਰੂਪ, ਡਰਾਉਣਾ। **ਬਿਬੇਕ ਬੁਧੀ**-ਗਿਆਨ ਵਾਲੀ ਬੁੱਧੀ ਚੰਗੇ ਬੁਰੇ ਦੀ ਪਹਿਚਾਨ ਕਰਨ ਵਾਲੀ। **ਮਿਥਿਆ**-ਝੂਠੀ, ਨਾਸ ਹੋਣ ਵਾਲੀ। **ਵਰਿਆਮ**-ਬਹਾਦਰੀ ਵਾਲਾ।

# ਇਤਿਹਾਸ

## ਸੂਰਬੀਰਤਾ

ਕਾਇਰਤਾ ਤੋਂ ਦੂਰ, ਜੰਗ ਵਿੱਚ ਸੀਨਾ ਡਾਹ ਕੇ ਦੁਸ਼ਮਣ ਨਾਲ ਲੋਹਾ ਲੈਣਾ, ਮਨ ਨੂੰ ਵਿਕਾਰਾਂ ਵਿੱਚ ਨਾ ਪੈਣ ਦੇਣਾ ਇਹ ਸੂਰਬੀਰਤਾ ਦੀਆਂ ਨਿਸ਼ਾਨੀਆਂ ਹਨ। ਲੋਕਾਂ ਨੂੰ ਤਰਸਯੋਗ ਦਸ਼ਾ ਵਿਚੋਂ ਕੱਢ ਕੇ ਨਿਰੋਈਆਂ ਸੇਧਾਂ ਬਖਸ਼ਣ ਵਾਸਤੇ, ਗੁਰੂ ਨਾਨਕ ਸਾਹਿਬ ਜੀ ਨੇ ਸੂਰਬੀਰਤਾ ਦਾ ਗੁਣ ਸਿੱਖਾਂ ਵਿੱਚ ਭਰਿਆ। ਹੋਰਨਾਂ ਗੁਣਾਂ ਤੋਂ ਇਲਾਵਾ ਸੂਰਬੀਰਤਾ ਦਾ ਧਾਰਨੀ ਹੋਣਾ ਹਰੇਕ ਸਿੱਖ ਵਾਸਤੇ ਜਰੂਰੀ ਹੈ। ਅਜਿਹਾ ਕੇਵਲ ਸ੍ਵੈ ਰੱਖਿਆ ਵਾਸਤੇ ਹੀ ਨਹੀਂ ਸਗੋਂ ਮਜਲੂਮਾਂ, ਨਿਮਾਣਿਆਂ ਅਤੇ ਨਿਆਸਰਿਆ ਦੀ ਰੱਖਿਆ ਵਾਸਤੇ ਵੀ ਹੈ।

ਗੁਰੂ ਸਾਹਿਬਾਨ ਨੇ ਜ਼ਾਲਮ ਸਰਕਾਰਾਂ ਦੇ ਜ਼ੁਲਮੀ ਸ਼ਕੰਜਿਆਂ ਵਿਚੋਂ ਦੀਨਾਂ ਅਤੇ ਮਜ਼ਲੂਮਾਂ ਨੂੰ ਅਜ਼ਾਦ ਕਰਾਉਣ ਵਾਸਤੇ ਸੂਰਬੀਰਤਾ ਨਾਲ ਓਤਪੋਤ ਨਿੱਗਰ ਸਮਾਜ ਕਾਇਮ ਕਰਨਾ ਅਰੰਭਿਆ। ਸੂਰਬੀਰਤਾ ਦਾ ਗੁਣ ਸਿੱਖ ਸਮਾਜ ਦਾ ਅਨਿਖੜਵਾਂ ਅੰਗ ਬਣ ਗਿਆ। ਜਿਸ ਸਦਕਾ ਸਦੀਆਂ ਦੇ ਦੱਬੇ ਕੁਚਲੇ ਲੋਕ ਲੜਾਈਆਂ ਵਾਸਤੇ ਤਿਆਰ ਬਰ ਤਿਆਰ ਹੋ ਗਏ।

ਪਿਆਰੇ ਬੱਚਿਓ! ਸਿੱਖ ਇਤਿਹਾਸ ਵਿਚੋਂ ਸੂਰਬੀਰਤਾ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ। ਗੁਰੂ ਸਾਹਿਬਾਨ ਨੇ ਕਦੀ ਕਿਸੇ 'ਤੇ ਨਾ ਤਾਂ ਚੜਾਈ ਕੀਤੀ ਅਤੇ ਨਾ ਹੀ ਪਹਿਲੋਂ ਵਾਰ ਕੀਤਾ। ਪਰ ਚੜ੍ਹ ਕੇ ਆਏ ਦੁਸ਼ਮਣਾਂ ਦੇ ਮੂੰਹ ਭੰਨ ਕੇ ਰੱਖ ਦਿੱਤੇ। ਇਹ ਸੂਰਬੀਰਤਾ ਦੀ ਨਿਸ਼ਾਨੀ ਹੈ।

ਸੰਨ 1634 ਈ: ਗੁਰੂ ਹਰਿਗੋਬਿੰਦ ਸਾਹਿਬ ਜੀ ਕਰਤਾਰ ਪੁਰ ਵਿਖੇ ਬਿਰਾਜਮਾਨ ਸਨ। ਨਮਕ ਹਰਾਮ ਪੈਂਦੇ ਖਾਂ ਲਾਹੌਰ ਤੇ ਜਲੰਧਰ ਦੇ ਫੌਜਦਾਰਾਂ ਨਾਲ ਗੰਢਤੁਪ ਕਰਕੇ



ਗੁਰੂ ਸਾਹਿਬ ਪਹਾੜੀ ਰਾਜਿਆਂ ਨਾਲ ਲੜਾਈ ਕਰਦੇ ਹੋਏ

ਗੁਰੂ ਜੀ ਉੱਪਰ
ਕਾਲੇ ਖਾਂ ਦੀ ਕਮਾਨ 'ਚ ਫੌਜਾਂ ਚਾੜ੍ਹ ਲਿਆਇਆ।

ਪਿਆਰੇ ਬੱਚਿਓ! ਪੈਂਦੇ ਖਾਂ ਗੁਰੂ ਜੀ ਦੇ ਹੱਥੋਂ ਲੜਾਈ 'ਚ ਮਾਰਿਆ ਗਿਆ। ਫਿਰ ਕਾਲੇ ਖਾਂ ਨੇ ਗੁਰੂ ਜੀ ਨੂੰ ਲਲਕਾਰਿਆ। ਕਾਲੇ ਖਾਂ ਨੇ ਬੜੇ ਰੋਹ ਵਿੱਚ ਵਾਰ ਕੀਤੇ ਪਰ ਗੁਰੂ ਜੀ ਖਿੜੇ ਮੱਥੇ ਹਰ ਵਾਰ ਰੋਕਦੇ ਰਹੇ। ਜਦੋਂ ਕਾਲੇ ਖਾਂ ਦੇ ਤਿੰਨ ਵਾਰ ਖਾਲੀ ਗਏ ਤਾਂ ਗੁਰੂ ਜੀ ਨੇ ਸੂਰਬੀਰਤਾ ਦੇ ਇਲਾਹੀ ਸਰੂਰ 'ਚ ਹੱਸ ਕੇ ਕਾਲੇ ਖਾਂ ਨੂੰ ਆਖਿਆ "ਕਾਲੇ ਖਾਂ! ਜਿਸ ਤਰ੍ਹਾਂ ਤੂੰ ਵਾਰ ਕਰਦਾ ਹੈ ਇਵੇਂ ਨਹੀਂ,ਵਾਰ ਇਸ ਤਰ੍ਹਾਂ ਕਰੀਦਾ ਹੈ" ਇਹ ਆਖ ਕੇ ਗੁਰੂ ਜੀ ਨੇ ਕ੍ਰਿਪਾਨ ਦਾ ਭਰਪੂਰ ਵਾਰ ਕਾਲੇ ਖਾਂ ਤੇ ਕੀਤਾ, ਕਾਲੇ ਖਾਂ ਦੇ ਦੋ ਡੱਕਰੇ ਕਰਕੇ ਰੱਖ ਦਿੱਤੇ।

ਪਿਆਰੇ ਬੱਚਿਓ! ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਕਾਇਰਾਂ ਅਤੇ ਬੁਜਦਿਲਾਂ ਨੂੰ ਅਨੰਦਪੁਰੋਂ ਕੱਢ ਦਿੱਤਾ, ਸੂਰਬੀਰਾਂ ਦਾ ਮਾਣ ਸਤਿਕਾਰ ਕੀਤਾ। ਦਸ਼ਮੇਸ਼ ਪਿਤਾ ਸੂਰਬੀਰਤਾ ਦੇ ਧਾਰਨੀ ਸਨ। ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਦੇ ਪ੍ਰੇਮ-ਭਾਵਨਾ ਭਰਪੂਰ ਸੱਦੇ 'ਤੇ ਪਾਉਂਟੇ ਵਿਖੇ ਪਹੁੰਚੇ ਹੋਏ ਸਨ। ਸੁਆਰਥ ਅਤੇ ਈਰਖਾ ਦੇ ਸਾੜੇ ਸੜ ਰਹੇ ਫਤਹਿ ਚੰਦ ਨੇ ਗੁਰੂ ਜੀ ਤੇ ਅਚਾਨਕ ਹਮਲਾ ਕਰ ਦਿੱਤਾ। ਕਪਟ ਨਾਲ ਨਕਾ ਨਕ ਭਰੇ ਹੋਰ ਕਈ ਰਾਜੇ ਫਤਹਿ ਚੰਦ ਦੇ ਨਾਲ ਹੋ ਤੁਰੇ। ਪਹਾੜੀਆਂ ਦੀ ਫੌਜ ਹਜਾਰਾਂ ਦੀ ਗਿਣਤੀ 'ਚ ਤੇ ਇਧਰ ਸਿੱਖ ਸੂਰਬੀਰ ਸੈਂਕੜਿਆਂ 'ਚ ਹੀ ਸਨ। ਭੰਗਾਣੀ ਦੇ ਸਥਾਨ 'ਤੇ ਭਿਅੰਕਰ ਯੁੱਧ ਹੋਇਆ। ਇਹ ਜੰਗ ਗੁਰੂ ਜੀ ਦੀ ਸੂਰਬੀਰਤਾ ਅਤੇ ਪਹਾੜੀਆਂ ਦੇ ਕਾਇਰ ਹਜੂਮ ਵਿਚਕਾਰ





ਸੀ। ਸੰਸਾਰ ਦੀਆਂ ਜੰਗਾਂ ਦੇ ਇਤਿਹਾਸ ਵਿੱਚ ਇਹ ਜੰਗ ਨਿਵੇਕਲੀ ਕਿਸਮ ਦੀ ਸੀ। ਇਕ ਪਾਸੇ ਮਾਰੂ ਹਥਿਆਰਾਂ ਨਾਲ ਲੈਸ ਕਾਇਰ ਬੁਜਦਿਲ ਪਹਾੜੀਆਂ ਦੀ ਅਣਗਿਣਤ ਫੌਜ। ਦੂਜੇ ਪਾਸੇ ਡਾਂਗਾਂ ਸੋਟੇ ਫੜੀ ਪਰ ਸੂਰਬੀਰਤਾ ਦੇ ਗਹਿਣਿਆਂ ਨਾਲ ਸ਼ਿੰਗਾਰੇ ਗੁਰੂ ਜੀ ਦੇ ਲਾਡਲੇ ਸਨ। ਇਹ ਜੰਗ ਸਬਕ ਦਿੰਦੀ ਰਹੇਗੀ ਕਿ ਸੂਰਬੀਰਤਾ ਹਮੇਸ਼ਾ ਗਿਣਤੀਆਂ 'ਤੇ ਭਾਰੂ ਹੁੰਦੀ ਹੈ।

ਪਿਆਰੇ ਬੱਚਿਓ! ਗਹਿਗੱਚ ਯੁੱਧ ਵਿੱਚ ਕ੍ਰਿਪਾਲ ਚੰਦ ਨੇ ਹਯਾਤ ਖਾਂ ਨੂੰ ਗਰਜ ਕੇ ਵੰਗਾਰਿਆ। ਕੁਤਕੇ ਦੇ ਇਕੋ ਵਾਰ ਨਾਲ ਹਯਾਤ ਖਾਂ ਦਾ ਅੰਤ ਕਰ ਦਿੱਤਾ।

ਪਹਾੜੀਆਂ ਦੀ ਵੱਡੀ ਗਿਣਤੀ 'ਚ ਸੈਨਾ, ਗੁਰੂ ਜੀ ਦੇ ਮੁੱਠੀ ਭਰ ਸੂਰਬੀਰਾਂ ਨੂੰ ਘੇਰ ਰਹੀ ਸੀ।

ਗਹਿਗੱਚ ਲੜਾਈ ਮੱਚੀ ਹੋਈ ਸੀ, ਦੁਪਿਹਰ ਦੇ ਸਮੇਂ ਪਹਾੜੀਆਂ ਦੇ ਸਭ ਤੋਂ ਨਿਪੁੰਨ ਤੀਰ ਅੰਦਾਜ਼ ਰਾਜੇ ਹਰੀ ਚੰਦ ਨੇ ਗੁਰੂ ਜੀ ਨੂੰ ਮੈਦਾਨ 'ਚ ਵੰਗਾਰਿਆ। ਉਸਨੇ ਗੁਰੂ ਜੀ ਦੇ ਮੱਥੇ ਦਾ ਨਿਸ਼ਾਨਾ ਲੈਕੇ ਤੀਰ ਛੱਡਿਆ। ਜੋ ਗੁਰੂ ਜੀ ਦੇ ਜਿਸਮ 'ਤੇ ਮਾਮੂਲੀ ਖਰੋਚ ਲਗਾ ਸਕਿਆ। ਫਿਰ ਗੁਰੂ ਜੀ ਨੇ ਹਰੀ ਚੰਦ ਉੱਪਰ ਵਾਰ ਕੀਤਾ। ਗੁਰੂ ਜੀ ਦੇ ਪਹਿਲੇ ਹੀ ਤੀਰ ਨਾਲ ਹਰੀ ਚੰਦ ਮੈਦਾਨ 'ਚ ਢੇਰੀ ਹੋ ਗਿਆ। ਕਾਇਰਤਾ ਉੱਪਰ ਸੂਰਬੀਰਤਾ ਦੀ ਫਤਹਿ ਹੋਈ। ਪਹਾੜੀਆਂ ਦੀਆਂ ਫੌਜਾਂ ਨੇ ਭੱਜ ਕੇ ਜਾਨ ਬਚਾਈ। ਇਸ ਲੜਾਈ ਵਿੱਚ ਸਢੌਰੇ ਦੇ ਪੀਰ ਬੁਧੂ ਸ਼ਾਹ ਦੇ ਦੋ ਬੇਟੇ, ਇਕ ਭਤੀਜਾ ਅਤੇ ਸੈਂਕੜੇ ਮੁਰੀਦ ਸ਼ਹੀਦ ਹੋਏ ਸਨ।

ਪਿਆਰੇ ਬੱਚਿਓ! ਸੂਰਬੀਰਤਾ ਦਾ ਉਮਰ ਨਾਲ ਕੋਈ ਸਬੰਧ ਨਹੀਂ। ਜੋ ਵਿਅਕਤੀ ਸੂਰਬੀਰਤਾ ਦਾ ਧਾਰਨੀ ਹੈ ਉਹੀ ਨੌਜੁਆਨ ਹੈ। ਜਵਾਨੀ ਅਤੇ ਬੁਢੇਪੇ ਦਾ ਸੂਰਬੀਰਤਾ ਨਾਲ ਕੋਈ ਸਬੰਧ ਨਹੀਂ।

ਪਿਆਰੇ ਬੱਚਿਓ! ਇਹ ਗੱਲਾਂ ਐਵੇਂ ਨਹੀਂ ਇੰਨ੍ਹਾ ਗੱਲਾਂ ਨੂੰ ਬਾਬਾ ਦੀਪ ਸਿੰਘ ਜੀ ਨੇ ਸੱਚ ਕਰ ਦਿਖਾਇਆ।

ਸੰਨ 1757ਈ: ਨੂੰ ਲਾਹੌਰ ਦੇ ਗਵਰਨਰ ਜਹਾਨ ਖਾਨ ਨੇ ਸਿੱਖਾਂ ਵਿਰੁੱਧ ਜ਼ੁਲਮੀ ਲਹਿਰ ਨੂੰ ਬਹੁਤ ਤੇਜ ਕਰ ਦਿੱਤਾ। ਇਸਨੇ ਪਿੰਡਾਂ ਵਿੱਚੋਂ ਪਕੜ ਪਕੜ ਕੇ ਸਿੱਖਾਂ ਨੂੰ ਖਤਮ ਕਰਾਉਣਾ ਅਰੰਭਿਆ। ਸ਼ਾਹੀ ਫੌਜਾਂ ਪਿੰਡ ਪਿੰਡ ਸਿੱਖਾਂ ਦਾ ਸ਼ਿਕਾਰ ਖੇਡਦੀਆਂ ਹਰਲ ਹਰਲ ਫਿਰਨ ਲੱਗੀਆਂ। ਸਿੰਘ ਆਪਣੀ ਸ਼ਕਤੀ ਵਧਾਉਣ ਦੇ ਇਰਾਦੇ ਨਾਲ ਜੰਗਲਾਂ ਬੇਲਿਆਂ ਅਤੇ ਪੰਜਾਬੋਂ ਦੂਰ ਬੀਕਾਨੇਰ ਆਦਿ ਸੁਰੱਖਿਅਤ ਥਾਵਾਂ 'ਤੇ ਚਲੇ ਗਏ।

ਜਹਾਨ ਖਾਨ ਨੇ ਅੰਮ੍ਰਿਤਸਰ ਦਰਬਾਰ ਸਾਹਿਬ ਢਾਹ ਦਿੱਤਾ। ਸ਼ਹਿਰ ਦਾ ਕੂੜਾ ਕਰਕਟ, ਮਕਾਨ ਢਾਹ ਕੇ ਉਨ੍ਹਾਂ ਦਾ ਮਲਬਾ ਅਤੇ ਹੋਰ ਗੰਦ ਸੁਟਕੇ ਸਰੋਵਰ ਨੂੰ ਪੂਰ ਦਿੱਤਾ। ਇਹ ਖਬਰ ਬਾਬਾ ਦੀਪ ਸਿੰਘ ਜੀ ਪਾਸ ਪਹੁੰਚੀ। ਆਪ ਵੀ ਮਾਝੇ ਨੂੰ ਛੱਡ

ਬਠਿੰਡਾ ਵਿਖੇ ਤਲਵੰਡੀ ਸਾਬੋ ਚਲੇ ਗਏ ਸਨ। ਦਰਬਾਰ ਸਾਹਿਬ ਉਪਰ ਹੋਏ ਐਸੇ ਕਾਰੇ ਨੇ ਸਿੱਖਾਂ ਦੇ ਹਿਰਦੇ 'ਚ ਡੂੰਘਾ ਫੱਟ ਲਾਇਆ। ਬਾਬਾ ਜੀ ਨੇ ਇਕਲੇ ਹੀ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਰਸਤੇ ਵਿੱਚ ਜਿਉਂ ਜਿਉਂ ਸਿੰਘਾਂ ਨੂੰ ਇਹ ਖਬਰ ਮਿਲੀ, ਸਿੰਘ ਆਪ ਜੀ ਨਾਲ ਮਿਲਦੇ ਗਏ।

ਪਿਆਰੇ ਬੱਚਿਓ! ਅੰਮ੍ਰਿਤਸਰ ਸ਼ਹਿਰ ਤੋਂ ਪੰਜ ਕੁ ਕਿਲੋਮੀਟਰ ਬਾਹਰ (ਤਰਨ ਤਾਰਨ ਵਾਲੇ ਪਾਸੇ) ਜਹਾਨ ਖਾਨ ਵੱਡੀ ਮੁਗਲ ਸੈਨਾ ਲੈ ਕੇ ਸਿੰਘਾਂ ਦਾ ਰਾਹ ਰੋਕਣ ਆਇਆ। ਦਰਬਾਰ ਸਾਹਿਬ ਦੀ ਬੇਅਦਬੀ ਨੇ ਸਿੰਘਾਂ ਦੀ ਸੂਰਬੀਰਤਾ ਨੂੰ ਟੁੰਬਿਆ ਸੀ। ਸਿੰਘਾਂ ਨੇ ਨਿਡਰਤਾ ਦ੍ਰਿੜਤਾ ਅਤੇ ਸੂਰਬੀਰਤਾ ਨਾਲ ਜੁਆਬ ਦਿੱਤਾ। ਵਧੀਆ ਹਥਿਆਰਾਂ ਨਾਲ ਲੈਸ 20 ਹਜ਼ਾਰ ਪਠਾਣੀ ਸੈਨਾ ਨਾਲ ਗਿਣਤੀ ਦੇ ਸੂਰਬੀਰ ਯੋਧੇ ਭਿੜਨ ਲੱਗੇ। ਸਿੰਘਾਂ ਦੀ ਸੂਰਬੀਰਤਾ ਅਤੇ ਤੇਗ ਦੇ ਕਹਿਰ ਅੱਗੇ ਮੁਗਲ ਸੈਨਾ ਦੇ ਪੈਂਤੜੇ ਥਿੜਕ ਗਏ। ਮੁਗਲ ਸੈਨਾ 'ਚ ਤਰਥੱਲੀ ਮਚ ਗਈ। ਲੜਦੇ ਲੜਦੇ ਸਿੰਘ ਅੰਮ੍ਰਿਤਸਰ ਸ਼ਹਿਰ ਨੇੜੇ ਪਹੁੰਚ ਗਏ।

ਪਿਆਰੇ ਬੱਚਿਓ! ਜਮਾਲ ਸ਼ਾਹ ਦੀ ਅਗਵਾਈ ਵਿੱਚ ਹੋਰ ਪਠਾਣੀ ਸੈਨਾ ਪਹੁੰਚ ਗਈ। ਜਮਾਲ ਸ਼ਾਹ ਨੇ ਆਉਂਦਿਆ ਹੀ ਬਾਬਾ ਦੀਪ ਸਿੰਘ ਜੀ ਨੂੰ ਇੱਕਲੇ ਮੁਕਾਬਲਾ ਕਰਨ ਲਈ ਵੰਗਾਰਿਆ। ਜਮਾਲ ਸ਼ਾਹ ਚੜ੍ਹਦੀ ਜਵਾਨੀ 'ਚ ਸੀ। 75 ਸਾਲਾਂ ਦੇ ਬਾਬਾ ਦੀਪ ਸਿੰਘ ਜੀ ਨੇ ਚੈਲਿੰਜ ਕਬੂਲਿਆ। ਜਮਾਲ ਸ਼ਾਹ ਦੇ ਕਈ ਵਾਰ ਖਾਲੀ ਗਏ। ਫਿਰ ਬਾਬਾ ਦੀਪ ਸਿੰਘ ਜੀ ਨੇ ਜਮਾਲ ਸ਼ਾਹ ਨੂੰ ਚਿੱਤ ਕਰਕੇ ਦੱਸ ਦਿੱਤਾ ਕਿ ਸੂਰਬੀਰਤਾ ਉਮਰਾਂ ਅਤੇ ਗਿਣਤੀਆਂ ਦੀ ਮੁਥਾਜਗੀ ਤੋਂ ਪਰ੍ਹੇ ਹੈ। ਪਠਾਣੀ ਸੈਨਾ ਦੇ ਪੈਰ ਥਿੜਕ ਚੁੱਕੇ ਸਨ। ਬਾਬਾ ਦੀਪ ਸਿੰਘ ਜੀ ਦਰਬਾਰ ਸਾਹਿਬ ਦੀ ਹੱਦ 'ਚ ਜਾ ਕੇ ਸ਼ਹੀਦ ਹੋ ਗਏ। ਮੁਗਲ ਸੈਨਾ ਦੇ ਕਈ ਜਰਨੈਲ ਮਾਰੇ ਜਾਣ ਕਰਕੇ ਮੁਗਲ ਸੈਨਾ ਦਰਬਾਰ ਸਾਹਿਬ ਦਾ ਘੇਰਾ ਛੱਡ ਕੇ ਭੱਜ ਉਠੇ। ਸਿੰਘਾਂ ਨੇ ਅਟਾਰੀ ਤੱਕ ਮੁਗਲ ਸੈਨਾ ਦਾ ਪਿੱਛਾ ਕੀਤਾ। ਮੁਗਲਾਂ ਨੂੰ ਕਾਬੂ ਕਰਕੇ ਉਨ੍ਹਾਂ ਤੋਂ ਸਰੋਵਰ ਸਾਫ ਕਰਵਾਇਆ। ਸਿੰਘਾਂ ਨੇ ਦੱਸ ਦਿੱਤਾ ਕਿ ਸਿੰਘ ਦੀ ਸੂਰਬੀਰਤਾ ਹਜਾਰਾਂ ਲਸ਼ਕਰਾਂ ਤੇ ਭਾਰੂ ਹੁੰਦੀ ਹੈ।

ਪਿਆਰੇ ਬੱਚਿਓ! ਸੂਰਬੀਰਾਂ ਦੇ ਸ਼ਾਹਕਾਰ ਕਾਰਨਾਮੇ ਰਹਿੰਦੀ ਦੁਨੀਆਂ ਤੱਕ ਯਾਦ ਕੀਤੇ ਜਾਂਦੇ ਰਹਿਣਗੇ। ਕਾਇਰ ਮਨੁੱਖ ਕੀੜੇ-ਮਕੌੜਿਆਂ ਵਾਂਗ ਪੈਦਾ ਹੁੰਦੇ ਤੇ ਮਰ ਜਾਂਦੇ ਹਨ। ਉਨ੍ਹਾਂ ਨੂੰ ਕੋਈ ਯਾਦ ਨਹੀਂ ਕਰਦਾ।

ਪ੍ਰਸ਼ਨ 1: ਸੂਰਬੀਰਤਾ ਦੀਆਂ ਨਿਸ਼ਾਨੀਆਂ ਕੀ ਹਨ?

ਪ੍ਰਸ਼ਨ 2: ਪੈਂਦੇ ਖਾਂ ਨੇ ਕਿਹੜੇ ਗੁਰੂ ਜੀ ਨਾਲ ਕਦੋਂ ਤੇ ਕਿਥੇ ਯੁੱਧ ਕੀਤਾ?

ਪ੍ਰਸ਼ਨ 3: ਗੁਰੂ ਗੋਬਿੰਦ ਸਿੰਘ ਤੇ ਕਿਸਨੇ ਅਚਾਨਕ ਹਮਲਾ ਕੀਤਾ?

ਪ੍ਰਸ਼ਨ 4: ਹਯਾਤ ਖਾਂ ਨੂੰ ਕਿਸ ਨੇ ਮਾਰਿਆ?





ਪ੍ਰਸ਼ਨ 5: ਭੰਗਾਣੀ ਦੇ ਯੁੱਧ ਵਿੱਚ ਕਿਹੜੇ-ਕਿਹੜੇ ਰਾਜਿਆਂ ਨੇ ਭਾਗ ਲਿਆ?

ਪ੍ਰਸ਼ਨ 6: ਗੁਰੂ ਗੋਬਿੰਦ ਸਿੰਘ ਪਾਉਂਟਾ ਸਾਹਿਬ ਕਿਸ ਦੇ ਸੱਦੇ ਤੇ ਗਏ?

ਪ੍ਰਸ਼ਨ 7: ਅੰਮ੍ਰਿਤਸਰ ਦਰਬਾਰ ਸਾਹਿਬ ਨੂੰ ਕਿਸ ਨੇ ਢਾਹਿਆ ਸੀ?

ਪ੍ਰਸ਼ਨ 8: ਬਾਬਾ ਦੀਪ ਸਿੰਘ ਜੀ ਕਿਥੇ ਸ਼ਹੀਦ ਹੋਏ?

ਪ੍ਰਸ਼ਨ 9: ਸੂਰਬੀਰਤਾ ਤੋਂ ਸਾਨੂੰ ਕੀ ਸਿਖਿਆ ਮਿਲਦੀ ਹੈ?

**ਹੇਠ ਲਿਖੇ ਪ੍ਰਸ਼ਨ ਦਾ ਉੱਤਰ 3-4 ਲਾਈਨਾਂ ਵਿੱਚ ਦਿਉ।**

ਪ੍ਰਸ਼ਨ 10: ਕਾਲੇ ਖਾਂ ਤੇ ਗੁਰੂ ਹਰਗੋਬਿੰਦ ਸਾਹਿਬ ਵਿੱਚ ਹੋਈ ਲੜਾਈ ਦਾ ਹਾਲ ਲਿਖੋ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-150 ਸ਼ਬਦਾਂ ਵਿੱਚ ਦਿਉ।**

ਪ੍ਰਸ਼ਨ 11: ਭੰਗਾਣੀ ਦੀ ਲੜਾਈ ਦਾ ਹਾਲ ਆਪਣੇ ਸ਼ਬਦਾਂ ਵਿੱਚ ਲਿਖੋ?

ਪ੍ਰਸ਼ਨ 12: ਬਾਬਾ ਦੀਪ ਸਿੰਘ ਜੀ ਅਤੇ ਪਠਾਣਾਂ ਵਿੱਚ ਹੋਈ ਲੜਾਈ ਦਾ ਹਾਲ ਲਿਖੋ?

# ਗੁਰੂ ਗੋਬਿੰਦ ਸਿੰਘ ਸਾਹਿਬ ਜੀ

***ਸ਼ਖ਼ਸੀਅਤ ਅਤੇ ਜਨਮ:*** ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਅਤੇ ਅਲੌਕਿਕ ਸ਼ਖ਼ਸੀਅਤ ਦਾ ਧਿਆਨ ਆਉਂਦਿਆਂ ਹੀ ਮੂੰਹ ਵਿਚੋਂ ਆਪ ਮੁਹਾਰੇ ਵਾਹ-ਵਾਹ ਨਿਕਲ ਜਾਂਦੀ ਹੈ। ਕੇਵਲ 42 ਵਰ੍ਹਿਆਂ ਦੀ ਸੰਸਾਰਕ ਯਾਤਰਾ ਦੇ ਦੌਰਾਨ ਆਪ ਨੇ ਇੰਨੇ ਮਹਾਨ ਕਾਰਨਾਮੇ ਕੀਤੇ ਕਿ ਇਤਿਹਾਸਕਾਰਾਂ ਨੂੰ ਸੰਸਾਰ ਦੇ ਇਤਿਹਾਸ ਵਿੱਚ ਆਪ ਦੇ ਟਾਕਰੇ ਦੀ ਮਹਾਨ ਸ਼ਖ਼ਸੀਅਤ ਲੱਭਣੀ ਮੁਸ਼ਕਿਲ ਹੋ ਜਾਂਦੀ ਹੈ। ਆਪ ਸਚਾ ਪਾਤਿਸ਼ਾਹ, ਫੌਜਾਂ ਵਾਲੇ, ਕਲਗੀਆਂ ਵਾਲੇ, ਬਾਜਾਂ ਵਾਲੇ, ਰਣਜੀਤ ਨਗਾਰੇ ਵਾਲੇ, ਮਹਾਨ ਧਰਮ-ਫਿਲਾਸਫਰ, ਚਿੰਤਕ, ਮਨੋਵਿਗਿਆਨੀ, ਸਿੱਖ ਪੰਥ ਦੇ ਨਿਰਮਾਤਾ, ਜੰਗੀ ਚਿੰਤਕ ਅਤੇ ਚੜਦੀ ਕਲਾ ਦੇ ਅਵਤਾਰ ਸਨ। ਅਜਿਹੀਆਂ ਸਿਫਤਾਂ ਦੇ ਮਾਲਕ ਸਤਿਗੁਰੂ ਪਾਤਿਸ਼ਾਹ 'ਸਾਹਿਬੇ ਕਮਾਲ' ਜੀ ਦਾ ਜਨਮ 22 ਦਸੰਬਰ ਸੰਨ 1666, ਨੂੰ ਬਿਹਾਰ ਪ੍ਰਾਂਤ ਦੇ ਸ਼ਹਿਰ ਪਟਨਾ ਵਿਖੇ ਹੋਇਆ। ਉਦੋਂ ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਢਾਕੇ (ਬੰਗਾਲ ਵਲ) ਵਿਖੇ ਧਰਮ ਪ੍ਰਚਾਰ ਕਰਨ ਗਏ ਹੋਏ ਸਨ।

***ਬਚਪਨ ਦੀ ਖੇਡ:*** ਗੁਰੂ ਜੀ ਜਦੋਂ ਚਾਰ ਕੁ ਸਾਲਾਂ ਦੇ ਹੋਏ ਤਾਂ ਬੱਚਿਆਂ ਨੂੰ ਨਾਲ ਲੈ ਕੇ ਗੰਗਾ ਦੇ ਕਿਨਾਰੇ ਖੇਡਣ ਚਲੇ ਜਾਂਦੇ ਸਨ। ਆਮ ਤੌਰ 'ਤੇ ਬੱਚਿਆਂ ਦੀਆਂ ਦੋ ਟੋਲੀਆਂ ਬਣਾ ਕੇ 'ਲੜਾਈ ਲੜਨ' ਦੀ ਖੇਡ ਖੇਡਦੇ। ਹੌਲੀ-ਹੌਲੀ ਸਾਥੀ ਬੱਚੇ ਇੰਨੇ ਦਲੇਰ ਹੋ ਗਏ ਕਿ ਨਵਾਬਾਂ ਤੇ ਫੌਜਦਾਰਾਂ ਨੂੰ ਮੂੰਹ ਚਿੜਾਉਣ ਲੱਗ ਪਏ। ਅਜਿਹੀਆਂ ਅਸਚਰਜ ਖੇਡਾਂ ਖੇਡਣ ਕਰਕੇ ਆਪ ਜੀ ਪਟਨਾ ਨਿਵਾਸੀਆਂ ਵਿੱਚ

ਹਰਮਨ ਪਿਆਰੇ ਹੋ ਗਏ ਸਨ। ਪਟਨੇ ਵਿੱਚ ਰਾਜਾ ਫਤਿਹ ਚੰਦ ਅਤੇ ਉਨ੍ਹਾਂ ਦੀ ਰਾਣੀ ਸਮੇਤ ਹੋਰ ਬਹੁਤ ਸਾਰੇ ਲੋਕ ਆਪ ਜੀ ਦੇ ਸ਼ਰਧਾਲੂ ਬਣੇ।

ਜਦੋਂ ਆਪ ਜੀ ਦੀ ਉਮਰ ਪੰਜ ਸਾਲ ਹੋਈ ਤਾਂ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਪਰਿਵਾਰ ਨੂੰ ਅਨੰਦਪੁਰ ਬੁਲਾ ਲਿਆ।

ਗੁਰੂ ਜੀ ਨੇ ਪੀਰ ਮੁਹੰਮਦ ਤੋਂ ਫ਼ਾਰਸੀ, ਭਾਈ ਸਾਹਿਬ ਚੰਦ ਤੋਂ ਗੁਰਮੁੱਖੀ ਅਤੇ ਪੰਡਿਤ ਕਿਰਪਾ ਰਾਮ ਤੋਂ ਸੰਸਕ੍ਰਿਤ ਸਿੱਖੀ। ਗੁਰੂ ਜੀ ਸ਼ਾਸਤਰ ਵਿਦਿਆ ਵਿੱਚ ਨਿਪੁੰਨ ਹੋ ਗਏ।

***ਕਸ਼ਮੀਰੀ ਪੰਡਿਤਾਂ ਦੀ ਬੇਨਤੀ*** : ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਕਸ਼ਮੀਰੀ ਪੰਡਿਤਾਂ ਦਾ ਇਕ ਟੋਲਾ 25 ਮਈ ਸੰਨ 1675 ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿੱਚ ਅਨੰਦਪੁਰ ਆਇਆ ਤੇ ਬੇਨਤੀ ਕੀਤੀ ਕਿ ਹਿੰਦੂਆਂ ਨੂੰ ਔਰੰਗਜ਼ੇਬ ਦੇ ਕਹਿਰ ਤੋਂ ਬਚਾਇਆ ਜਾਵੇ ਅਤੇ ਹਿੰਦੂ ਧਰਮ ਦੀ ਡੁੱਬ ਰਹੀ ਕਿਸ਼ਤੀ ਨੂੰ ਕਿਨਾਰੇ ਲਗਾਇਆ ਜਾਵੇ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਚਨ ਕੀਤਾ ਕਿ ਮੁਗਲ ਹਾਕਮਾਂ ਦੀ ਮਰ ਚੁੱਕੀ ਜ਼ਮੀਰ ਨੂੰ ਟੁੰਬਣ ਅਤੇ ਜ਼ੁਲਮ ਦਾ ਸ਼ਿਕਾਰ ਹੋ ਰਹੇ ਸਮਾਜ ਨੂੰ ਗਹਿਰੀ ਨੀਂਦ ਵਿਚੋਂ ਜਗਾਉਣ ਵਾਸਤੇ ਇਕ ਕੁਰਬਾਨੀ ਦੀ ਜ਼ਰੂਰਤ ਹੈ। ਗੁਰੂ ਜੀ ਨੇ ਪੰਡਤਾਂ ਨੂੰ ਕਿਹਾ ਕਿ "ਗੁਰੂ ਨਾਨਕ ਤੁਹਾਡੀ ਰੱਖਿਆ ਕਰਨਗੇ।

11 ਨਵੰਬਰ 1675 ਨੂੰ ਹਿੰਦ ਦੀ ਚਾਦਰ ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਦੇ ਚਾਂਦਨੀ ਚੌਕ ਵਿੱਚ ਹਿੰਦੂ ਧਰਮ ਦੀ ਰਾਖੀ ਲਈ ਆਪਣੀ ਮਹਾਨ ਸ਼ਹੀਦੀ ਦਿੱਤੀ।

***ਆਨੰਦਪੁਰ ਵਿੱਚ ਤਿਆਰੀਆਂ*** : ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਉਹਨਾਂ ਦੀ ਉਮਰ ਕੇਵਲ ਨੌ ਵਰ੍ਹਿਆਂ ਦੀ ਸੀ। ਆਪ ਨੇ ਸਿੱਖ ਨੌਜੁਆਨਾਂ ਅੰਦਰ ਸ਼ਸਤਰ-ਵਿਦਿਆ, ਘੋੜ-ਸਵਾਰੀ, ਸ਼ਿਕਾਰ ਕਰਨਾ ਆਦਿਕ ਮਰਦਾਵੀਆਂ ਖੇਡਾਂ ਵੱਲ ਰੁਚੀ ਵਧਾਉਣੀ ਤੇ ਜੰਗੀ ਸਿਖਲਾਈ ਕਰਾਉਣੀ ਆਰੰਭ ਕਰ ਦਿੱਤੀ ਸ਼ਸਤਰ ਅਤੇ ਬੰਦੂਕਾਂ ਬਣਾਉਣ ਦੇ ਕਾਰਖ਼ਾਨੇ ਵੀ ਬਣਾ ਦਿੱਤੇ। ਕਿਲ੍ਹਿਆਂ ਦੀ ਉਸਾਰੀ ਆਰੰਭ ਕਰ ਦਿੱਤੀ। ਗੁਰੂ ਮਹਾਰਾਜ ਜੀ ਨੇ ਸੰਨ 1682 ਵਿੱਚ ਇਕ ਵੱਡਾ ਨਗਾਰਾ ਵੀ ਤਿਆਰ ਕਰਵਾਇਆ। ਜਿਸ ਦਾ ਨਾਂ ਰਣਜੀਤ ਨਗਾਰਾ ਰੱਖਿਆ ਗਿਆ ਅਤੇ ਸਿੱਖਾਂ ਦੇ ਨਿਸ਼ਾਨ ਕਿਲ੍ਹਿਆਂ ਦੇ ਉੱਪਰ ਨਿਸ਼ਾਨ ਸਾਹਿਬ ਵਜੋਂ ਝੂਲਣ ਲੱਗੇ।

***ਪਾਉਂਟਾ ਸਾਹਿਬ ਦੀ ਸਥਾਪਨਾ*** : ਜਮਨਾ ਕਿਨਾਰੇ ਰਮਣੀਕ ਅਤੇ ਰਣਨੀਤੀ ਦੀ ਦ੍ਰਿਸ਼ਟੀ ਤੋਂ ਸੁੱਚਜਾ ਅਸਥਾਨ ਦੇਖ ਕੇ ਆਪ ਜੀ ਨੇ ਸੰਨ 1685 ਵਿੱਚ ਇਕ





ਮਕਾਨ ਕਿਲ੍ਹੇ ਦੀ ਸ਼ਕਲ ਵਿੱਚ ਬਣਵਾਇਆ ਅਤੇ ਇਸ ਸਥਾਨ ਦਾ ਨਾਮ ਪਾਉਂਟਾ ਸਾਹਿਬ ਰੱਖਿਆ ਗਿਆ। ਆਪ ਜੀ ਨੇ ਇਸੇ ਸਥਾਨ ਤੇ ਹੀ ਜਾਪੁ ਸਾਹਿਬ, ਅਕਾਲ ਉਸਤਤਿ, ੩੩ ਸਵੱਯੇ ਆਦਿਕ ਬਾਣੀਆਂ ਦੀ ਰਚਨਾ ਕੀਤੀ।

ਗੁਰੂ ਜੀ ਦੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਸਨ।

***ਯੁੱਧਾਂ ਵਿੱਚ ਹਿੱਸਾ*** : ਗੁਰੂ ਸਾਹਿਬ ਦੀ ਅਤੇ ਸਿੱਖਾਂ ਦੀ ਚੜ੍ਹਦੀ ਕਲਾ, ਉੱਚ-ਆਚਰਨ ਅਤੇ ਗੁਰੂ ਸਾਹਿਬ ਦਾ ਸ਼ਾਹੀ ਠਾਠ ਨਾਲ ਰਹਿਣਾ, ਕੁਝ ਜਾਤ ਅਭਿਮਾਨੀ ਪਹਾੜੀ ਰਾਜਿਆਂ ਨੂੰ ਚੰਗਾ ਨਹੀਂ ਸੀ ਲੱਗਦਾ, ਸੋ ਉਹ ਈਰਖਾਲੂ ਹੋ ਗਏ ਅਤੇ ਗੁਰੂ ਸਾਹਿਬ ਨਾਲ ਯੁੱਧ ਕਰਨ ਤੇ ਉਤਰ ਆਏ। ਪਹਾੜੀ ਰਾਜਿਆਂ ਨੇ ਗੁਰੂ ਜੀ ਤੇ ਕਈ ਹਮਲੇ ਕੀਤੇ ਹਰ ਵਾਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਇਨ੍ਹਾਂ ਵਿਚੋਂ ਯੁੱਧ ਨੰਦੌਣ, ਯੁੱਧ ਭੰਗਾਣੀ, ਯੁੱਧ ਹਸੈਨੀ ਆਦਿ ਮਸ਼ਹੂਰ ਹਨ।

***ਭੰਗਾਣੀ ਦਾ ਯੁੱਧ*** : ਇਨ੍ਹਾਂ ਸਾਰੇ ਯੁੱਧਾਂ ਨਾਲੋਂ ਗੁਰੂ ਸਾਹਿਬ ਦਾ ਭੰਗਾਣੀ ਦਾ ਯੁੱਧ ਜਿਆਦਾ ਪ੍ਰਚਲਿਤ ਹੈ। ਇਹ ਯੁੱਧ ਗੁਰੂ ਸਾਹਿਬ ਦਾ ਪਹਿਲਾ ਯੁੱਧ ਸੀ। ਇਹ ਯੁੱਧ 15 ਅਪ੍ਰੈਲ, 1687 ਈ ਨੂੰ ਭੰਗਾਣੀ ਦੇ ਮੈਦਾਨ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੇ ਪਹਾੜੀ ਰਾਜਿਆਂ ਵਿਚਕਾਰ ਹੋਇਆ। ਦੋਹਾਂ ਪਾਸਿਆਂ ਤੋਂ ਬੜਾ ਸਖ਼ਤ ਹਮਲਾ ਕੀਤਾ ਗਿਆ। ਆਖ਼ਰ ਹਰੀ ਚੰਦ ਹੰਡੂਰੀਆ ਕਮਾਨ ਚੁੱਕੀ ਸਤਿਗੁਰਾਂ ਦੇ ਸਾਹਮਣੇ ਆ ਗਿਆ। ਉਹ ਕਮਾਲ ਦਾ ਨਿਸ਼ਾਨਚੀ ਸੀ। ਉਸਨੇ ਗੁਰੂ ਜੀ ਨੂੰ ਨਿਸ਼ਾਨਾ ਬਣਾ ਕੇ ਤੀਰ ਚਲਾਉਣੇ ਆਰੰਭ ਕਰ ਦਿੱਤੇ। ਉਸ ਦਾ ਪਹਿਲਾ ਤੀਰ ਗੁਰੂ ਜੀ ਦੇ ਘੋੜੇ ਨੂੰ ਲੱਗਾ, ਦੂਜਾ ਗੁਰੂ ਜੀ ਦੇ ਕੰਨ ਨੂੰ ਛੂੰਹਦਾ ਹੋਇਆ ਨਿਕਲ ਗਿਆ ਅਤੇ ਤੀਜਾ ਲੱਕ ਉੱਤੇ ਬੱਧੀ ਪੇਟੀ ਤੇ ਆ ਵੱਜਾ। ਪੇਟੀ ਚੀਰ ਕੇ ਧੁੰਨੀ ਤੱਕ ਪਹੁੰਚ ਗਿਆ, ਮਾਮੂਲੀ ਜਿਹਾ ਜ਼ਖ਼ਮ ਹੋਇਆ ਫਿਰ ਸਤਿਗੁਰਾਂ ਨੇ ਹਰੀ ਚੰਦ ਦਾ ਨਿਸ਼ਾਨਾ ਬੰਨ੍ਹ ਕੇ ਤੀਰ ਚਲਾਇਆ। ਇਕੋ ਤੀਰ ਨਾਲ ਹੀ ਉਹ ਡਿਗ ਪਿਆ ਤੇ ਉਸ ਦੇ ਸਵਾਸ ਨਿਕਲ ਗਏ। ਹਰੀ ਚੰਦ ਦੇ ਮਰਨ 'ਤੇ ਸਾਰੇ ਪਹਾੜੀਏ ਮੈਦਾਨ ਛੱਡ ਕੇ ਨੱਸ ਗਏ। ਸਤਿਗੁਰੂ ਜੀ ਅਤੇ ਸਿੱਖਾਂ ਦੀ ਜਿੱਤ ਹੋਈ। ਇਸ ਜੰਗ ਵਿੱਚ ਜਿਥੇ ਸੰਗੋ ਸ਼ਾਹ ਜੀ ਤੇ ਜੀਤ ਮੱਲ ਜੀ ਸ਼ਹੀਦ ਹੋਏ ਉਥੇ ਪੀਰ ਬੁੱਧੂ ਸ਼ਾਹ ਜੀ ਦੇ ਦੋ ਪੁੱਤਰ ਇੱਕ ਭਰਾ ਅਤੇ ਸੈਂਕੜੇ ਮੁਰੀਦ ਸ਼ਹੀਦ ਹੋਏ।

***ਕੇਸਾਂ ਦੀ ਦਾਤ ਬਖਸ਼ਣੀ*** : ਭੰਗਾਣੀ ਦੀ ਲੜਾਈ ਦੇ ਅਗਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇਸਾਂ ਨੂੰ ਕੰਘਾ ਕਰ ਰਹੇ ਸਨ ਕਿ ਉਸ ਵੇਲੇ ਪੀਰ ਬੁੱਧੂ ਸ਼ਾਹ ਸਤਿਗੁਰੂ ਪਾਸੋਂ ਵਿਦਾ ਹੋਣ ਦੀ ਆਗਿਆ ਲੈਣ ਲਈ ਆਇਆ। ਸਤਿਗੁਰਾਂ ਨੇ ਪੀਰ ਜੀ ਦੇ ਸ਼ਹੀਦ ਹੋਏ ਭਰਾ, ਪੁੱਤਰਾਂ ਅਤੇ ਮੁਰੀਦਾਂ ਦੇ ਸਦੀਵੀ ਵਿਛੋੜੇ ਵਿੱਚ ਉਨ੍ਹਾਂ ਨਾਲ ਹਮਦਰਦੀ ਕੀਤੀ, ਉਨ੍ਹਾਂ ਦੀ ਬਹਾਦਰੀ ਨੂੰ ਸਲਾਹਿਆ। ਪਿਆਰ ਦੀ ਸਾਂਝ

ਸਦਾ ਕਾਇਮ ਰੱਖਣ ਲਈ ਸਤਿਗੁਰਾਂ ਨੇ ਪੀਰ ਜੀ ਨੂੰ ਇਕ ਕਟਾਰ, ਇਕ ਸੁੰਦਰ ਪੁਸ਼ਾਕ ਅਤੇ ਆਪਣੇ ਹੱਥੀਂ ਲਿਖਿਆ ਹੁਕਮਨਾਮਾ ਬਖ਼ਸ਼ਿਆ। ਅੱਧੀ ਦਸਤਾਰ ਭੀ ਦੇ ਦਿੱਤੀ। ਪੀਰ ਜੀ ਨੇ ਇਹ ਦਾਤਾਂ ਸਵੀਕਾਰ ਕਰ ਲਈਆਂ ਅਤੇ ਬੇਨਤੀ ਕੀਤੀ ਸੱਚੇ ਪਾਤਿਸ਼ਾਹ ਇਹ ਕੰਘਾ ਵੀ ਕੇਸਾਂ ਸਮੇਤ ਬਖ਼ਸ਼ੋ ਜੀ। ਜੋ ਸਤਿਗੁਰੂ ਜੀ ਉਸ ਸਮੇਂ ਵਰਤਕੇ ਹਟੇ ਹੀ ਸਨ। ਗੁਰੂ ਜੀ ਨੇ ਕੰਘਾ ਕੇਸਾਂ ਸਮੇਤ ਪੀਰ ਬੁੱਧੂ ਸ਼ਾਹ ਨੂੰ ਬਖਸ਼ ਦਿੱਤਾ।

ਕੁਝ ਸਿੱਖ ਗੁਰੂ ਗੋਬਿੰਦ ਸਿੰਘ ਜੀ ਕੋਲ ਸ਼ੇਰ ਦੀ ਖੱਲ ਲੈ ਕੇ ਆਏ। ਉਨ੍ਹਾਂ ਨੇ ਗੁਰੂ ਜੀ ਨੂੰ ਦੱਸਿਆ ਕਿ ਕਿਸੇ ਨੇ ਖੱਲ ਗਧੇ ਉਤੇ ਚੜ੍ਹਾਕੇ ਉਸਨੂੰ ਛੱਡ ਦਿੱਤਾ ਸੀ। ਲੋਕ ਉਸਨੂੰ ਸ਼ੇਰ ਸਮਝ ਕੇ ਡਰ ਰਹੇ ਸਨ। ਉਸ ਸਿੰਘ ਦੀ ਵਾਰਤਾ ਸੁਣ ਕੇ ਗੁਰੂ ਸਾਹਿਬ ਨੇ ਸਭ ਸਿੰਘਾਂ ਨੂੰ ਸੰਬੋਧਨ ਕਰਕੇ ਕਿਹਾ ਕਿ "ਸਿੰਘੋ, ਤੁਸੀਂ ਸ਼ੇਰ-ਨੁਮਾ ਖੋਤੇ ਦੀ ਅਸਲੀਅਤ ਪ੍ਰਗਟ ਹੋਣ ਪਰ ਹੱਸ ਰਹੇ ਹੋ ਪਰ ਸਾਡੇ ਵਿੱਚ ਵੀ ਕੁਝ ਐਸੇ ਹੋਣਗੇ ਜਿਨ੍ਹਾਂ ਨੇ ਦੇਖਾ ਦੇਖੀ ਸਿੰਘਾਂ ਵਾਲਾ ਰੂਪ ਤਾਂ ਜਰੂਰ ਧਾਰਨ ਕਰ ਲਿਆ ਹੈ ਪਰ ਅੰਦਰ ਰਹਿਣੀ ਰਹਿਤ ਸਿੰਘਾਂ ਵਾਲੀ ਨਹੀਂ। ਕੇਵਲ ਬਾਹਰੀ ਸਰੂਪ ਸਿੰਘਾਂ ਵਾਲਾ ਬਣਾ ਲੈਣ ਨਾਲ ਮਨੁੱਖ ਸੱਚਾ ਧਰਮੀ ਨਹੀਂ ਬਣ ਸਕਦਾ। ਜਿਸ ਸਿੰਘ ਨੇ ਆਪਣੇ ਮਨ ਉਤੇ ਗੁਰੂ ਦੀ ਦੱਸੀ ਰਹਿਤ ਲਾਗੂ ਨਹੀਂ ਕੀਤੀ ਤਾਂ ਬਾਹਰਲੀ ਰਹਿਤ ਕੇਵਲ ਦਿਖਾਵਾ ਹੈ। ਜੇਕਰ ਅਸੀਂ ਵੀ ਵੱਖ ਵੱਖ ਫਿਰਕਿਆਂ, ਜਾਤਾਂ ਵਿਚੋਂ ਸਿੰਘ ਸੱਜ ਕੇ ਪਿਛਲੀ ਜਾਤ ਪਾਤ, ਰਹਿਣੀ ਤੇ ਵਹਿਮ ਭਰਮ ਨਾ ਛੱਡੇ ਤਾਂ ਅਸੀਂ ਸੱਚੇ ਸਿੱਖ ਨਹੀਂ। ਬਾਹਰਲੀ ਰਹਿਤ ਸਿੰਘਾਂ ਵਾਲੀ ਧਾਰਨ ਕਰਨ ਦੇ ਨਾਲ ਨਾਲ ਜਰੂਰੀ ਹੈ ਕਿ ਸਾਡੇ ਅੰਦਰ ਜੁਰਅਤ, ਦਲੇਰੀ ਤੇ ਸੂਰਬੀਰਤਾ ਵੀ ਸਿੰਘਾਂ ਵਾਲੀ ਹੀ ਹੋਵੇ ਅਤੇ ਪਰਉਪਕਾਰ ਖਾਤਰ ਜੂਝਣ ਦੀ ਇੱਛਾ ਮੌਜੂਦ ਹੋਵੇ।

ਸਤਿਗੁਰਾਂ ਨੇ ਸਮੂਹ ਸੰਗਤ ਨੂੰ ਇਹ ਗੱਲ ਵੀ ਦਸ ਦਿੱਤੀ ਕਿ ਆਪਣੇ ਗੁਰਸਿੱਖਾਂ ਨੂੰ ਗੁਰਮਤਿ ਦੇ ਇਸ ਸੱਚੇ ਉਪਦੇਸ਼ ਨੂੰ ਦ੍ਰਿੜ ਕਰਾਉਣ ਹਿੱਤ ਸਾਹਿਬਾਂ ਨੇ ਆਪ ਹੀ ਖੋਤੇ ਉਤੇ ਉਸ ਸ਼ੇਰ ਦੀ ਖੱਲ੍ਹ ਮੜ੍ਹਵਾ ਕੇ ਬਾਹਰ ਛੁਡਵਾਇਆ ਸੀ, ਜੋ ਸ਼ੇਰ ਭਾਈ ਉਦੇ ਸਿੰਘ ਨੇ ਮਾਰਿਆ ਸੀ।

***ਹੋਲੀ ਤੋਂ ਹੋਲਾ ਮਹੱਲਾ***: ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸਿੱਖਾਂ ਨੂੰ ਹੋਲੀ ਮਨਾਉਣ ਤੋਂ ਮਨ੍ਹਾ ਕਰ ਦਿੱਤਾ ਅਤੇ ਹੋਲੀ ਦੀ ਥਾਂ 'ਹੋਲਾ ਮਹੱਲਾ' ਮਨਾਉਣ ਦੀ ਰੀਤ ਚਲਾਈ। 'ਹੋਲਾ' ਦੇ ਅਰਥ ਹਨ 'ਹਮਲਾ' ਅਤੇ 'ਮਹਲਾ' ਦੇ ਅਰਥ ਹਨ 'ਹਮਲੇ ਦੀ ਥਾਂ'। ਸਿੱਖ ਯੁੱਧ ਕਲਾ ਦੇ ਕਮਾਲ ਇਸ ਦਿਨ ਦਿਖਾਉਂਦੇ ਹਨ।

***ਖਾਲਸਾ ਪੰਥ ਪ੍ਰਗਟ ਕਰਨਾ***: ਉਂਞ ਤਾਂ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਸਿੱਖ ਵਿਸਾਖੀ ਦੇ ਦਿਨ ਜੋੜ-ਮੇਲੇ ਕਰਦੇ ਸਨ, ਪਰ ਸੰਨ 1699 ਈ ਦੀ ਵਿਸਾਖੀ ਸਮੇਂ ਦਸਮ-ਪਾਤਿਸ਼ਾਹ ਨੇ ਇਕ ਖਾਸ ਇੱਕਠ ਸੱਦਿਆ। ਸਿੱਖਾਂ ਨੂੰ ਭਾਰੀ ਗਿਣਤੀ





ਵਿੱਚ ਆਨੰਦਪੁਰ ਪੁੱਜਣ ਲਈ ਕਾਫੀ ਸਮਾਂ ਪਹਿਲਾਂ ਹੀ ਹੁਕਮਨਾਮੇ ਭੇਜੇ ਸਨ। ਜਿਨ੍ਹਾਂ ਵਿੱਚ ਸ਼ਸਤਰ ਬੱਧ ਹੋ ਕੇ ਆਉਣ ਲਈ ਕਿਹਾ ਗਿਆ ਸੀ, ਵਿਸਾਖੀ ਵਾਲੇ ਦਿਨ 30 ਮਾਰਚ 1699 ਨੂੰ ਆਨੰਦਪੁਰ ਸਾਹਿਬ ਵੱਡਾ ਇੱਕਠ ਹੋਇਆ। ਦੇਸ਼ ਦੇ ਕੋਨੇ-ਕੋਨੇ ਤੋਂ ਸਿੱਖ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਏ। ਅੰਮ੍ਰਿਤ ਵੇਲੇ ਦੀਵਾਨ ਸਜੇ, ਆਸਾ ਦੀ ਵਾਰ ਤੋਂ ਬਾਅਦ, ਸ਼ਬਦ ਵਿਚਾਰ ਹੋਈ। ਇਸ ਮਗਰੋਂ ਗੁਰੂ ਜੀ ਸਿੱਖ ਸੰਗਤਾਂ ਨੂੰ ਸੰਬੋਧਨ ਕਰਨ ਲਈ ਆਏ। ਸਟੇਜ ਤੇ ਆਉਂਦਿਆਂ ਹੀ ਉਨ੍ਹਾਂ ਨੇ ਹੱਥ ਵਿੱਚ ਨੰਗੀ ਸ੍ਰੀ ਸਾਹਿਬ ਲਈ ਤੇ ਗਰਜ ਕੇ ਬੋਲੇ, "ਇਕ ਸਿਰ ਚਾਹੀਦਾ ਹੈ।" ਇਹ ਇਕ ਨਵੀਂ ਕਿਸਮ ਦੀ ਗੱਲ ਸੀ ਜੋ ਸਿੱਖ ਸੰਗਤਾਂ ਦੇ ਸਾਹਮਣੇ ਆਈ। ਇਸ ਕਰਕੇ ਇਕ ਵਾਰ ਤਾਂ ਸਾਰੇ ਦੀਵਾਨ ਵਿੱਚ ਚੁੱਪ ਛਾ ਗਈ। ਪਰ ਸਿਦਕੀ ਸਿੱਖਾਂ ਲਈ ਤੇ ਗੁਰੂ ਤੋਂ ਕੁਰਬਾਨ ਹੋ ਜਾਣ ਵਾਲਿਆਂ ਲਈ ਤਾਂ ਜੀਵਨ ਸਫਲ ਕਰਨ ਦਾ ਇਹੀ ਮੌਕਾ ਸੀ। ਜਿਨ੍ਹਾਂ ਚੋ ਲਾਹੌਰ ਦਾ ਰਹਿਣ ਵਾਲਾ ਭਾਈ ਦਇਆ ਰਾਮ (ਖ਼ਤਰੀ) ਉੱਠਿਆ, ਅਤੇ ਗੁਰੂ ਸਾਹਿਬ ਦੇ ਅੱਗੇ ਆ ਸੀਸ ਨਿਵਾਇਆ। ਉਸ ਨੂੰ ਗੁਰੂ ਸਾਹਿਬ ਨਾਲ ਦੇ ਤੰਬੂ ਵਿੱਚ ਲੈ ਗਏ ਤੇ ਕੁਝ ਸਮੇਂ ਮਗਰੋਂ ਲਹੂ ਲਿਬੜੀ ਤਲਵਾਰ ਲੈ ਕੇ ਸਟੇਜ ਤੇ ਆਏ ਤੇ ਫਿਰ ਕਿਹਾ, "ਇੱਕ ਸਿਰ ਦੀ ਲੋੜ ਹੈ", ਫਿਰ ਦਿੱਲੀ ਦਾ ਭਾਈ ਧਰਮ ਦਾਸ (ਜੱਟ) ਉਠਿਆ। ਉਸ ਨੂੰ ਵੀ ਗੁਰੂ ਜੀ ਤੰਬੂ ਵਿੱਚ ਲੈ ਗਏ ਤੇ ਮੁੜ ਬਾਹਰ ਆ ਕੇ ਉਹੀ ਸੁਆਲ ਦੁਹਰਾਇਆ। ਇਸ ਤਰ੍ਹਾਂ ਗੁਰੂ ਜੀ ਵਾਰੀ-ਵਾਰੀ ਭਾਈ ਮੁਹਕਮ ਚੰਦ (ਛੀਂਬਾ) ਦੁਆਰਕਾ (ਗੁਜਰਾਤ), ਭਾਈ ਹਿੰਮਤ ਚੰਦ (ਜਗਨ ਨਾਥਪੁਰੀ, ਉੜੀਸਾ) ਅਤੇ ਸਾਹਿਬ ਚੰਦ (ਨਾਈ) ਬਿਦਰ (ਆਂਧਰਾ ਪ੍ਰਦੇਸ਼) ਨੂੰ ਤੰਬੂ ਵਿੱਚ ਲੈ ਗਏ ਤੇ ਤੰਬੂ ਅੰਦਰ ਲਹੂ ਦੀਆਂ ਧਾਰਾਂ ਵੱਗ ਪਈਆਂ। ਇਕ.ਵਾਰ ਸੰਗਤਾਂ ਫਿਰ ਅਚੰਭੇ ਵਿੱਚ ਪੈ ਗਈਆਂ। ਜਦੋਂ ਗੁਰੂ ਜੀ ਨੇ ਪੰਜਾਂ ਨੂੰ ਸ਼ਸਤਰ ਬਸਤਰ ਸਜਾ ਕੇ ਸੰਗਤਾਂ ਦੇ ਸਾਹਮਣੇ ਲਿਆ ਖੜ੍ਹਾ ਕੀਤਾ, ਫਿਰ ਸਤਿਗੁਰੂ ਨੇ ਸਰਬ-ਲੋਹ ਦਾ ਬਾਟਾ ਮੰਗਵਾਇਆ। ਉਸ ਵਿੱਚ ਨਿਰਮਲ ਜਲ ਪਾ ਕੇ ਵਿੱਚ ਪਤਾਸੇ ਪਾ ਦਿੱਤੇ ਗੁਰਦੇਵ ਬੀਰ ਆਸਣ ਹੋ ਕੇ ਬਹਿ ਗਏ ਤੇ ਬਾਟੇ ਵਿੱਚ ਖੰਡਾ ਫੇਰਨ ਲੱਗ ਪਏ, ਉਨ੍ਹਾਂ ਨੇ ਨਾਲੋਂ ਨਾਲ ਜਪੁ ਜੀ, ਜਾਪ, ਸਵੈਈਏ, ਚੌਪਈ ਤੇ ਅਨੰਦ ਸਾਹਿਬ ਦਾ ਪਾਠ ਕੀਤਾ। ਇੰਞ ਅੰਮ੍ਰਿਤ ਤਿਆਰ ਹੋ ਗਿਆ, ਜੋ ਪੰਜਾਂ ਸਿੱਖਾਂ ਨੂੰ ਛਕਾਇਆ ਗਿਆ ਤੇ ਉਨ੍ਹਾਂ ਦੇ ਨਾਵਾਂ ਨਾਲ ਸਿੰਘ ਸ਼ਬਦ ਲਾ ਦਿੱਤਾ ਗਿਆ। ਜਿਸਦਾ ਅਰਥ ਸੀ ਬੱਬਰ ਸ਼ੇਰ। ਇੰਞ ਪੰਜ ਸਿੱਖਾਂ ਨੂੰ ਬਦਲ ਕੇ ਉਹਨਾਂ ਨੂੰ ਪੰਜਾਂ ਪਿਆਰਿਆਂ ਦਾ ਖਿਤਾਬ ਦਿੱਤਾ।

ਚਾਰ ਵੱਡੇ ਪਾਪ ਕਰਨ ਤੋਂ ਵਰਜਿਆ, ਜਿਨ੍ਹਾਂ ਨੂੰ ਚਾਰ ਬੱਜਰ ਕੁਰਹਿਤਾਂ ਕਿਹਾ ਗਿਆ । ਉਹ ਇਹ ਹਨ:-

1. ਕੇਸਾਂ ਦੀ ਬੇ-ਅਦਬੀ ਕਰਨਾ।
2. ਪਰ-ਇਸਤਰੀ ਜਾਂ ਪਰ-ਪੁਰਸ਼ ਦਾ ਸੰਗ ਕਰਨਾ।
3. ਤੰਮਾਕੂ ਦਾ ਸੇਵਨ ਜਾਂ ਕੋਈ ਵੀ ਨਸ਼ਾ ਕਰਨਾ।

4. ਕੁਠੇ ਮਾਸ ਦੀ ਵਰਤੋਂ ਕਰਨੀ।

***ਆਪੇ ਗੁਰੂ ਚੇਲੇ ਦੀ ਰੀਤ ਤੋਰਨੀ***: ਗੁਰੂ ਸਾਹਿਬ ਨੇ ਉਨ੍ਹਾਂ ਪੰਜਾਂ ਪਿਆਰਿਆਂ ਤੋਂ ਖ਼ੁਦ ਅੰਮ੍ਰਿਤ ਦੀ ਜਾਚਨਾ ਕੀਤੀ ਅਤੇ ਪੰਜਾਂ ਪਿਆਰਿਆਂ ਨੇ ਗੁਰੂ ਸਾਹਿਬ ਨੂੰ ਅੰਮ੍ਰਿਤ ਛਕਾਇਆ ਤੇ ਉਨ੍ਹਾਂ ਦਾ ਨਾਂ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਵਿੱਚ ਬਦਲ ਦਿੱਤਾ। ਇਹ ਨਵੀਂ ਰੀਤ ਗੁਰੂ ਮਹਾਰਾਜ ਨੇ ਮਨੁੱਖੀ ਇਤਿਹਾਸ ਵਿੱਚ ਵੀ ਚਲਾ ਦਿੱਤੀ। ਜਿਸ ਦੀ ਮਿਸਾਲ ਕਿਤੇ ਨਹੀਂ ਮਿਲ ਸਕਦੀ।

***ਅਨੰਦਪੁਰ ਸਾਹਿਬ ਨੂੰ ਘੇਰਾ*** :- ਦਸ਼ਮੇਸ਼ ਪਿਤਾ ਨੂੰ 1701 ਤੋਂ 1704 ਤੱਕ ਪਹਾੜੀ ਰਾਜਿਆਂ ਅਤੇ ਮੁਗਲਾਂ ਦੀਆਂ ਸਾਂਝੀਆਂ ਫੌਜਾਂ ਨਾਲ ਅਨੰਦਪੁਰ ਸਾਹਿਬ ਦੇ ਚਾਰ ਯੁੱਧਾਂ ਵਿੱਚ ਜੂਝਣਾ ਪਿਆ। ਜ਼ੁਲਮ ਦਾ ਖੁੱਲਾ ਵਿਰੋਧ ਕਰਨ ਵਾਲੇ ਦਸ਼ਮੇਸ਼ ਪਿਤਾ ਨੂੰ ਮੁਗਲ ਹਕੂਮਤ ਖਤਮ ਕਰਨਾ ਚਾਹੁੰਦੀ ਸੀ। ਜਾਤ ਪਾਤ ਵਿੱਚ ਵਿਸ਼ਵਾਸ ਰੱਖਣ ਵਾਲੇ ਪਹਾੜੀ ਰਾਜੇ ਸਭ ਨੂੰ ਬਰਾਬਰ ਸਮਝਣ ਵਾਲੇ ਦਸਮੇਸ਼ ਪਿਤਾ ਦੇ ਦੁਸ਼ਮਣ ਬਣ ਗਏ। ਅਨੰਦਪੁਰ ਸਾਹਿਬ ਦੇ ਦੂਜੇ ਯੁੱਧ ਵਿੱਚ ਪਹਾੜੀ ਰਾਜਿਆਂ ਨੇ ਮਸਤ ਹਾਥੀ ਨੂੰ ਸ਼ਰਾਬ ਪਿਲਾ ਕੇ ਕਿਲੇ ਦਾ ਦਰਵਾਜਾ ਤੋੜਨ ਲਈ ਭੇਜਿਆ। ਭਾਈ ਬਚਿੱਤਰ ਸਿੰਘ ਜੀ ਨੇ ਗੁਰੂ ਜੀ ਦੀ ਬਖਸ਼ੀ ਨਾਗਣੀ ਬਰਛੀ ਮਾਰਕੇ ਇਸ ਹਾਥੀ ਦਾ ਮੱਥਾ ਚੀਰ ਦਿੱਤਾ। ਹਾਥੀ ਪਿਛੇ ਮੁੜਕੇ ਪਹਾੜੀ ਸੈਨਾ ਨੂੰ ਹੀ ਕੁਚਲਣ ਲੱਗਾ। 1704 ਵਿੱਚ ਅਨੰਦਪੁਰ ਸਾਹਿਬ ਦੇ ਚੌਥੇ ਯੁੱਧ ਵਿੱਚ ਮੁਗਲ ਅਤੇ ਪਹਾੜੀ ਸੈਨਾ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਕਈ ਮਹੀਨੇ ਹੋ ਗਏ, ਪਰ ਸਿੰਘ ਹਥਿਆਰ ਸੁੱਟਣ ਦੀ ਬਜਾਏ ਜੈਕਾਰੇ ਗਜਾਉਂਦੇ ਹੋਏ ਲੜ ਰਹੇ ਸਨ। ਮੁਗਲ ਸਰਦਾਰ ਬੜੀ ਨਮੋਸ਼ੀ ਦੀ ਹਾਲਤ ਵਿੱਚ ਸਨ, ਘੇਰਾ ਲਮਕੀ ਜਾ ਰਿਹਾ ਸੀ ਤੇ ਸਿੰਘ ਹਾਰ ਮੰਨਣ ਦੀ ਥਾਂ ਲੜਨ-ਮਰਨ ਨੂੰ ਤਿਆਰ ਬੈਠੇ ਸਨ। ਮੁਗਲਾਂ ਤੇ ਪਹਾੜੀ ਰਾਜਿਆਂ ਨੇ ਸ੍ਰੀ ਗੁਰੂ



ਚਮਕੌਰ ਦੀ ਜੰਗ ਵਿੱਚ





ਗੋਬਿੰਦ ਸਿੰਘ ਜੀ ਨੂੰ ਧੋਖੇ ਵਿੱਚ ਫਸਾਉਣ ਲਈ ਇਕ ਚਾਲ ਚੱਲੀ। ਉਨ੍ਹਾਂ ਨੇ ਗੁਰੂ ਜੀ ਨੂੰ ਇਕ ਚਿੱਠੀ ਲਿਖੀ, ਜਿਸ ਵਿੱਚ ਮੁਗਲ ਫੌਜਦਾਰ ਨੇ ਕੁਰਾਨ ਅਤੇ ਪਹਾੜੀ ਰਾਜਿਆਂ ਨੇ ਗੀਤਾ ਅਤੇ ਗਊ ਦੀਆਂ ਕਸਮਾਂ ਖਾ ਕੇ ਕਿਹਾ ਕਿ ਜੇ ਸਿੱਖ ਕਿਲ੍ਹਾ ਛੱਡ ਜਾਣ, ਤਾਂ ਉਨ੍ਹਾਂ ਨੂੰ ਕੁੱਝ ਨਹੀਂ ਕਿਹਾ ਜਾਵੇਗਾ। ਗੁਰੂ ਜੀ ਨੇ ਸਿੰਘਾਂ ਨੂੰ ਸਮਝਾਇਆ ਕਿ ਇਹ ਸਭ ਵੈਰੀਆਂ ਦੀਆਂ ਜੰਗੀ-ਚਾਲਾਂ ਹਨ।

ਇਸ ਗੱਲ 'ਤੇ ਮੁੱਖੀ ਸਿੰਘਾਂ ਨੇ ਗੁਰੂ ਜੀ ਨਾਲ ਹਾਲਾਤ ਬਾਰੇ ਵਿਚਾਰ -ਵਟਾਂਦਰਾ ਕੀਤਾ। ਸਿੰਘਾਂ ਕੋਲ ਰਸਦ-ਪਾਣੀ ਤਾਂ ਖ਼ਤਮ ਹੋ ਚੁੱਕਾ ਸੀ। ਦਰਖਤਾਂ ਦੇ ਛਿਲਕੇ ਵੀ ਪੀਹ-ਪੀਹ ਕੇ ਖਾ ਲਏ ਸਨ। ਸੋ ਇਹ ਫੈਸਲਾ ਕੀਤਾ ਗਿਆ ਕਿ ਵੈਰੀ ਨਾਲ ਰਣ ਵਿੱਚ ਜੂਝਿਆ ਜਾਵੇ। ਇਸ ਲਈ 6 ਅਤੇ 7 ਪੋਹ ਦੀ ਵਿਚਕਾਰਲੀ ਰਾਤ ਨੂੰ ਗੁਰੂ ਜੀ ਸਾਥੀਆਂ ਸਮੇਤ ਆਨੰਦਪੁਰ ਸਾਹਿਬ ਖਾਲੀ ਕਰਕੇ ਕੀਰਤਪੁਰ ਵੱਲ ਚੱਲ ਪਏ। ਆਖ਼ਰ ਉਹ ਕੁਝ ਹੀ ਹੋਇਆ, ਜਿਸ ਬਾਰੇ ਸਤਿਗੁਰਾਂ ਨੇ ਪਹਿਲਾਂ ਹੀ ਸਿੰਘਾਂ ਨੂੰ ਕਿਹਾ ਸੀ। ਮੁਗਲਾਂ ਨੇ ਕੁਰਾਨ ਦੀਆਂ ਕਸਮਾਂ ਤੋੜ ਦਿੱਤੀਆਂ। ਪਹਾੜੀਆਂ ਨੇ ਗੀਤਾ ਗਊਆਂ ਦੀਆਂ ਕਸਮਾਂ ਤੋੜ ਦਿੱਤੀਆਂ । ਸਿੱਖ ਭਾਰੀ ਮੁਸੀਬਤ ਵਿੱਚ ਘਿਰ ਗਏ। ਉਨ੍ਹਾਂ ਦੇ ਪਿਛਲੇ ਪਾਸੇ ਵੈਰੀ ਦਲ ਮਾਰੋ ਮਾਰ ਕਰਦਾ ਆ ਰਿਹਾ ਸੀ ਅਤੇ ਸਾਹਮਣੇ ਸਰਸਾ ਨਦੀ ਪਈ ਸੂਕਦੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਜੰਗ ਵਿੱਚ ਕਿਸੇ ਹਾਲਤ ਵਿੱਚ ਵੀ ਵੈਰੀ ਅੱਗੇ ਹਥਿਆਰ ਨਹੀਂ ਸੁੱਟਣੇ, ਜੂਝਦਿਆਂ ਹੋਇਆ ਸ਼ਹੀਦ ਹੋ ਜਾਣਾ ਹੈ।

***ਸਰਸਾ ਤੇ ਵਿਛੋੜਾ***: ਸਰਸਾ ਨਦੀ ਵਿੱਚ ਆਏ ਹੜ੍ਹ ਕਾਰਨ ਗੁਰੂ ਜੀ ਦਾ ਪਰਿਵਾਰ ਤੇ ਸਿੰਘ ਸੂਰਮੇ ਤਿੰਨਾਂ ਹਿੱਸਿਆ ਵਿੱਚ ਵੰਡੇ ਗਏ। ਗੁਰੂ ਜੀ ਨਾਲ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਅਤੇ ਚਾਲੀ ਸਿੰਘ ਇਕ ਪਾਸੇ ਰਹਿ ਗਏ। ਭਾਈ ਮਨੀ ਸਿੰਘ ਜੀ ਦੇ ਜੱਥੇ ਵਿੱਚ ਮਾਤਾ ਸਾਹਿਬ ਕੌਰ ਜੀ ਦੋ ਸਿੰਘ ਧੰਨਾ ਸਿੰਘ ਤੇ ਜਵਾਹਰ ਸਿੰਘ ਜੋ ਦਿੱਲੀ ਵੱਲ ਤੁਰ ਪਏ। ਤੀਸਰਾ ਜੱਥਾ ਮਾਤਾ ਗੁਜਰ ਕੌਰ ਜੀ ਦੇ ਨਾਲ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਜੀ ਸਨ। ਇਨ੍ਹਾਂ ਨੂੰ ਗੰਗੂ ਬ੍ਰਾਹਮਣ ਵਰਗਲਾ ਕੇ ਆਪਣੇ ਪਿੰਡ ਲੈ ਗਿਆ। ਜਿਥੋਂ ਉਸ ਨੇ ਮੁਗਲਾਂ ਪਾਸ ਮੁਖਬਰੀ ਕਰਕੇ ਪਕੜਵਾ ਦਿੱਤਾ।

***ਚਮਕੌਰ ਦੀ ਜੰਗ***: ਗੁਰੂ ਸਾਹਿਬ ਅਤੇ ਦੋ ਵੱਡੇ ਸਾਹਿਬਜਾਦੇ ਸਿੰਘਾਂ ਸਮੇਤ 7 ਪੋਹ ਸ਼ਾਮ ਨੂੰ ਚਮਕੌਰ ਪੁੱਜ ਗਏ। ਚਮਕੌਰ ਵਿੱਚ ਜਾ ਕੇ ਗੁਰੂ ਸਾਹਿਬ ਅਤੇ ਸਿੰਘਾਂ ਨੇ ਇਕ ਹਵੇਲੀ ਵਿੱਚ ਜਾ ਡੇਰਾ ਲਾਇਆ। ਅਗਲੇ ਦਿਨ 8 ਪੋਹ (22 ਦਸੰਬਰ, 1704) ਨੂੰ ਸੰਸਾਰ ਦਾ ਅਨੋਖਾ ਯੁੱਧ ਸ਼ੁਰੂ ਹੋ ਗਿਆ। ਇਕ ਪਾਸੇ ਕੱਚੀ ਗੜ੍ਹੀ ਵਿੱਚ ਕੇਵਲ ਚਾਲ੍ਹੀ ਸਿੰਘ, ਉਹ ਵੀ ਭੁੱਖੇ ਤ੍ਰਿਹਾਏ ਅਤੇ ਥੱਕੇ ਹੋਏ। ਦੂਜੇ ਪਾਸੇ 10 ਲੱਖ ਸ਼ਾਹੀ ਫੌਜ। ਗੁਰੂ ਜੀ ਵੀ ਆਪਣੀ ਯੁੱਧ ਨੀਤੀ ਵਿੱਚ ਨਿਪੁੰਨ ਸਨ, ਉਹਨਾਂ ਨੇ ਟਾਕਰੇ ਲਈ ਪੰਜ-ਪੰਜ ਸਿੰਘਾਂ ਦੇ ਜਥੇ ਗੜ੍ਹੀ ਅੰਦਰੋਂ ਭੇਜਣੇ ਆਰੰਭ ਕੀਤੇ, ਜਿਹੜੇ ਕਈਆਂ ਨਾਲ ਮੁਕਾਬਲਾ ਕਰਦੇ ਸ਼ਹੀਦੀ ਜਾਮ ਪੀਂਦੇ। ਇਸ ਲੜਾਈ ਵਿੱਚ ਦੋਵੇਂ

ਵੱਡੇ ਸਾਹਿਬਜ਼ਾਦੇ ਵੀ ਸ਼ਹੀਦ ਹੋ ਗਏ ।

***ਗੁਰੂ ਜੀ ਦਾ ਗੜ੍ਹੀ ਵਿੱਚੋਂ ਰਵਾਨਾ ਹੋਣਾ*** : ਰਾਤ ਪੈ ਗਈ। ਜੰਗ ਬੰਦ ਹੋ ਗਿਆ। ਗੁਰੂ ਸਾਹਿਬ ਨੇ ਅਗਲੇ ਦਿਨ ਯੁੱਧ ਦੇ ਮੈਦਾਨ ਵਿੱਚ ਜਾਣ ਦਾ ਫੈਸਲਾ ਕੀਤਾ। ਸਤਿਗੁਰੂ ਜੀ ਦਾ ਇਹ ਫੈਸਲਾ ਸੁਣ ਕੇ ਸਿੰਘ ਬਹੁਤ ਘਬਰਾ ਗਏ। ਉਹ ਚਾਹੁੰਦੇ ਸਨ ਕਿ ਗੁਰੂ ਜੀ ਬਚ ਕੇ ਨਿਕਲ ਜਾਣ ਅਤੇ ਲੋਕਾਂ ਨੂੰ ਭਾਰੀ ਗਿਣਤੀ ਵਿੱਚ ਸਿੰਘ ਸਜਾ ਕੇ ਮੁਗਲਾਂ ਨਾਲ ਦੋ ਹੱਥ ਕਰਨ। ਸੋ ਭਾਈ ਦਇਆ ਸਿੰਘ ਜੀ ਦੀ ਪ੍ਰੇਰਨਾ ਨਾਲ ਸਿੰਘਾਂ ਨੇ ਆਪਣੇ ਵਿਚੋਂ ਪੰਜ ਪਿਆਰੇ ਚੁਣੇ। ਭਾਈ ਦਇਆ ਸਿੰਘ ਜੀ ਨੇ ਪੰਜ ਪਿਆਰਿਆ ਵਲੋਂ ਗੁਰੂ ਜੀ ਨੂੰ ਗੁਰੂ ਪੰਥ ਦਾ ਹੁਕਮ ਸੁਣਾਇਆ ਕਿ ਉਹ ਗੜ੍ਹੀ ਵਿਚੋਂ ਨਿਕਲ ਕੇ ਕਿਸੇ ਸੁਰੱਖਿਅਤ ਥਾਂ ਤੇ ਚਲੇ ਜਾਣ। ਸੋ ਆਪ ਨੇ ਪੰਥ ਦੇ ਹੁਕਮ ਅਗੇ ਸਿਰ ਝੁਕਾਇਆ ਤੇ ਗੜ੍ਹੀ ਵਿੱਚੋਂ ਜਾਣ ਦੀ ਵਿਉਂਤ ਸਮਝਾਈ ਤੇ ਦਸਿਆ ਕਿ ਉਹ ਆਪਣੇ ਨਾਲ ਭਾਈ ਦਇਆ ਸਿੰਘ, ਭਾਈ ਮਾਨ ਸਿੰਘ, ਭਾਈ ਧਰਮ ਸਿੰਘ ਨੂੰ ਲੈ ਕੇ ਜਾਣਗੇ। ਬਾਕੀ ਬਚੇ ਸੱਤ ਸਿੰਘਾਂ ਨੂੰ ਗੜ੍ਹੀ ਵਿਚੋਂ ਨਿਕਲ ਕੇ ਜੰਗ ਕਰਨ ਦੀ ਗੱਲ ਸਮਝਾਈ। ਗੁਰੂ ਸਾਹਿਬ ਨੇ ਉਸ ਵੇਲੇ ਆਪਣੀ ਕਲਗੀ ਭਾਈ ਸੰਗਤ ਸਿੰਘ ਜੀ ਨੂੰ ਦੇ ਕੇ, ਆਪਣੀ ਪੋਸ਼ਾਕ ਪਹਿਨਾ ਕੇ ਗੜ੍ਹੀ ਉਤੇ ਬੈਠਣ ਦੀ ਤਜਵੀਜ ਸਮਝਾਈ, ਤਾਂ ਜੋ ਮੁਗਲਾਂ ਨੂੰ ਉਨ੍ਹਾਂ ਦੇ ਗੜ੍ਹੀ ਵਿੱਚ ਹੋਣ ਦਾ ਭੁਲੇਖਾ ਬਣਿਆ ਰਹੇ।

ਫਿਰ ਗੁਰੂ ਜੀ ਨੇ ਜੋਰ ਦੀ ਤਾੜੀ ਵਜਾਈ ਤੇ ਕਿਹਾ "ਸਿੱਖਾਂ ਦਾ ਗੁਰੂ ਜਾ ਰਿਹਾ ਹੈ! ਜਿਸ ਦੀ ਹਿੰਮਤ ਹੈ ਫੜ ਲਵੇ" ਇਸ ਤਰ੍ਹਾਂ ਗੁਰੂ ਜੀ ਤੇ ਤਿੰਨੇ ਸਿੰਘ ਗੜ੍ਹੀ ਚੋਂ ਬਾਹਰ ਨਿਕਲ ਗਏ। ਪੰਜ ਪਿਆਰਿਆਂ ਵਿੱਚੋਂ ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਜੀ ਸਮੇਤ 40 ਸਿੰਘ ਸ਼ਹੀਦ ਹੋਏ।

***ਉਚ ਦੇ ਪੀਰ***: ਸਰਹੰਦ ਦੇ ਹਾਕਮ ਵਜੀਰ ਖਾਨ ਦੇ ਭੇਜੇ ਹੋਏ ਫੌਜੀ ਦਸਤੇ ਪਿੰਡ ਪਿੰਡ ਸਤਿਗੁਰਾਂ ਦੀ ਭਾਲ ਵਿੱਚ ਫਿਰ ਰਹੇ ਸਨ। ਇਸ ਸਮੇਂ ਗੁਰੂ ਜੀ ਮਾਛੀਵਾੜੇ ਸਨ ਪਰ ਮਾਛੀਵਾੜਾ ਕਿਸੇ ਤਰ੍ਹਾਂ ਵੀ ਗੁਰੂ ਜੀ ਦੇ ਠਹਿਰਨ ਵਾਸਤੇ ਸੁਰਖਿਅਤ ਜਗ੍ਹਾ ਨਹੀਂ ਸੀ। ਇਹ ਸਭ ਸੋਚ ਕੇ ਸਾਰਿਆਂ ਨੇ ਸਲਾਹ ਬਣਾਈ ਕਿ ਗੁਰੂ ਜੀ ਨੂੰ ਉਚ ਦੇ ਪੀਰ ਦੇ ਰੂਪ ਵਿੱਚ ਕਿਸੇ ਸੁਰਖਿਅਤ ਥਾਂ ਵੱਲ ਚੱਲ ਪੈਣਾ ਚਾਹੀਦਾ ਹੈ। ਇਵੇਂ ਗੁਰੂ ਜੀ 'ਉਚ ਦੇ ਪੀਰ' ਅਤੇ ਸਿੱਖ ਉਨ੍ਹਾਂ ਦੇ ਮੁਰੀਦਾਂ ਦੇ ਰੂਪ ਵਿੱਚ ਮਾਛੀਵਾੜੇ ਤੋਂ ਚਲ ਪਏ।

***ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪਤਾ ਲਗਣਾ***: ਗੁਰੂ ਜੀ ਸੀਲੋਆਣੀ (ਤਹਿਸੀਲ ਜਗਰਾਵਾਂ) ਪੁੱਜੇ। ਉਥੇ ਗੁਰੂ ਸਾਹਿਬ ਨੂੰ ਮਾਹੀ ਨਾਮਕ ਇਕ ਆਦਮੀ ਨੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਦੇ ਸ਼ਹੀਦ ਹੋਣ ਦੀ ਖਬਰ ਦਿੱਤੀ। ਸਾਰਾ ਹਾਲ ਸੁਣ ਕੇ ਸਤਿਗੁਰਾਂ ਨੇ ਅਕਾਲ ਪੁਰਖ ਦਾ ਧੰਨਵਾਦ ਕੀਤਾ ਕਿ ਉਸਨੇ ਸਾਹਿਬਜ਼ਾਦਿਆਂ ਨੂੰ ਇੰਨੀ ਦ੍ਰਿੜਤਾ ਬਖਸ਼ੀ ਤੇ ਉਹ ਭਿਆਨਕ ਤਸੀਹੇ ਵੀ ਹੱਸ-ਹੱਸ





ਕੇ ਜਰ ਗਏ ਤੇ ਧਰਮ ਦੀ ਖਾਤਰ ਜਾਨਾਂ ਵਾਰ ਗਏ।

***ਜ਼ਫਰਨਾਮਾ*** : ਚੌਧਰੀ ਸ਼ਮੀਰ ਪਾਸ ਰਹਿਣ ਸਮੇਂ ਹੀ ਦਸਮ ਪਾਤਿਸ਼ਾਹ ਨੇ ਔਰੰਗਜ਼ੇਬ ਵੱਲ ਫ਼ਾਰਸੀ ਵਿੱਚ ਇਕ ਚਿੱਠੀ ਲਿਖੀ ਜਿਸ ਦਾ ਨਾਂ ਆਪ ਨੇ ਜ਼ਫਰਨਾਮਾ (ਫਤਹਿ ਜਾਂ ਜਿੱਤ ਦੀ ਚਿੱਠੀ) ਰੱਖਿਆ। ਇਹ 112 ਸ਼ੇਅਰਾਂ ਦੀ ਰਚਨਾ ਹੈ। ਇਸ ਦੇ ਪਹਿਲੇ 12 ਸ਼ੇਅਰ ਅਕਾਲ ਪੁਰਖ ਦੀ ਉਸਤਤੀ ਦੇ ਹਨ। ਉਪਰੰਤ ਔਰੰਗਜ਼ੇਬ ਦੀਆਂ ਕਸਮਾਂ ਤੇ ਉਨ੍ਹਾਂ ਤੋਂ ਮੁਕਰਨ ਦਾ ਬਿਆਨ ਹੈ। ਸਤਿਗੁਰਾਂ ਨੇ ਇਹ ਚਿੱਠੀ ਭਾਈ ਦਇਆ ਸਿੰਘ ਜੀ ਨੂੰ ਦੇ ਕੇ ਔਰੰਗਜ਼ੇਬ ਨੂੰ ਦੇਣ ਲਈ ਭੇਜਿਆ। ਭਾਈ ਦਇਆ ਸਿੰਘ ਜੀ ਨੇ ਅਹਿਮਦ ਨਗਰ ਜਾ ਕੇ ਔਰੰਗਜ਼ੇਬ ਨੂੰ ਚਿੱਠੀ ਪਹੁੰਚਾ ਦਿੱਤੀ। ਚਿੱਠੀ ਨੂੰ ਪੜ ਕੇ ਔਰੰਗਜ਼ੇਬ ਨੇ ਇਹ ਐਲਾਨ ਕਰ ਦਿੱਤਾ ਕੇ ਗੁਰੂ ਸਾਹਿਬ ਨਾਲ ਕੋਈ ਵੀ ਲੜਾਈ ਨਾ ਕਰੇ। ਉਸਨੂੰ ਜ਼ਫਰਨਾਮਾ ਪੜ੍ਹਕੇ ਆਪਣੇ ਕੀਤੇ ਪਾਪਾਂ ਦਾ ਬਹੁਤ ਪਛਤਾਵਾਂ ਹੋਇਆ। ਉਸਨੇ ਆਪਣੇ ਪੁੱਤਰ ਨੂੰ ਚਿੱਠੀ ਵਿੱਚ ਲਿਖਿਆ ਮੈਂ ਦੁਨੀਆਂ ਵਿੱਚ ਖਾਲੀ ਹੱਥ ਆਇਆ ਸੀ ਪਰ ਹੁਣ ਪਾਪਾਂ ਦੀ ਪੰਡ ਲੈ ਕੇ ਜਾ ਰਿਹਾ ਹਾਂ।

***ਸਾਬੋ ਕੀ ਤਲਵੰਡੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਵਾਂ ਉਤਾਰਾ***: ਜੰਗਾਂ ਯੁੱਧਾਂ ਅਤੇ ਅਨੇਕਾਂ ਕਸ਼ਟਾਂ ਭਰੇ ਹਾਲਾਤਾਂ ਵਿੱਚੋਂ ਨਿਕਲ ਕੇ ਸਾਬੋ ਕੀ ਤਲਵੰਡੀ ਵਿਖੇ ਸਤਿਗੁਰਾਂ ਕਮਰਕੱਸਾ ਖੋਲ੍ਹਿਆ ਤੇ ਦਮ ਲਿਆ। ਇਸ ਲਈ ਇਸ ਥਾਂ ਦਾ ਨਾਮ ਦਮਦਮਾ ਸਾਹਿਬ ਪੈ ਗਿਆ। ਗੁਰੂ ਜੀ ਲਗਭਗ 9 ਮਹੀਨੇ ਇਥੇ ਰਹੇ। ਗੁਰੂ ਜੀ ਨੇ ਆਪਣੀ ਰੂਹਾਨੀ ਸ਼ਕਤੀ ਨਾਲ ਆਦਿ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਜੁਬਾਨੀ ਉਚਾਰੀ ਭਾਈ ਮਨੀ ਸਿੰਘ ਜੀ ਨੇ ਇਸਨੂੰ ਲਿਖਿਆ। ਇਸ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸੰਬੰਧਿਤ ਰਾਗਾਂ ਵਿੱਚ ਦਰਜ ਕਰਵਾਈ। ਇਸ ਥਾਂ ਗੁਰੂ ਜੀ ਨੇ ਗੁਰਬਾਣੀ ਦੇ ਅਰਥ ਆਪ ਸੰਗਤ ਨੂੰ ਸਮਝਾਏ। ਗੁਰਬਾਣੀ ਦੇ ਅਰਥ ਸਮਝਾਉਣ ਲਈ ਟਕਸਾਲ ਵੀ ਚਲਾਈ।

***ਦਮਦਮਾ ਸਾਹਿਬ ਤੋਂ ਨੰਦੇੜ*** : ਫਿਰ ਗੁਰੂ ਜੀ ਦਮਦਮਾ ਸਾਹਿਬ ਤੋਂ ਨੰਦੇੜ ਦੱਖਣ ਵਲ ਤੁਰ ਪਏ। ਰਸਤੇ ਵਿੱਚ ਗੁਰੂ ਜੀ ਦਾਦੂ ਦੇ ਦਵਾਰੇ ਗਏ। ਉਥੇ ਗੁਰੂ ਜੀ ਨੇ ਦਾਦੂ ਦੀ ਕਬਰ ਵਲ ਤੀਰ ਝੁਕਾਇਆ। ਜਿਸ 'ਤੇ ਸਿੰਘਾਂ ਨੇ ਆਪ ਜੀ ਨੂੰ ਤਨਖਾਹ ਲਗਾਈ। ਆਪ ਜੀ ਨੇ ਤਨਖਾਹ ਕਬੂਲ ਕਰਕੇ ਖਾਲਸਾ ਪੰਥ ਲਈ ਹਮੇਸ਼ਾ ਵਾਸਤੇ ਲੀਹ ਪਾ ਦਿੱਤੀ ਕਿ ਖਾਲਸਾ ਪੰਥ ਪਰਿਵਾਰ ਦੇ ਮੈਂਬਰ ਬਣੇ ਰਹਿਣ ਲਈ ਹਰੇਕ ਵਾਸਤੇ ਗੁਰਮਤਿ ਦੇ ਸਿਧਾਂਤਾਂ ਤੇ ਪਹਿਰਾਂ ਦੇਣਾ ਜਰੂਰੀ ਹੈ। ਗਲਤੀ ਕਰਨ 'ਤੇ ਹਰੇਕ ਨੂੰ ਸਜਾ (ਤਨਖਾਹ) ਲਗਾਈ ਜਾਣੀ ਜ਼ਰੂਰੀ ਹੈ। ਗੁਰੂ ਜੀ ਸਿੰਘਾਂ ਸਮੇਤ 3 ਸਤੰਬਰ 1708 ਨੂੰ ਨੰਦੇੜ ਪੁੱਜੇ।

***ਬਾਬਾ ਬੰਦਾ ਸਿੰਘ ਬਹਾਦਰ ਨਾਲ ਮੇਲ*** : ਨੰਦੇੜ ਜਾ ਕੇ ਗੁਰੂ ਜੀ ਇਕ ਡੇਰੇ ਤੇ

ਪੁੱਜੇ। ਇਹ ਡੇਰਾ ਮਾਧੋਦਾਸ ਦਾ ਸੀ। ਗੁਰੂ ਜੀ ਮਾਧੋ ਦਾਸ ਦੇ ਪਲੰਘ 'ਤੇ ਬਿਰਾਜ ਗਏ। ਮਾਧੋ ਦਾਸ ਆਪ ਤਾਂ ਡੇਰੇ ਵਿੱਚ ਨਹੀਂ ਸੀ। ਪਰ ਉਸਦੇ ਚੇਲਿਆਂ ਨੇ ਬਥੇਰੇ ਮੰਤਰ ਪੜ੍ਹੇ, ਉਹ ਗੁਰੂ ਜੀ ਦਾ ਕੁਝ ਨਾ ਵਿਗਾੜ ਸਕੇ। ਉਹ ਮਾਧੋ ਦਾਸ ਨੂੰ ਬੁਲਾ ਲਿਆਏ। ਉਸਨੇ ਵੀ ਬਥੇਰੇ ਯਤਨ ਕੀਤੇ, ਪਰ ਕਾਮਯਾਬ ਨਾ ਹੋਇਆ। ਅੰਤ ਨੂੰ ਹਾਰ ਕੇ ਗੁਰੂ ਜੀ ਅੱਗੇ ਝੁਕ ਗਿਆ।

ਗੁਰੂ ਜੀ ਨੇ ਮਾਧੋਦਾਸ ਨੂੰ ਆਪਣਾ ਸਿੰਘ ਸਜਾਇਆ। ਗੁਰਬਾਣੀ ਅਤੇ ਸਿੱਖ ਇਤਿਹਾਸ ਦੀਆਂ ਘਟਨਾਵਾਂ ਸੁਣ ਸੁਣ ਕੇ ਉਸਦਾ ਮਨ ਹੀ ਬਦਲ ਗਿਆ। ਜਦ ਉਸਨੇ ਗੁਰੂ ਅਰਜਨ ਪਾਤਿਸ਼ਾਹ, ਗੁਰੂ ਤੇਗ ਬਹਾਦਰ ਜੀ, ਸਾਹਿਬਜ਼ਾਦਿਆਂ ਅਤੇ ਸਿੰਘਾਂ ਦੀਆਂ ਸ਼ਹੀਦੀਆਂ ਬਾਰੇ ਸੁਣਿਆ ਤਾਂ ਉਸਦੇ ਮਨ ਵਿੱਚ ਵੈਰੀਆਂ ਨੂੰ ਦੰਡ ਦੇਣ ਦੇ ਖਿਆਲ ਆਉਣ ਲਗ ਪਏ। ਗੁਰੂ ਸਾਹਿਬ ਜੀ ਨੇ ਪੰਜ ਤੀਰ, ਪੰਜ ਪਿਆਰੇ ਅਤੇ ਸੰਗਤਾਂ ਦੇ ਨਾਂ ਹੁਕਮਨਾਮੇ ਲਿਖ ਕੇ ਬੰਦਾ ਸਿੰਘ ਨੂੰ ਪੰਜਾਬ ਵਲ ਭੇਜ ਦਿੱਤਾ।

***ਗੁਰੂ ਮਹਾਰਾਜ ਤੇ ਹਮਲਾ***: ਇਨ੍ਹਾਂ ਦਿਨਾਂ ਵਿੱਚ ਹੀ ਸਰਹੰਦ ਦੇ ਨਵਾਬ ਵਜੀਰ ਖਾਨ ਦੇ ਭੇਜੇ ਹੋਏ ਦੋ ਪਠਾਣਾਂ ਵਿੱਚੋਂ ਇਕ ਨੇ ਗੁਰੂ ਜੀ ਉਤੇ ਛੁਰੇ ਨਾਲ ਅਚਨਚੇਤ ਹਮਲਾ ਕਰ ਦਿੱਤਾ। ਉਹ ਦੂਜਾ ਵਾਰ ਕਰਨ ਹੀ ਲੱਗਾ ਸੀ ਕਿ ਗੁਰੂ ਜੀ ਨੇ ਉਸਨੂੰ ਸ੍ਰੀ ਸਾਹਿਬ ਨਾਲ ਝਟਕਾ ਦਿੱਤਾ ਤੇ ਦੂਜੇ ਭੱਜਦੇ ਹੋਏ ਨੂੰ, ਸਿੰਘਾਂ ਨੇ ਫੜ ਕੇ ਪਾਰ ਬੁਲਾ ਦਿੱਤਾ।

***ਗੁਰੂ ਗ੍ਰੰਥ ਤੇ ਪੰਥ ਨੂੰ ਗੁਰਿਆਈ*** : ਗੁਰੂ ਜੀ ਨੂੰ ਫੱਟ ਤਾਂ ਭਾਵੇਂ ਡੂੰਘੇ ਲਗੇ ਸਨ। ਪਰ ਕੁਝ ਦਿਨਾਂ ਵਿੱਚ ਹੀ ਜ਼ਖ਼ਮ ਭਰ ਗਏ ਤੇ ਅਰਾਮ ਵੀ ਆ ਗਿਆ ਪਰ 6 ਅਕਤੂਬਰ 1708 ਨੂੰ ਕਮਾਨ 'ਤੇ ਚਿਲਾ ਚੜ੍ਹਾਉਣ ਵੇਲੇ ਸੀਤੇ ਫੱਟਾਂ ਦੇ ਤੋਪੇ ਉਖੜ ਗਏ। ਕੋਸ਼ਿਸ਼ ਕਰਨ ਤੇ ਜ਼ਖ਼ਮ ਸੀਤੇ ਨਾ ਗਏ, ਗੁਰੂ ਜੀ ਨੇ ਕਿਹਾ ਹੁਣ ਸਭ ਹੀਲੇ ਵਿਅਰਥ ਹਨ, ਅੰਤ ਸਮਾਂ ਆਣ ਪੁੱਜਾ ਹੈ। ਉਸ ਦਿਨ ਹੀ ਗੁਰੂ ਜੀ ਨੇ ਦੀਵਾਨ ਸਜਾਇਆ। ਭਾਰੀ ਸੰਗਤਾਂ ਦਾ ਇਕੱਠ ਹੋਇਆ। ਗੁਰੂ ਜੀ ਨੇ ਸੰਗਤਾਂ ਨੂੰ ਹੁਕਮ ਕੀਤਾ ਕਿ ਸ਼ਖ਼ਸੀ ਗੁਰਿਆਈ ਦਾ ਸਿਲਸਿਲਾ ਖਤਮ ਕੀਤਾ ਜਾਂਦਾ ਹੈ। ਅੱਜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਗੁਰੂ ਹੋਣਗੇ। ਗੁਰੂ ਜੀ ਨੇ ਫੁਰਮਾਇਆ ਕਿ ਸਾਡੀ ਆਤਮਾ ਗ੍ਰੰਥ ਵਿੱਚ ਤੇ ਸਰੀਰ ਪੰਥ ਵਿੱਚ ਹੋਵੇਗਾ।

***ਜੋਤੀ ਜੋਤਿ ਸਮਾਉਣਾ*** : ਗੁਰੂ ਗ੍ਰੰਥ ਤੇ ਪੰਥ ਨੂੰ ਗੁਰਿਆਈ ਬਖਸ਼ਣ ਮਗਰੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ 6 ਅਤੇ 7 ਅਕਤੂਬਰ 1708 ਦੀ ਵਿਚਕਾਰਲੀ ਰਾਤ ਨੂੰ ਨੰਦੇੜ ਵਿਖੇ ਜੋਤੀ ਜੋਤਿ ਸਮਾ ਗਏ।

ਦਸਮ ਪਾਤਿਸ਼ਾਹ ਦੀਆਂ ਪ੍ਰਮਾਣਿਕ ਬਾਣੀਆਂ ਹਨ:

1. ਜਾਪੁ ਸਾਹਿਬ 2. ਅਕਾਲ ਉਸਤਤਿ 3. ਤੇਤੀ ਸਵੈਯੇ





4. ਜ਼ਫਰਨਾਮਾ 5. ਖਾਲਸਾ ਮਹਿਮਾ

***ਅਵਤਾਰਵਾਦ ਦਾ ਖੰਡਨ***: ਦਸਮੇਸ਼ ਜੀ ਨੇ ਅਵਤਾਰ ਵਾਦ ਦੀ ਬੜੀ ਜੋਰਦਾਰ ਨਿਖੇਧੀ ਕੀਤੀ ਹੈ। ਆਪ ਨੇ ਇਸ ਗੱਲ ਨੂੰ ਜੋਰ ਨਾਲ ਪ੍ਰਚਾਰਿਆ ਹੈ ਕਿ ਪ੍ਰਭੂ ਜਨਮ ਨਹੀਂ ਲੈਂਦਾ ਤੇ ਨਾ ਹੀ ਮਰਦਾ ਹੈ।


***ਖਾਲਸੇ ਦੀ ਵਿਆਖਿਆ***: ਗੁਰੂ ਜੀ ਨੇ ਜੋ ਖਾਲਸੇ ਦੀ ਵਿਆਖਿਆ ਕੀਤੀ ਹੈ, ਉਸ ਅਨੁਸਾਰ ਖਾਲਸਾ (ਸਿੱਖ) ਉਹ ਹੈ ਜੋ ਗੁਰਮਤਿ ਦਾ ਧਾਰਨੀ ਹੈ ਅਤੇ ਅਨਮਤੀ ਵਿਸ਼ਵਾਸਾਂ ਨੂੰ ਨਹੀਂ ਮੰਨਦਾ ਪੀਰਾਂ ਫਕੀਰਾਂ ਦੀਆਂ ਕਬਰਾਂ ਤੇ ਮੱਥੇ ਨਹੀਂ ਟੇਕਦਾ, ਦੇਵੀ ਦੇਵਤਿਆਂ, ਦੇਹਧਾਰੀਆਂ ਨੂੰ ਨਹੀਂ ਮੰਨਦਾ ਅਤੇ ਜੋ ਕੇਵਲ ਇਕ ਅਕਾਲ ਪੁਰਖ ਤੇ ਵਿਸ਼ਵਾਸ ਰਖਦਾ ਹੈ। ਆਪ ਫਰਮਾਉਂਦੇ ਹਨ :

**ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ॥**
**ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ॥**
**ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥**
**ਪੂਰਨ ਜੋਤ ਜਗੈ ਘਟ ਮੈਂ, ਤਬ ਖਾਲਸ ਤਾਹਿ ਨਖਾਲਸ ਜਾਨੈ॥**

ਪ੍ਰਸ਼ਨ 1: ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਤੇ ਕਿਥੇ ਹੋਇਆ?

ਪ੍ਰਸ਼ਨ 2: ਗੁਰੂ ਗੋਬਿੰਦ ਸਿੰਘ ਜੀ ਨੂੰ ਮੁੱਢਲੀ ਵਿਦਿਆ ਕਿਹੜੇ-ਕਿਹੜੇ ਵਿਦਵਾਨਾਂ ਤੋਂ ਲਈ?

ਪ੍ਰਸ਼ਨ 3: ਕਸ਼ਮੀਰੀ ਪੰਡਤ ਕਦੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਆਏ?



ਪ੍ਰਸ਼ਨ 4: ਗੁਰੂ ਗੋਬਿੰਦ ਸਿੰਘ ਜੀ ਦੀ ਗੁਰਿਆਈ ਵੇਲੇ ਉਮਰ ਕਿੰਨੀ ਸੀ?

ਪ੍ਰਸ਼ਨ 5: ਪਾਉਂਟਾ ਸਾਹਿਬ ਦੀ ਸਥਾਪਨਾ ਕਦੋਂ ਹੋਈ?

ਪ੍ਰਸ਼ਨ 6: ਭੰਗਾਣੀ ਦੇ ਯੁੱਧ ਵਿੱਚ ਕਿਹੜੇ ਸਿੰਘ ਸ਼ਹੀਦ ਹੋਏ?

ਪ੍ਰਸ਼ਨ 7: ਗੁਰੂ ਗੋਬਿੰਦ ਸਿੰਘ ਜੀ ਨੇ ਪੀਰ ਬੁੱਧੂ ਸ਼ਾਹ ਨੂੰ ਕਿਹੜੀਆਂ-ਕਿਹੜੀਆਂ ਦਾਤਾਂ ਬਖਸ਼ੀਆਂ?

ਪ੍ਰਸ਼ਨ 8: ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜਾ ਤਿਉਹਾਰ ਮਨਾਉਣ ਦੀ ਰੀਤ ਚਲਾਈ?

ਪ੍ਰਸ਼ਨ 9: ਖਾਲਸਾ ਪੰਥ ਦੀ ਸਥਾਪਨਾ ਕਿਥੇ ਅਤੇ ਕਦੋਂ ਕੀਤੀ?

ਪ੍ਰਸ਼ਨ 10: ਗੁਰੂ ਜੀ ਦੀ ਮੰਗ ਤੇ ਸੀਸ ਭੇਟ ਕਰਨ ਵਾਲਿਆਂ ਨੂੰ ਕਿਸ ਨਾਮ ਨਾਲ ਯਾਦ ਕੀਤਾ ਜਾਂਦਾ ਹੈ?

ਪ੍ਰਸ਼ਨ 11: ਗੁਰੂ ਗੋਬਿੰਦ ਸਿੰਘ ਜੀ ਨੇ ਕਿੰਨਾਂ ਤੋਂ ਅੰਮ੍ਰਿਤ ਛਕਿਆ?

ਪ੍ਰਸ਼ਨ 12: ਗੁਰੂ ਗੋਬਿੰਦ ਸਿੰਘ ਜੀ ਨਾਲ ਗੜ੍ਹੀ ਵਿੱਚ ਕਿਹੜੇ ਸਿੰਘ ਨੂੰ ਆਪਣੀ ਪੁਸ਼ਾਕ ਤੇ ਕਲਗੀ ਪਹਿਨਾ ਕੇ ਗਏ ਸੀ?

ਪ੍ਰਸ਼ਨ 13: ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜੇਬ ਵੱਲ ਜੋ ਚਿੱਠੀ ਲਿਖੀ ਉਸਦਾ ਕੀ ਨਾਮ ਸੀ?

ਪ੍ਰਸ਼ਨ 14: ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਵਾਂ ਉਤਾਰਾ ਲਿਖਵਾਇਆ?

ਪ੍ਰਸ਼ਨ 15: ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਕਿਸ ਨੂੰ ਦਿੱਤੀ?

ਪ੍ਰਸ਼ਨ 16: ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਕਦੋਂ ਸਮਾਏ?

**ਹੇਠ ਲਿਖੇ ਪ੍ਰਸ਼ਨਾਂ ਦੇ 3-4 ਪੰਗਤੀਆਂ ਵਿੱਚ ਉੱਤਰ ਦਿਉ।**

ਪ੍ਰਸ਼ਨ 17: ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੇ ਨੋਟ ਲਿਖੋ?

ਪ੍ਰਸ਼ਨ 18: ਭੰਗਾਣੀ ਦੇ ਯੁੱਧ ਤੇ ਨੋਟ ਲਿਖੋ?

**ਹੇਠ ਲਿਖੇ ਪ੍ਰਸ਼ਨਾ ਦੇ 100-150 ਸ਼ਬਦਾਂ ਵਿੱਚ ਉੱਤਰ ਦਿਉ।**

ਪ੍ਰਸ਼ਨ 19: ਪੰਜ ਪਿਆਰਿਆਂ ਦੇ ਨਾਮ ਲਿਖੋ?

ਪ੍ਰਸ਼ਨ 20: ਚਾਰ ਬੱਜਰ ਕੁਰਹਿਤਾਂ ਕਿਹੜੀਆਂ ਹਨ?

ਪ੍ਰਸ਼ਨ 21: ਚਮਕੌਰ ਦੀ ਜੰਗ ਤੇ ਨੋਟ ਲਿਖੋ।

## ਸ੍ਰੀ ਹਜ਼ੂਰ ਸਾਹਿਬ (ਨਾਂਦੇੜ)

ਦੱਖਣ ਵਿੱਚ ਗੋਦਾਵਰੀ ਨਦੀ ਦੇ ਕੰਢੇ ਇਹ ਗੁਰੂ ਗੋਬਿੰਦ ਸਿੰਘ ਜੀ ਦਾ ਪਵਿੱਤਰ ਅਸਥਾਨ ਹੈ। ਇਸ ਥਾਂ ਤੇ ਗੁਰੂ ਸਾਹਿਬ ਜੋਤੀ ਜੋਤ ਸਮਾਏ। ਇਹ ਸਥਾਨ ਵੀ ਗੁਰੂ ਸਾਹਿਬ ਦੇ ਪੰਜ ਤਖਤਾਂ ਵਿੱਚ ਮੰਨਿਆ ਜਾਂਦਾ ਹੈ। ਇਸ ਥਾਂ ਤੇ ਹੀ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਬਖਸ਼ੀ।

## ਮਾਤਾ ਸਾਹਿਬ ਕੌਰ ਜੀ

ਮਾਤਾ ਸਾਹਿਬ ਕੌਰ ਰੁਹਤਾਸ (ਜੇਹਲਮ) ਨਿਵਾਸੀ ਭਾਈ ਰਾਮੂ ਦੀ ਸਪੁੱਤਰੀ ਸਨ। ਆਪ ਜੀ ਦਾ ਜਨਮ 1681 ਈ: ਨੂੰ ਅੰਮ੍ਰਿਤ ਵੇਲੇ ਮਾਤਾ ਜਸਦੇਈ ਦੀ ਕੁੱਖੋਂ ਹੋਇਆ। ਰੁਹਤਾਸ ਸ਼ਹਿਰ ਵਿੱਚ ਗੁਰੂ ਨਾਨਕ ਸਾਹਿਬ ਨੇ ਆਪਣੀ ਯਾਤਰਾ ਸਮੇਂ ਆਪਣੇ ਚਰਨ ਪਾਏ ਸਨ। ਜਿਥੇ ਆਪ ਦੀ ਛੋਹ ਨਾਲ ਸ਼ਹਿਰ ਦਾ ਖਾਰਾ ਪਾਣੀ ਵੀ ਮਿੱਠਾ ਹੋਇਆ। ਮਾਤਾ ਸਾਹਿਬ ਕੌਰ ਦਾ ਇੱਕ ਭਰਾ ਵੀ ਸੀ ਜਿਸ ਦਾ ਨਾਮ ਸਾਹਿਬ ਚੰਦ ਸੀ। ਸਾਹਿਬ ਕੌਰ ਜੀ ਬਚਪਨ ਤੋਂ ਹੀ ਸਦਾਚਾਰੀ ਤੇ ਗੁਰਮਤਿ ਅਸੂਲਾਂ ਵਿੱਚ ਪ੍ਰਪੱਕ ਸਨ। ਸੰਗਤਾਂ ਨੂੰ ਆਪਣੀ ਮਿੱਠੀ ਤੇ ਸੁਰੀਲੀ ਅਵਾਜ ਨਾਲ





ਪਾਠ ਸੁਣਾਉਂਦੇ ਤੇ ਗੁਰੂ ਘਰ ਨਾਲ ਜੋੜਦੇ ਆਪ ਦੇ ਸੁਭਾਅ ਤੇ ਸ਼ੁੱਧ ਬਾਣੀ ਉਚਾਰਣ ਕਰਕੇ ਸੰਗਤਾਂ ਵਿੱਚ ਆਪ ਦਾ ਮਾਣ ਤੇ ਸਤਿਕਾਰ ਸੀ। 15 ਸਾਲ ਦੀ ਜਦੋਂ ਉਮਰ ਹੋਈ ਤੇ ਉਹਨਾਂ ਦੇ ਮਾਤਾ ਪਿਤਾ ਉਨ੍ਹਾਂ ਦੇ ਵਰ ਦੀ ਤਲਾਸ਼ ਵਿੱਚ ਚਿੰਤਤ ਹੋਏ। ਪਰ ਮਾਤਾ ਸਾਹਿਬ ਕੌਰ ਜੀ ਦਾ ਚਿੱਤ ਗੁਰੂ ਚਰਨਾਂ ਵਿੱਚ ਲੱਗਾ ਹੋਇਆ ਸੀ ਤੇ ਆਪਣੇ ਆਪ ਨੂੰ ਉਹਨਾਂ ਨੇ ਗੁਰੂ ਸਾਹਿਬ ਨੂੰ ਸਮਰਪਿਤ ਕੀਤਾ ਹੋਇਆ ਸੀ।

ਮਾਤਾ ਸਾਹਿਬ ਕੌਰ ਸੰਗਤ ਅਤੇ ਗੁਰੂ ਸਾਹਿਬ ਦੀ ਸੇਵਾ ਵਿਚ ਨਿਸ਼ਕਾਮ ਹੋਕੇ ਲੱਗੇ ਰਹਿੰਦੇ। 1699 ਵਿਸਾਖੀ ਵਾਲੇ ਦਿਨ ਜਿਸ ਵੇਲੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਲੱਗੇ ਤਾਂ ਮਾਤਾ ਸਾਹਿਬ ਕੌਰ ਜੀ ਨੇ ਪਤਾਸਿਆਂ ਦਾ ਥਾਲ ਪੇਸ਼ ਕੀਤਾ ਜੋ ਆਪ ਨੇ ਅੰਮ੍ਰਿਤ ਦੇ ਬਾਟੇ ਨੂੰ ਸਮਰਪਿਤ ਕਰ ਦਿਤਾ। ਅੰਮ੍ਰਿਤ ਸੰਚਾਰ ਹੋਇਆ, ਖਾਲਸਾ ਪ੍ਰਗਟ ਕੀਤਾ। ਸੰਗਤ ਨੂੰ ਸੰਬੋਧਨ ਕਰਦੇ ਹੋਏ ਆਪ ਨੇ ਮਾਤਾ ਸਾਹਿਬ ਕੌਰ ਜੀ ਨੂੰ ਖਾਲਸੇ ਦੀ ਮਾਤਾ ਹੋਣ ਦਾ ਮਾਣ ਦਿੱਤਾ।

ਮਾਤਾ ਸਮਾਜ ਵਿੱਚ ਸਭ ਤੋਂ ਵਿਸ਼ੇਸ਼ਤਾ ਵਾਲਾ ਸਥਾਨ ਰੱਖਦੀ ਹੈ। ਇਹ ਮਾਤਾ ਹੀ ਹੈ ਜਿਸ ਦੀ ਸਿਆਣਪ, ਸੂਝਵਾਨ ਰਹਿਨੁਮਾਈ ਬੱਚੇ ਨੂੰ ਯੋਗ ਜੀਵਨ ਜਾਂਚ ਸਿਖਾਉਂਦੀ ਹੈ। ਮਾਤਾ ਸਾਹਿਬ ਕੌਰ ਨੇ ਇੱਕ ਸੁਚੱਜੀ ਮਾਤਾ ਦੇ ਤੌਰ ਤੇ ਕੌਮ ਦੀ ਰਹਿਨੁਮਾਈ 1741 ਈ: ਤਕ ਕੀਤੀ।

ਆਪ ਜੀ ਨੂੰ ਜਦ ਆਪਣੇ ਅੰਤਲੇ ਸਮੇਂ ਦਾ ਗਿਆਨ ਹੋਇਆ ਤਾਂ ਆਪ ਨੇ ਇਸ਼ਨਾਨ ਕੀਤਾ, ਸਵੱਛ ਬਸਤਰ ਪਹਿਨੇ, ਨਿਤਨੇਮ ਪਾਠ ਉਪਰੰਤ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ। ਹੁਕਮਨਾਮਾ ਲਿਆ ਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖਸ਼ੇ ਸ਼ਸ਼ਤਰਾਂ ਦੇ ਦਰਸ਼ਨ ਕੀਤੇ 1747ਈ: (ਸੰਮਤ 1804) ਨੂੰ ਆਪਣਾ ਸਰੀਰ ਤਿਆਗ ਦਿੱਤਾ। ਆਪ ਜੀ ਦਾ ਸੰਸਕਾਰ ਗੁਰਦੁਆਰਾ ਸ੍ਰੀ ਬਾਲਾ ਸਾਹਿਬ ਦਿੱਲੀ ਵਿਖੇ ਹੋਇਆ। ਆਪ ਇੱਕ ਨੇਕ ਸਦਾਚਾਰਕ, ਮਿੱਠ ਬੋਲੜੇ ਸਨ। ਗੁਰਮਤਿ ਦੇ ਪੂਰੇ ਧਾਰਨੀ ਸਨ ਆਪ ਜੀ ਦਾ ਜੀਵਨ ਇੱਕ ਆਦਰਸ਼ਕ ਰਹਿਨੁਮਾ ਤੇ ਦਰਸ਼ਨਮਾਰਗੀ ਸੀ।

ਪ੍ਰਸ਼ਨ 1: ਮਾਤਾ ਸਾਹਿਬ ਕੌਰ ਜੀ ਦਾ ਜਨਮ ਕਦੋਂ ਹੋਇਆ?

ਪ੍ਰਸ਼ਨ 2: ਮਾਤਾ ਸਾਹਿਬ ਕੌਰ ਜੀ ਦੇ ਮਾਤਾ ਪਿਤਾ ਦਾ ਕੀ ਨਾਮ ਸੀ?

ਪ੍ਰਸ਼ਨ 3: ਮਾਤਾ ਸਾਹਿਬ ਕੌਰ ਜੀ ਨੂੰ ਕਿਸ ਦੀ ਮਾਤਾ ਹੋਣ ਦਾ ਮਾਣ ਮਿਲਿਆ?

ਪ੍ਰਸ਼ਨ 4: ਮਾਤਾ ਸਾਹਿਬ ਜੀ ਨੇ ਆਪਣਾ ਸਰੀਰ ਕਦੋਂ ਤਿਆਗਿਆ?

ਪ੍ਰਸ਼ਨ 5: ਮਾਤਾ ਸਾਹਿਬ ਕੌਰ ਜੀ ਕਿਹੋ ਜਿਹੇ ਸੁਭਾਅ ਦੇ ਮਾਲਕ ਸੀ?

# ਭਗਤ ਕਬੀਰ ਜੀ

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਭਗਤ ਕਬੀਰ ਜੀ ਨੂੰ ਭਗਤਾਂ ਦੀ ਸੂਚੀ ਵਿਚ ਪਹਿਲੀ ਥਾਂ ਦਿੱਤੀ ਹੈ। ਭਗਤ ਕਬੀਰ ਜੀ ਦਾ ਜਨਮ 1398 ਈ: ਨੂੰ ਬਨਾਰਸ ਵਿਚ ਹੋਇਆ। ਉਹਨਾਂ ਦਾ ਪਾਲਣ-ਪੋਸ਼ਣ ਨੀਰੂ ਦੀਨ ਜੁਲਾਹੇ ਅਤੇ ਮਾਤਾ ਨੀਮਾਂ ਦੇ ਘਰ ਹੋਇਆ। ਮਾਤਾ ਪਿਤਾ ਮੁਸਲਮਾਨ ਹੋਣ ਕਾਰਨ ਭਗਤ ਕਬੀਰ ਜੀ ਨੂੰ ਮੁਸਲਮਾਨੀ ਮੱਤ ਵੱਲ ਲਾਉਣਾ ਚਾਹੁੰਦੇ ਸਨ। ਪਰ ਆਪ ਜੀ ਦੀ ਰੁਚੀ ਰਾਮ ਨਾਮ ਜਪਣ ਵੱਲ ਵਧੇਰੇ ਸੀ ਪਰ ਪੰਡਿਤ ਆਪ ਨੂੰ ਜੁਲਾਹਾ ਹੋਣ ਕਾਰਨ ਸ਼ੂਦਰ ਸਮਝਦੇ ਸਨ। ਉਸ ਸਮੇਂ ਸ਼ੂਦਰਾਂ ਨੂੰ ਰਾਮ ਨਾਮ ਜਪਣ ਦਾ ਕੋਈ ਅਧਿਕਾਰ ਨਹੀਂ ਸੀ।

ਭਗਤ ਕਬੀਰ ਜੀ ਦੇ ਮਾਤਾ ਪਿਤਾ ਘਰ ਵਿੱਚ ਕੱਪੜਾ ਬੁਣਨ ਦਾ ਕੰਮਕਾਰ ਕਰਦੇ ਸਨ। ਆਪ ਜੀ ਉਹਨਾਂ ਨਾਲ ਕੰਮਕਾਰ ਵਿਚ ਹੱਥ ਵਟਾਉਂਦੇ ਸਨ।

ਉਨ੍ਹੀ ਦਿਨੀ ਵੈਰਾਗੀ ਸੰਪ੍ਰਦਾਇ ਦੇ ਮੁਖੀ ਭਗਤ ਰਾਮਾਨੰਦ ਜੀ ਦੀ ਬੜੀ ਚਰਚਾ ਸੀ। ਆਪ ਜੀ ਨੇ ਉਨ੍ਹਾਂ ਨੂੰ ਗੁਰੂ ਧਾਰਨ ਕਰਨ ਦਾ ਪੱਕਾ ਵਿਚਾਰ ਮਨ ਵਿਚ ਧਾਰ ਲਿਆ ਸੀ। ਇਤਿਹਾਸ ਵਿੱਚ ਲਿਖਿਆ ਮਿਲਦਾ ਹੈ ਕਿ ਭਗਤ ਰਾਮਾਨੰਦ ਜੀ ਹਰ ਰੋਜ਼ ਅੰਮ੍ਰਿਤ ਵੇਲੇ ਘਾਟ ਤੇ ਇਸ਼ਨਾਨ ਕਰਨ ਜਾਇਆ ਕਰਦੇ ਸਨ। ਇਕ ਦਿਨ ਜਦੋਂ ਰਾਮਾਨੰਦ ਜੀ ਨੇ ਇਸ਼ਨਾਨ ਕਰਨ ਆਉਣਾ ਸੀ ਤਾਂ ਭਗਤ ਕਬੀਰ ਜੀ ਪਹਿਲਾਂ ਹੀ ਘਾਟ ਦੀਆਂ ਪਉੜੀਆਂ ਤੇ ਜਾ ਕੇ ਲੰਮੇ ਪੈ ਗਏ, ਜਦੋਂ ਰਾਮਾਨੰਦ ਜੀ ਇਸ਼ਨਾਨ ਕਰਨ ਲਈ ਆਏ ਤਾਂ ਉਹਨਾਂ ਦੇ ਚਰਨ ਭਗਤ ਕਬੀਰ ਜੀ ਨਾਲ ਟਕਰਾਏ ਤਾਂ ਭਗਤ ਰਾਮਾਨੰਦ ਜੀ ਨੇ ਉਨ੍ਹਾਂ ਨੂੰ ਕਿਹਾ ਅੰਮ੍ਰਿਤ ਵੇਲਾ ਹੋ ਗਿਆ ਹੈ ਉਠ ਕੇ ਪ੍ਰਭੂ ਦਾ ਸਿਮਰਨ ਕਰ, ਬਸ ਭਗਤ ਕਬੀਰ ਜੀ ਲਈ ਇਹੋ ਉਪਦੇਸ਼ ਸੀ।

ਭਗਤ ਕਬੀਰ ਜੀ ਆਪਣੇ ਪਿਤਾ ਦੇ ਕੰਮ ਕਾਰ ਵਿੱਚ ਹੱਥ ਵਟਾਉਣ ਲੱਗੇ। ਦਸਾਂ ਨਹੁੰਆਂ ਦੀ ਕਿਰਤ ਕਰਦਿਆਂ ਆਪ ਦੀ ਸੁਰਤ ਵਾਹਿਗੁਰੂ ਦੇ ਚਰਨਾਂ ਵਿੱਚ ਹੀ ਰਹਿੰਦੀ। ਕਿਰਤ ਨੂੰ ਹੀ ਰੋਟੀ ਦਾ ਇਕ ਸਾਧਨ ਸਮਝਦੇ ਸਨ। ਰੋਟੀ ਸੰਸਾਰਿਕ ਜੀਵਨ ਲਈ ਸੀ ਨਾ ਕਿ ਜੀਵਨ ਨੂੰ ਸਿਰਫ ਰੋਟੀ ਲਈ ਸਮਝਦੇ ਸਨ। ਧਨ ਕਮਾਉਂਦੇ ਸਨ ਪਰ ਨਿਰਬਾਹ ਲਈ। ਆਪ ਜੀ ਦਾ ਜੀਵਨ ਬਹੁਤ ਹੀ ਸਾਦਾ, ਸੰਜਮੀ ਤੇ ਸੰਤੋਖੀ ਸੀ।

ਆਪ ਜੀ ਦਾ ਵਿਆਹ ਲੋਈ ਜੀ ਨਾਲ ਹੋਇਆ। ਲੋਈ ਜੀ ਬਹੁਤ ਹੀ ਆਗਿਆਕਾਰੀ ਔਰਤ ਸੀ। ਲੋਈ ਜੀ ਵੀ ਭਗਤ ਕਬੀਰ ਜੀ ਵਾਂਗ ਹੀ ਸੰਤੋਖੀ ਅਤੇ ਸਿਦਕਵਾਨ ਸੀ। ਆਪ ਜੀ ਦੇ ਘਰ ਇਕ ਪੁੱਤਰ ਕਮਾਲਾ ਤੇ ਇੱਕ ਧੀ ਕਮਾਲੀ ਸੀ। ਇਹ ਦੋਵੇਂ ਹੀ ਬਹੁਤ ਨੇਕ ਆਚਰਣ ਵਾਲੇ ਸਨ।





ਭਗਤ ਕਬੀਰ ਜੀ ਦਾ ਸਾਰਾ ਜੀਵਨ ਬਹੁਤ ਹੀ ਪਵਿੱਤਰ ਤੇ ਸਿੱਖਿਆਦਾਇਕ ਹੈ। ਆਪ ਜੀ ਅੰਤ ਸਮੇਂ ਮਗਹਰ ਜਾ ਟਿਕੇ ਅਤੇ 1518 ਈ: ਨੂੰ ਆਪ ਜੀ ਦਾ ਦਿਹਾਂਤ ਹੋ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਕਬੀਰ ਜੀ ਦੇ 541 ਸ਼ਬਦ ਅਤੇ ਸਲੋਕ ਦਰਜ ਹਨ। ਇਹਨਾਂ ਵਿੱਚ ਕਰਮ ਕਾਂਡਾਂ ਅਤੇ ਮੂਰਤੀ ਪੂਜਾ ਦਾ ਖੰਡਨ ਤੇ ਸੁਧਾਰਕ ਵਿਚਾਰਾਂ ਤੋਂ ਬਿਨਾਂ ਪ੍ਰੇਮ, ਭਗਤੀ, ਨਿਰਭੈਅਤਾ ਦੀ ਉਦਾਹਰਨ ਮਿਲਦੀ ਹੈ।

ਭਗਤ ਕਬੀਰ ਜੀ ਅਕਾਲ ਪੁਰਖ ਦੀ ਸੇਵਾ ਕਰਨ ਵਾਲੇ ਸਨ। ਅਕਾਲ ਪੁਰਖ ਨੂੰ ਸਰਬ ਵਿਆਪਕ ਮੰਨਦੇ ਸਨ। ਇਸ ਲਈ ਆਪ ਜੀ ਮੂਰਤੀ ਪੂਜਾ ਦਾ ਖੰਡਨ ਕਰਦੇ ਹੋਏ ਫਰਮਾਉਂਦੇ ਹਨ :-

**ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥**
**ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥(ਪੰਨਾ ੪੭੯)**

ਪ੍ਰਸ਼ਨ 1: ਭਗਤ ਕਬੀਰ ਜੀ ਦਾ ਜਨਮ ਕਦੋਂ ਹੋਇਆ?
ਪ੍ਰਸ਼ਨ 2: ਭਗਤ ਕਬੀਰ ਜੀ ਦਾ ਪਾਲਣ-ਪੋਸ਼ਣ ਕਿਸ ਨੇ ਕੀਤਾ?
ਪ੍ਰਸ਼ਨ 3: ਭਗਤ ਕਬੀਰ ਜੀ ਦਾ ਵਿਆਹ ਕਿਸ ਨਾਲ ਹੋਇਆ?
ਪ੍ਰਸ਼ਨ 4: ਭਗਤ ਕਬੀਰ ਜੀ ਦੇ ਕਿੰਨੇ ਬੱਚੇ ਸਨ?
ਪ੍ਰਸ਼ਨ 5: ਭਗਤ ਕਬੀਰ ਜੀ ਦਾ ਦਿਹਾਂਤ ਕਦੋਂ ਹੋਇਆ?
ਪ੍ਰਸ਼ਨ 6: ਭਗਤ ਕਬੀਰ ਜੀ ਦੇ ਕਿੰਨੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ?

**ਹੇਠ ਲਿਖੇ ਪ੍ਰਸ਼ਨ ਦਾ ਉੱਤਰ 5-6 ਲਾਈਨਾਂ ਵਿੱਚ ਦਿਉ।**
ਪ੍ਰਸ਼ਨ 1: ਭਗਤ ਰਾਮਾਨੰਦ ਤੇ ਭਗਤ ਕਬੀਰ ਜੀ ਦੀ ਮੁਲਾਕਾਤ ਤੇ ਨੋਟ ਲਿਖੋ?

# ਸਰਦਾਰ ਸ਼ਾਮ ਸਿੰਘ ਅਟਾਰੀ

ਸਿੱਖ ਕੌਮ ਦੇ ਇਤਿਹਾਸ ਵਿੱਚ ਹਰ ਪੱਤਰੇ 'ਤੇ ਕਿਸੇ ਨਾ ਕਿਸੇ ਬਹਾਦਰ ਜਰਨੈਲ ਦੀ ਬੇਮਿਸਾਲ ਬਹਾਦਰੀ ਦੀ ਕਹਾਣੀ ਅੰਕਿਤ ਹੈ। ਜਿਨ੍ਹਾਂ ਨੇ ਬਹਾਦਰੀ ਅਤੇ ਦਲੇਰੀ ਦੀ ਅਜਿਹੀ ਮਿਸਾਲ ਪੈਦਾ ਕੀਤੀ ਜੋ ਅੱਜ ਤੱਕ ਕਿਸੇ ਹੋਰ ਕੌਮ ਦੇ ਯੋਧਿਆ ਨੇ ਨਹੀਂ ਕੀਤੀ। ਅਜਿਹੇ ਹੀ ਇਕ ਯੋਧੇ ਸੂਰਬੀਰ ਦਾ ਨਾਂ ਇਤਿਹਾਸ ਵਿੱਚ ਆਉਂਦਾ ਹੈ। ਜਿਸ ਦਾ ਨਾਂ ਸਰਦਾਰ ਸ਼ਾਮ ਸਿੰਘ ਅਟਾਰੀ ਸੀ। ਪਿੰਡ ਅਟਾਰੀ ਵਿੱਚ ਰਹਿਣ ਕਰਕੇ ਆਪਦੇ ਨਾਂ ਨਾਲ ਅਟਾਰੀ ਮਸ਼ਹੂਰ ਹੋਇਆ। ਆਪ ਜੀ ਦੇ ਪਿਤਾ ਸ੍ਰ. ਨਿਹਾਲ ਸਿੰਘ ਪਹਿਲਾ ਸ. ਸਾਹਿਬ ਸਿੰਘ ਭੰਗੀ ਪਾਸ ਨੌਕਰ ਸਨ। ਮਗਰੋਂ ਨੌਕਰੀ ਛੱਡ ਕੇ ਮਹਾਰਾਜਾ ਰਣਜੀਤ ਸਿੰਘ ਪਾਸ ਆ ਗਏ ਅਤੇ ਫੌਜ ਵਿੱਚ ਕਮਾਂਡਰ ਵਜੋਂ ਨਿਯੁਕਤ ਹੋਏ। ਕਸੂਰ ਦੀ ਜਿੱਤ ਸਮੇਂ ਅਤੇ ਮੁਲਤਾਨ ਉੱਤੇ ਚੜ੍ਹਾਈ ਸਮੇਂ ਉਨ੍ਹਾਂ ਨੇ ਵਿਸ਼ੇਸ਼ ਬਹਾਦਰੀ ਵਿਖਾਈ।

ਸ੍ਰ. ਸ਼ਾਮ ਸਿੰਘ ਅਟਾਰੀ ਆਪਣੇ ਪਿਤਾ ਜੀ ਦੇ ਹੁੰਦਿਆਂ ਹੀ ਮਹਾਰਾਜਾ ਰਣਜੀਤ ਸਿੰਘ ਦੀ ਨੌਕਰੀ ਵਿੱਚ ਆ ਚੁੱਕੇ ਸਨ। ਆਪ ਜੀ ਨੇ ਆਪਣੇ ਪਿਤਾ ਤੋਂ ਘੋੜਸਵਾਰੀ, ਤਲਵਾਰ ਬਾਜੀ, ਤੀਰ ਅੰਦਾਜੀ ਅਤੇ ਲੜਾਈ ਦੇ ਦਾਅ ਪੇਚ ਸਿੱਖੇ ਸਨ। ਆਪ ਜੀ ਆਪਣੇ ਪਿਤਾ ਸ. ਨਿਹਾਲ ਸਿੰਘ ਦੇ ਹੁੰਦਿਆ ਹੀ ਮਹਾਰਾਜਾ ਸਾਹਿਬ ਤੋਂ ਹੀਰਿਆਂ ਜੜ੍ਹੀ ਕਲਗੀ ਬਹਾਦਰੀ ਵਜੋਂ ਪ੍ਰਾਪਤ ਕਰ ਚੁੱਕੇ ਸਨ।

1818 ਈ: ਵਿੱਚ ਆਪਣੇ ਪਿਤਾ ਦੇ ਚਲਾਣੇ ਮਗਰੋਂ ਸੁਖੋ ਇਲਾਕੇ ਦੀ 50,000 ਰੁਪਏ ਸਲਾਨਾ ਜਗੀਰ ਦੇ ਵਾਰਸ ਬਣੇ। ਸ. ਸ਼ਾਮ ਸਿੰਘ ਨੇ ਮੁਲਤਾਨ ਦੀ ਲੜਾਈ ਵਿੱਚ ਬਹੁਤ ਬਹਾਦਰੀ ਦਿਖਾਈ। ਇਸ ਲੜਾਈ ਵਿੱਚ ਮੁਗਲਾਂ ਦਾ ਜਾਸੂਸ ਮੁਨਸ਼ੀ ਗੁਲਾਮ ਜੀਲਾਨੀ ਸਿੱਖਾਂ ਦੇ ਭੇਸ ਵਿੱਚ ਮੌਜੂਦ ਸੀ। ਉਹ ਆਪਣੇ ਅੱਖੀਂ ਡਿੱਠੇ ਵਰਤਾਰੇ ਨੂੰ ਇਸ ਤਰ੍ਹਾਂ ਲਿਖਦਾ ਹੈ ਕਿ ਸਿੱਖਾਂ ਨੇ ਮੁਲਤਾਨ ਸ਼ਹਿਰ ਫਤਹਿ ਕਰ ਲਿਆ। ਪਰ ਮੁਲਤਾਨ ਦਾ ਕਿਲ੍ਹਾ, ਜਿਸ ਵਿੱਚ 20,000 ਗਾਜੀ ਪਠਾਨ ਅਤੇ ਨਵਾਬ ਮੁਜਫਰ ਖਾਨ ਮੌਜੂਦ ਸੀ, ਕਿਲ੍ਹਾ ਇੰਨ੍ਹਾਂ ਮਜਬੂਤ ਸੀ ਕਿ ਤੋਪ ਨਾਲ ਵੀ ਕਿਲ੍ਹੇ ਦਾ ਦਰਵਾਜਾ ਨਹੀਂ ਸੀ ਟੁੱਟਦਾ। ਜੰਗ ਵਿੱਚ ਭੰਗੀਆਂ ਦੀ ਉਹ ਤੋਪ ਵੀ ਸੀ ਜਿਸ ਵਿੱਚ ਇਕ ਮਣ ਪੱਕੇ ਦਾ ਗੋਲਾ ਪੈਂਦਾ ਸੀ। ਅੱਗੇ ਜਿਲਾਨੀ ਲਿਖਦਾ ਹੈ ਕਿ 2 ਜੂਨ 1818 ਨੂੰ ਮੈਂ ਰੋਜ ਦੀ ਤਰ੍ਹਾਂ ਸਿੱਖਾਂ ਦੇ ਭੇਸ ਵਿੱਚ ਜੰਗ ਵਿੱਚ ਡਿਊਟੀ ਦੇ ਰਿਹਾ ਸੀ। ਤਾਂ ਅਚਾਨਕ ਇਕ ਪਾਸੇ ਤੋਂ ਸ਼ੋਰ ਸ਼ਰਾਬਾ ਸੁਣਾਈ ਦਿੱਤਾ ਮੈਂ ਜਦੋਂ ਉਸ ਥਾਂ ਪਹੁੰਚਿਆ ਤਾਂ ਕੀ ਵੇਖਦਾ ਹਾਂ ਕਿ *15-20* ਸਿੰਘ ਆਪਸ ਵਿੱਚ ਲੜ ਰਹੇ ਹਨ ਤੇ ਕਹਿ ਰਹੇ ਹਨ ਪਹਿਲਾਂ ਮੈਂ-ਪਹਿਲਾਂ ਮੈਂ ਅੱਗੇ ਹੋ ਕੇ ਵੇਖਿਆ ਤਾਂ ਭੰਗੀਆਂ ਦੀ ਤੋਪ ਦਾ ਇਕ ਪਹੀਆ ਟੁੱਟਾ ਹੈ। ਕਿਲ੍ਹੇ ਦੀ ਦੀਵਾਰ ਤੋੜਨ ਦੀ ਸਮਰਥਾ ਕੇਵਲ ਇਸੇ ਤੋਪ ਵਿੱਚ ਹੈ। ਤੋਪਚੀ ਦੀ ਸਲਾਹ ਸੀ ਕਿ ਜੇ ਗੋਲਾ ਚਲਾਉਣਾ ਹੈ ਤਾਂ ਵਾਰੋਵਾਰੀ ਸਿੰਘ ਆਪਣਾ ਮੋਢਾ ਤੋਪ ਹੇਠਾਂ ਦੇਣਗੇ ਪਰ ਗੋਲਾ ਚੱਲਣ 'ਤੇ ਮੋਢਾ ਦੇਣ ਵਾਲਾ ਸਿੰਘ ਸ਼ਹੀਦ ਹੋ ਜਾਵੇਗਾ। ਤੋਪਚੀ ਦੀ ਸਲਾਹ ਉਤੇ ਸਿੰਘਾਂ ਨੇ ਵਾਰੋ ਵਾਰੀ ਤੋਪ ਹੇਠਾਂ ਮੋਢਾ ਦੇਣਾ ਅਰੰਭ ਕਰ ਦਿੱਤਾ ਅਤੇ ਸ਼ਹੀਦੀਆਂ ਪਾਉਣ ਲੱਗੇ। ਸਿੰਘਾਂ ਦੀ ਲਾਸਾਨੀ ਬਹਾਦਰੀ ਕਾਰਨ ਤੋਪ ਗੋਲੇ ਦਾਗਦੀ ਰਹੀ ਅਤੇ ਕਿਲੇ ਦੀ ਕੰਧ ਟੁੱਟ ਗਈ। ਇਕ ਜਗ੍ਹਾ ਜਿਲਾਨੀ ਲਿਖਦਾ ਹੈ ਕਿ ਮੈਂ ਸਿੰਘਾਂ ਦੇ ਦਲੇਰੀ ਭਰੇ ਕਾਰਨਾਮੇ ਨੂੰ ਦੇਖਿਆ ਤੇ ਮੇਰਾ ਵੀ ਦਿਲ ਕੀਤਾ ਕਿ ਮੈਂ ਤੋਪ ਦੇ ਹੇਠਾਂ ਮੋਢਾ ਲਗਾ ਕੇ ਸ਼ਹੀਦੀ ਪ੍ਰਾਪਤ ਕਰ ਲਵਾਂ।

ਇਸ ਜੰਗ ਵਿੱਚ ਸ੍ਰ.ਸ਼ਾਮ ਸਿੰਘ ਦੇ ਮੋਢੇ 'ਤੇ ਤਲਵਾਰ ਦਾ ਫੱਟ ਲੱਗਾ ਤੇ ਉਹ ਬੁਰੀ ਤਰ੍ਹਾਂ ਜਖਮੀ ਹੋ ਗਏ। ਇਸ ਲੜਾਈ ਵਿੱਚ ਆਪ ਦੀ ਦਿਖਾਈ ਬਹਾਦਰੀ ਤੋਂ ਖੁਸ਼ ਹੋ ਕੇ ਮਹਾਰਾਜਾ ਸਾਹਿਬ ਨੇ ਇਕ ਸੁੰਦਰ ਕੀਮਤੀ ਪੁਸ਼ਾਕ ਆਪ ਜੀ ਨੂੰ ਦਿੱਤੀ।

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪੋਤਰੇ ਸ. ਖੜਕ ਸਿੰਘ ਦੇ ਸਪੁੱਤਰ ਕੰਵਰ ਨੌਨਿਹਾਲ ਸਿੰਘ ਦਾ ਅਨੰਦ ਕਾਰਜ ਸ੍ਰ.ਸ਼ਾਮ ਸਿੰਘ ਅਟਾਰੀ ਦੀ ਪੁੱਤਰੀ





ਨਾਨਕੀ ਨਾਲ ਕੀਤਾ। ਇਸ ਤਰ੍ਹਾਂ ਸ. ਸ਼ਾਮ ਸਿੰਘ ਦੀ ਮਹਾਰਾਜਾ ਨਾਲ ਕੁੜਮਾਚਾਰੀ ਹੋ ਜਾਣ ਕਾਰਨ ਸਰਕਾਰੇ ਦਰਬਾਰੇ ਮਾਣ ਸਤਿਕਾਰ ਹੋਰ ਵਧ ਗਿਆ।

ਸ੍ਰ. ਸਾਮ ਸਿੰਘ ਆਪਣੇ ਆਪ ਨੂੰ ਰਾਜਸੀ ਮਾਮਲਿਆਂ ਤੋਂ ਦੂਰ ਹੀ ਰੱਖਦੇ ਸਨ। ਡੋਗਰੇ ਮਹਾਰਾਜਾ ਰਣਜੀਤ ਸਿੰਘ ਮਗਰੋਂ ਸਿੱਖ ਰਾਜ ਨੂੰ ਖਤਮ ਕਰਕੇ ਡੋਗਰਾ ਰਾਜ ਸਥਾਪਤ ਕਰਨਾ ਚਾਹੁੰਦੇ ਸਨ। ਦੂਜੇ ਪਾਸੇ ਅੰਗਰੇਜ ਵੀ ਪੰਜਾਬ ਨੂੰ ਆਪਣੇ ਰਾਜ ਵਿੱਚ ਮਿਲਾਉਣਾ ਚਾਹੁੰਦੇ ਸਨ। ਅੰਗਰੇਜਾਂ ਨੇ ਗੁਲਾਬ ਸਿੰਘ, ਤੇਜਾ ਸਿੰਘ ਤੇ ਲਾਲ ਸਿੰਘ ਤਿੰਨਾਂ ਨੂੰ ਆਪਣੇ ਨਾਲ ਗੰਢ ਲਿਆ। ਇਨ੍ਹਾਂ ਗਦਾਰਾਂ ਦੀ ਨਮਕ ਹਰਾਮੀ ਕਾਰਨ ਅੰਗਰੇਜਾਂ ਨੇ ਸਤਲੁਜ ਪਾਰ ਕਰਕੇ ਸਿੱਖ ਰਾਜ ਦੇ ਇਲਾਕਿਆਂ ਤੇ ਕਬਜਾ ਕਰ ਲਿਆ। ਅੰਗਰੇਜਾਂ ਦੇ ਅਜਿਹਾ ਕਰਨ ਤੇ ਫੌਜਾਂ ਰੋਹ ਵਿੱਚ ਆਈਆਂ ਤੇ ਆਪਣੇ ਇਲਾਕੇ ਲੈਣ ਲਈ ਸਤਲੁਜ ਪਾਰ ਕੀਤਾ। ਸਿੱਖ ਫੌਜੀ ਤਾਂ ਸਿੱਖ ਰਾਜ ਲਈ ਬਹੁਤ ਬਹਾਦਰੀ ਨਾਲ ਲੜੇ ਪਰ ਜਿਸ ਫੌਜ ਦੇ ਕਮਾਂਡਰ ਤੇਜਾ ਸਿੰਘ ਅਤੇ ਲਾਲ ਸਿੰਘ ਵਰਗੇ ਗਦਾਰ ਹੋਣ ਤਾਂ ਜਿੱਤਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਹੈ।

ਸ੍ਰ. ਸਾਮ ਸਿੰਘ ਅਟਾਰੀ ਪਹਿਲਾਂ ਹੀ ਨੌਕਰੀ ਛੱਡ ਕੇ ਅਟਾਰੀ ਆ ਗਏ ਸਨ। ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਮਗਰੋਂ ਵਾਪਰੀਆਂ ਘਟਨਾਵਾਂ ਤੋਂ ਆਪ ਬਹੁਤ ਦੁੱਖੀ ਰਹਿੰਦੇ ਸਨ।

ਜਦੋਂ ਮਹਾਰਾਣੀ ਜਿੰਦ ਕੌਰ ਨੂੰ ਪਤਾ ਲੱਗਾ ਕਿ ਸਿੱਖ ਫੌਜਾਂ ਦੀ ਹਾਰ ਹੋਈ ਹੈ ਤਾਂ ਆਪ ਇਕ ਘੋੜ ਸਵਾਰਾਂ ਦਾ ਦਸਤਾ ਸ੍ਰ. ਸਾਮ ਸਿੰਘ ਅਟਾਰੀ ਨੂੰ ਇਹ ਸੁਨੇਹਾ ਦੇ ਕੇ ਘੱਲਿਆ ਕਿ ਹੁਣ ਆਪ ਹੀ ਸਿੱਖ ਰਾਜ ਦੇ ਬਚਾਅ ਲਈ ਕੁਝ ਕਰ ਸਕਦੇ ਹੋ। ਆਉ ਤੇ ਫੌਜਾਂ ਦੀ ਕਮਾਨ ਸੰਭਾਲੋ। ਸੁਨੇਹਾ ਮਿਲਦੇ ਸਾਰ ਹੀ ਸ੍ਰ. ਸ਼ਾਮ ਸਿੰਘ ਜੰਗ ਦੇ ਮੈਦਾਨ ਵਿੱਚ ਜਾਣ ਲਈ ਤਿਆਰ ਹੋ ਗਏ।

ਜੰਗ ਲਈ 10 ਫਰਵਰੀ 1846 ਦਾ ਦਿਨ ਨਿਸ਼ਚਿਤ ਹੋਇਆ। ਗਦਾਰ ਤੇਜਾ ਸਿੰਘ ਨੇ ਸ੍ਰ. ਸਾਮ ਸਿੰਘ ਨੂੰ ਸਲਾਹ ਦਿੱਤੀ ਕਿ ਅੰਗਰੇਜਾਂ ਨਾਲ ਸੰਧੀ ਕਰ ਲਈ ਜਾਵੇ ਪਰ ਆਪ ਜੀ ਨੇ ਇਹ ਸਲਾਹ ਠੁਕਰਾ ਦਿੱਤੀ। ਤੇਜਾ ਸਿੰਘ ਨੇ ਮੇਹਣਾ ਮਾਰ ਕਿਹਾ ਕਿ ਜੇ ਤੂੰ ਇੰਨਾ ਹੀ ਬਹਾਦਰ ਹੈ ਤਾਂ ਸਹੁੰ ਚੁੱਕ ਕਿ ਜੰਗਦੇ ਮੈਦਾਨ ਵਿਚੋਂ ਭੱਜ ਕੇ ਨਹੀਂ ਜਾਵੇਗਾ।

ਸ੍ਰ. ਸਾਮ ਸਿੰਘ ਨੇ ਸਾਰੇ ਸਿੱਖ ਫੌਜੀਆਂ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਅਰਦਾਸ ਕੀਤੀ ਕਿ ਜੇ ਸਿੱਖ ਫੌਜਾਂ ਦੀ ਹਾਰ ਹੋਏਗੀ ਤਾਂ ਉਹ ਜਿਊਂਦਾ ਵਾਪਸ ਘਰ ਨਹੀਂ ਜਾਵੇਗਾ। ਸ੍ਰ. ਸਾਮ ਸਿੰਘ ਦਾ ਪ੍ਰਣ ਸੁਣ ਸਾਰੇ ਸਿੱਖ ਫੌਜੀਆਂ ਵਿੱਚ ਜੋਸ਼ ਦੀ ਨਵੀਂ ਲਹਿਰ ਦੌੜ ਪਈ। ਸਾਰੇ ਪਾਸੇ ਅਸਮਾਨ ਜੈਕਾਰਿਆਂ ਨਾਲ ਗੂੰਜ ਉਠਿਆ ਦੂਜੇ ਪਾਸੇ ਗਦਾਰਾਂ ਨੇ ਸਿੱਖ ਫੌਜੀਆਂ ਦੇ ਨਕਸ਼ੇ ਅੰਗਰੇਜਾਂ ਕੋਲ ਪਹੁੰਚਾ ਦਿੱਤੇ ਸਨ ਕਿ ਕਿਸ ਬਾਹੀ ਉਤੇ ਹੱਲਾ ਬੋਲਣਾ ਹੈ। ਕਿਹੜੀ ਬਾਹੀ ਕਮਜ਼ੋਰ ਹੈ।

10 ਫਰਵਰੀ ਨੂੰ ਸ੍. ਸ਼ਾਮ ਸਿੰਘ ਅੰਮ੍ਰਿਤ ਵੇਲੇ ਉਠੇ ਇਸ਼ਨਾਨ ਕੀਤਾ ਨਿਤਨੇਮ ਕਰਕੇ ਅਕਾਲ ਪੁਰਖ ਦੇ ਓਟ ਆਸਰੇ ਫੌਜਾਂ ਵਿੱਚ ਜਾ ਖਲੋਤੇ। ਸਿੱਖ ਫੌਜੀਆਂ ਵਿੱਚ ਜੋਸ਼ ਭਰਨ ਲੱਗੇ। ਕੋਈ ਵੀ ਸਿੰਘ ਜੰਗ ਦੇ ਮੈਦਾਨ ਵਿਚੋਂ ਪਿੱਠ ਨਹੀਂ ਦਿਖਾਏਗਾ। ਇਹ ਸਿੱਖਾਂ ਦੀ ਆਨ ਅਤੇ ਸ਼ਾਨ ਦਾ ਸੁਆਲ ਹੈ। ਹਰੇਕ ਫੌਜੀ ਲੜਦਾ ਹੋਇਆ ਜਿੱਤ ਪ੍ਰਾਪਤ ਕਰੇ ਜਾਂ ਸ਼ਹੀਦੀ ਪਾ ਜਾਵੇ।

ਘਮਸਾਨ ਦਾ ਜੰਗ ਹੋਇਆ ਸ. ਸ਼ਾਮ ਸਿੰਘ ਆਪਣੀ ਸੈਨਾ ਨੂੰ ਪੂਰੀ ਹੱਲਾਸ਼ੇਰੀ ਦੇ ਰਹੇ ਸਨ। ਅੱਜ ਸ਼ਾਮ ਸਿੰਘ ਧੁੱਪ ਚਿੱਟਾ ਬਾਣਾ ਸਜਾਈ ਘੋੜੇ ਤੇ ਸਵਾਰ ਸਨ।

ਜਿਉਂ ਜਿਉਂ ਸਮਾਂ ਬੀਤਦਾ ਗਿਆ, ਸਭਰਾਵਾਂ ਦੀ ਇਹ ਜੰਗ ਜੋਰ ਫੜਦੀ ਗਈ। ਇਹ ਕਹਿਣਾ ਮੁਸ਼ਕਲ ਸੀ ਕਿ ਕਿਸ ਦੀ ਜਿੱਤ ਹੋਵੇਗੀ। ਸਿੱਖ ਫੌਜੀਆਂ ਸਾਹਮਣੇ ਅੰਗਰੇਜ ਫੌਜੀਆਂ ਦੀ ਪੇਸ਼ ਨਾ ਗਈ। ਉਧਰ ਗੱਦਾਰ ਤੇਜਾ ਸਿਹੁੰ ਅਤੇ ਲਾਲ ਸਿਹੁੰ ਡੋਗਰੇ ਨੇ ਸਿੱਖ ਫੌਜਾਂ ਨੂੰ ਬਰੂਦ ਸਿੱਕਾ ਪਹੁੰਚਾਉਣ ਦੀ ਥਾਂ ਆਪਣੇ ਫੌਜੀਆਂ ਸਮੇਤ ਜੰਗ ਦੇ ਮੈਦਾਨ ਵਿਚੋਂ ਭੱਜ ਗਏ। ਗੋਲੀ ਸਿੱਕਾ ਖਤਮ ਹੋ ਰਿਹਾ ਸੀ। ਦੂਜੇ ਪਾਸੇ ਅੰਗਰੇਜ ਫੌਜਾਂ ਪਾਸ ਗੋਲੀ ਸਿੱਕੇ ਦੇ ਭੰਡਾਰ ਸਨ। ਅਚਾਨਕ ਅੰਗਰੇਜਾਂ ਦਾ ਤੋਪ ਖਾਨਾ ਅੱਗੇ ਵੱਧਿਆ ਤੇ 300 ਗਜ ਦੀ ਦੂਰੀ ਤੋਂ ਸਿੱਖ ਫੌਜਾਂ ਤੇ ਗੋਲੇ ਵਰਸਾਉਣ ਲੱਗਾ। ਤੋਪਾਂ ਦੀ ਛਾਵੇਂ ਪੈਦਲ ਫੌਜੀਆਂ ਨੇ ਸੰਗੀਨਾਂ ਦੀ ਮਦਦ ਨਾਲ ਸਿੱਖ ਮੋਰਚਿਆਂ ਤੇ ਹਮਲਾ ਕਰ ਦਿੱਤਾ। ਸਿੱਖਾਂ ਪਾਸ ਗੋਲੀ ਸਿੱਕਾ ਖਤਮ ਹੋ ਚੁੱਕਾ ਸੀ। ਪਿਛੋਂ ਕੋਈ ਮਦਦ ਵੀ ਨਹੀਂ ਸੀ ਆ ਰਹੀ। ਸਿੱਖ ਫੌਜੀਆਂ ਨੇ ਹੱਲਾ ਰੋਕਣ ਦਾ ਯਤਨ ਕੀਤਾ ਪਰ ਨਾ ਕਾਮਯਾਬ ਰਹੇ। ਅੰਗਰੇਜਾਂ ਨੇ ਸਿੱਖਾਂ ਦੇ ਮੋਰਚਿਆਂ ਤੇ ਕਬਜਾ ਕਰ ਲਿਆ।

ਸ੍. ਸ਼ਾਮ ਸਿੰਘ ਨੂੰ ਸਿੱਖ ਫੌਜਾਂ ਦੀ ਹਾਰ ਸਾਹਮਣੇ ਦਿਸਣ ਲੱਗੀ। ਆਪ ਨੇ ਘੋੜੀ ਨੂੰ ਅੱਡੀ ਲਾਈ ਤੇ ਤਲਵਾਰ ਘੁਮਾਉਂਦੇ ਹੋਏ ਅੰਗਰੇਜੀ ਫੌਜ ਵਿੱਚ ਜਾ ਵੜੇ ਤੇ ਲੱਗੇ ਫੌਜੀਆਂ ਦੇ ਡਕਰੇ ਕਰਨ ਤੇ ਨਾਲ ਹੀ ਆਪਣੇ ਸਾਥੀਆਂ ਨੂੰ ਅੰਗਰੇਜ ਫੌਜੀਆਂ ਨਾਲ ਦੋ ਦੋ ਹੱਥ ਕਰਨ ਲਈ ਹੱਲਾ ਸ਼ੇਰੀ ਦਿੰਦੇ ਰਹੇ ਅਗਲੇ ਪਾਸਿਓਂ ਸ੍.ਸ਼ਾਮ ਸਿੰਘ ਤੇ ਗੋਲੀਆਂ ਦੀ ਬੁਛਾੜ ਹੋਣ ਲੱਗੀ। ਸੱਤ ਗੋਲੀਆਂ ਸ੍. ਸ਼ਾਮ ਸਿੰਘ ਦੀ ਛਾਤੀ ਵਿੱਚ ਲੱਗੀਆਂ ਤੇ ਆਪ ਸਿੱਖ ਰਾਜ ਦੀ ਆਨ ਸ਼ਾਨ ਆਪਣਾ ਪ੍ਰਣ ਪੂਰਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਇਸ ਲੜਾਈ ਹਾਰਨ ਦੇ ਕਾਰਨ ਹੀ ਪੰਜਾਬ ਅੰਗਰੇਜਾਂ ਦੇ ਅਧੀਨ ਹੋ ਸਕਿਆ। ਇਹ ਸਾਰਾ ਕਾਰਾ ਤੇਜਾ ਸਿਹੁੰ ਤੇ ਲਾਲ ਸਿਹੁੰ ਡੋਗਰਿਆਂ ਦੀ ਗਦਾਰੀ ਕਾਰਨ ਹੋਇਆ।





ਜੇਕਰ ਸਿੱਖ ਫੌਜਾਂ ਨਾਲ ਗਦਾਰੀ ਨਾ ਹੁੰਦੀ ਤੇ ਗੋਲੀ ਸਿੱਕਾ ਸਮੇਂ ਸਿਰ ਮਿਲਦਾ ਰਹਿੰਦਾ ਤਾਂ ਅੱਜ ਪੰਜਾਬ ਦਾ ਇਤਿਹਾਸ ਕੁਝ ਹੋਰ ਹੁੰਦਾ। ਉਸ ਸਮੇਂ ਦਾ ਮੁਸਲਮਾਨ ਕਵੀ ਸ਼ਾਹ ਮੁਹੰਮਦ ਜੰਗ ਬਾਰੇ ਇਉਂ ਲਿਖਦਾ ਹੈ:

**ਆਈਆਂ ਪਲਟਣਾਂ ਬੀੜ ਕੇ ਤੋਪ ਖਾਨੇ**
**ਅੱਗੋ ਸਿੰਘਾਂ ਨੇ ਪਾਸੜੇ ਤੋੜ ਸੁਟੇ।**
**ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ।**
**ਹੱਲੇ ਤਿੰਨ ਫਰੰਗੀਆਂ ਦੇ ਮੋੜ ਸੁਟੇ।**
**ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ**
**ਬੰਨ੍ਹ ਸ਼ਸਤ੍ਰੀ ਜੋੜ ਵਿਛੋੜ ਸੁਟੇ।**
**ਸ਼ਾਹ ਮਹੁੰਮਦਾ ਸਿੰਘਾਂ ਨੇ ਗੋਰਿਆਂ ਦੇ**
**ਵਾਂਗ ਨਿੰਬੂਆਂ ਲਹੂ ਨਿਚੋੜ ਸੁਟੇ।**

ਪ੍ਰਸ਼ਨ 1: ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦੇ ਨਾਮ ਨਾਲ ਅਟਾਰੀ ਕਿਉਂ ਪਿਆ?

ਪ੍ਰਸ਼ਨ 2: ਸਰਦਾਰ ਸ਼ਾਮ ਸਿੰਘ ਅਟਾਰੀ ਦੇ ਪਿਤਾ ਦਾ ਕੀ ਨਾਮ ਸੀ ਤੇ ਉਹਨਾਂ ਨੇ ਕਿੰਨ੍ਹਾਂ-ਕਿੰਨ੍ਹਾ ਕੋਲ ਨੌਕਰੀ ਕੀਤੀ?

ਪ੍ਰਸ਼ਨ 3: ਸਰਦਾਰ ਸ਼ਾਮ ਸਿੰਘ ਅਟਾਰੀ ਜੀ ਨੇ ਸ਼ਸਤਰ ਵਿੱਦਿਆ ਕਿੱਥੋਂ ਸਿੱਖੀ?

ਪ੍ਰਸ਼ਨ 4: ਸਰਦਾਰ ਸ਼ਾਮ ਸਿੰਘ ਅਟਾਰੀ ਜੀ ਦੇ ਪਿਤਾ ਜੀ ਦਾ ਦਿਹਾਂਤ ਕਦੋਂ ਹੋਇਆ?

ਪ੍ਰਸ਼ਨ 5: ਸ੍. ਸ਼ਾਮ ਸਿੰਘ ਅਟਾਰੀ ਵਾਲੇ ਦੀ ਲੜਕੀ ਦਾ ਵਿਆਹ ਕਿਸ ਨਾਲ ਹੋਇਆ?

ਪ੍ਰਸ਼ਨ 6: ਸ਼ਾਮ ਸਿੰਘ ਅਟਾਰੀ ਨੂੰ ਸਿੱਖ ਫੌਜਾਂ ਦੀ ਕਮਾਨ ਸੰਭਾਲਣ ਵਾਸਤੇ ਕਿਸਨੇ ਸੁਨੇਹਾ ਭੇਜਿਆ?

**ਹੇਠ ਲਿਖੇ ਪ੍ਰਸ਼ਨ ਦਾ ਉੱਤਰ 3-4 ਲਾਈਨਾਂ ਵਿੱਚ ਦਿਉ:**

ਪ੍ਰਸ਼ਨ 1: ਮੁਲਤਾਨ ਦੀ ਲੜਾਈ ਵਿੱਚ ਸ. ਸ਼ਾਮ ਸਿੰਘ ਅਟਾਰੀ ਵਾਲੇ ਦੀ ਬਹਾਦਰੀ ਦਾ ਹਾਲ ਆਪਣੇ ਸ਼ਬਦਾਂ ਵਿੱਚ ਲਿਖੋ?

**ਹੇਠ ਲਿਖੇ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ।**

ਪ੍ਰਸ਼ਨ 2: ਸਭਰਾਵਾਂ ਦੀ ਲੜਾਈ ਦਾ ਹਾਲ ਆਪਣੇ ਸ਼ਬਦਾਂ ਵਿੱਚ ਲਿਖੋ?

# ਦੇਸ਼ ਦੀ ਅਜਾਦੀ ਵਿੱਚ ਸਿੱਖਾਂ ਦਾ ਹਿੱਸਾ

ਪਿਆਰੇ ਬੱਚਿਓ! ਸਿੱਖ ਸ਼ੇਰਾਂ ਦੀ ਕੌਮ ਹੈ। ਕਦੇ ਕਿਸੇ ਦੀ ਗੁਲਾਮੀ ਨੂੰ ਨਹੀਂ ਮੰਨਦੀ। ਗੁਰਮਤਿ ਦੇ ਮਹਾਨ ਸਿਧਾਂਤਾਂ ਤੇ ਪਹਿਰਾ ਦਿੰਦਿਆਂ ਸਿੱਖ ਸੂਰਬੀਰਾਂ ਨੇ ਹਿੰਦੁਸਤਾਨ ਨੂੰ ਬਾਹਰੀ ਹਮਲੇ ਤੋਂ ਬਚਾਉਣ ਲਈ ਬੜੀ ਬਹਾਦਰੀ ਨਾਲ ਹਮਲਾਵਰਾਂ ਦਾ ਮੂੰਹ ਭੰਨਿਆ। ਹਿੰਦੁਸਤਾਨ ਦੀ ਆਬਾਦੀ ਦਾ 2% ਹਿੱਸਾ ਹੁੰਦਿਆਂ ਹੋਇਆ ਸਿੱਖਾਂ ਨੇ ਭਾਰਤ ਦੀ ਅਜਾਦੀ 'ਚ 98% ਹਿੱਸਾ ਪਾਇਆ। ਆਓ ਵੇਖੀਏ ਮੂੰਹ ਬੋਲਦੇ ਅੰਕੜੇ:-

| | ਕੁਲ | ਸਿੱਖ |
|---|---|---|
| ਫਾਂਸੀ ਮਿਲੀ | 121 | 98 |
| ਉਮਰ ਕੈਦ | 2648 | 2147 |
| ਜਲ੍ਹਿਆਂ ਵਾਲੇ ਬਾਗ ਸ਼ਹੀਦ ਹੋਏ | 1300 | 799 |
| ਬਜ ਬਜ ਘਾਟ ਵਿੱਚ ਸ਼ਹੀਦ ਹੋਏ | 117 | 67 |
| ਕੂਕਾ ਲਹਿਰ | 91 | 91 |
| ਅਕਾਲੀ ਲਹਿਰ | 500 | 500 |
| | 4771 | 3697 |

ਪ੍ਰਸ਼ਨ 1: ਹਿੰਦੁਸਤਾਨ ਦੀ ਆਬਾਦੀ ਵਿੱਚ ਸਿੱਖ ਕਿੰਨੇ ਪ੍ਰਤੀਸ਼ਤ ਹਨ?

ਪ੍ਰਸ਼ਨ 2: ਭਾਰਤ ਦੀ ਆਜਾਦੀ ਵਿੱਚ ਕਿੰਨੇ ਪ੍ਰਤੀਸ਼ਤ ਸਿੱਖਾਂ ਨੇ ਹਿੱਸਾ ਪਾਇਆ?

ਪ੍ਰਸ਼ਨ 3: ਭਾਰਤ ਦੀ ਆਜਾਦੀ ਲਈ ਸ਼ਹੀਦ ਹੋਣ ਵਾਲਿਆਂ ਵਿੱਚ ਕਿੰਨੇ ਸਿੱਖ ਸਨ?

ਪ੍ਰਸ਼ਨ 4: ਜਲ੍ਹਿਆਂ ਵਾਲੇ ਬਾਗ ਵਿੱਚ ਸ਼ਹੀਦ ਹੋਣ ਵਾਲਿਆਂ ਵਿੱਚ ਕਿੰਨੇ ਸਿੱਖ ਸ਼ਾਮਿਲ ਸਨ?

ਪ੍ਰਸ਼ਨ 5: ਭਾਰਤ ਦੀ ਆਜਾਦੀ ਵਿੱਚ ਕਿੰਨੇ ਸਿੱਖਾਂ ਨੂੰ ਉਮਰ ਕੈਦ ਮਿਲੀ?

# ਗਿਆਨੀ ਦਿੱਤ ਸਿੰਘ ਜੀ

ਗਿਆਨੀ ਦਿੱਤ ਸਿੰਘ ਦਾ ਨਾਮ ਸਿੱਖ ਜਗਤ ਵਿੱਚ ਇਕ ਚੰਗੇ ਭਾਸ਼ਣਕਾਰ ਅਤੇ ਪੱਤਰਕਾਰ ਦੇ ਰੂਪ ਵਿੱਚ ਮਸ਼ਹੂਰ ਹੈ।

ਆਪ ਸਿੰਘ ਸਭਾ ਲਹਿਰ ਦੇ ਪ੍ਰਮੁੱਖ ਪ੍ਰਚਾਰਕ ਸਨ।

ਆਪ ਦਾ ਜਨਮ ਦੀਵਾਨ ਸਿੰਘ ਦੇ ਘਰ ਫਤਹਿਗੜ੍ਹ ਸਾਹਿਬ ਦੇ ਕੋਲ ਪਿੰਡ ਨੰਦਪੁਰ ਕਲੌੜ ਵਿਖੇ 1853 ਈ. ਵਿੱਚ ਹੋਇਆ ਇਹਨਾਂ ਦਾ ਬਚਪਨ ਦਾ ਨਾਮ ਦਿੱਤਾ ਰਾਮ ਸੀ। ਇਹਨਾਂ ਦੇ ਪਿਤਾ ਨੇ ਪਹਿਲਾਂ ਅੰਬਾਲਾ ਜਿਲੇ ਦੇ ਪਿੰਡ ਤਿਉੜ ਵਿੱਚ ਸੰਤ ਗੁਰਬਖਸ਼ ਸਿੰਘ ਗੁਲਾਬਦਾਸੀ ਪਾਸ ਭੇਜਿਆ। ਉਸ ਵੇਲੇ ਇਹਨਾਂ ਦੀ





ਉਮਰ ਕਰੀਬ ਨੌਂ ਸਾਲ ਦੀ ਸੀ। ਉਥੇ ਇਹਨਾਂ ਨੇ ਗੁਰਬਾਣੀ ਪੜ੍ਹਨੀ ਸਿੱਖੀ ਅਤੇ ਛੇ ਸਾਲ ਉਥੇ ਰਹੇ। ਇਸ ਦੌਰਾਨ ਇਹਨਾਂ ਨੇ ਪੰਜਾਬੀ, ਉਰਦੂ ਅਤੇ ਵਿਆਕਰਨ ਦਾ ਅਧਿਐਨ ਵੀ ਕੀਤਾ।

ਇਸ ਤੋਂ ਬਾਅਦ ਆਪ ਲਾਹੌਰ ਸੰਤ ਦੇਸਾ ਸਿੰਘ ਗੁਲਾਬ ਦਾਸੀਏ ਕੋਲ ਪਹੁੰਚ ਗਏ। ਇਥੇ ਆਪਨੇ ਇਤਿਹਾਸ ਅਤੇ ਕਾਵਿ ਸ਼ਾਸ਼ਤ੍ਰ ਦਾ ਡੂੰਘਾਂ ਅਧਿਐਨ ਕੀਤਾ ਅਤੇ ਥੋੜੀ ਉਮਰ ਵਿੱਚ ਹੀ ਬ੍ਰਿਜ ਭਾਸ਼ਾ ਵਿੱਚ ਕਵਿਤਾ ਲਿਖਣੀ ਸ਼ੁਰੂ ਕੀਤੀ।

ਆਪ ਦੀ ਬੁੱਧੀ ਬੜੀ ਤੇਜ਼ ਅਤੇ ਬੋਲ ਬਹੁਤ ਜੋਰ ਵਾਲੇ ਸਨ। ਗੁਲਾਬਦਾਸੀਆਂ ਦਾ ਸੰਪਰਕ ਆਰੀਆਂ ਸਮਾਜੀਆਂ ਨਾਲ ਵੀ ਸੀ ਅਤੇ ਇਸ ਕਰਕੇ ਆਪਨੇ ਕੁਝ ਦੇਰ ਆਰੀਆ ਸਮਾਜੀਆਂ ਵਾਸਤੇ ਵੀ ਪ੍ਰਚਾਰ ਕੀਤਾ।

ਫੇਰ ਲਾਹੌਰ ਵਿੱਚ ਆਪ ਦਾ ਮੇਲ ਪ੍ਰੋ. ਗੁਰਮੁੱਖ ਸਿੰਘ ਨਾਲ ਹੋਇਆ। ਜਿਸਦੇ ਸਿੱਟੇ ਵਜੋਂ ਆਪ ਉਪਰ ਸਿੱਖੀ ਦਾ ਪ੍ਰਭਾਵ ਪਿਆ ਅਤੇ ਲਾਹੌਰ ਸਿੰਘ ਸਭਾ ਵਿੱਚ ਸ਼ਾਮਲ ਹੋ ਗਏ। ਆਪਨੇ ਬਾਕੀ ਦੀ ਉਮਰ ਸਿੱਖੀ ਪ੍ਰਚਾਰ ਵਿੱਚ ਲਗਾ ਦਿੱਤੀ।

ਆਪ ਨੇ ਉਸ ਵੇਲੇ ਦੀਆਂ ਵਰਤਮਾਨ ਸਮਸਿਆਵਾਂ ਦਾ ਹੱਲ ਲਭਣ ਵਿੱਚ ਬਹੁਤ ਯੋਗਦਾਨ ਪਾਇਆ।

ਆਪਨੇ ਪ੍ਰੋ. ਗੁਰਮੁੱਖ ਸਿੰਘ ਨਾਲ ਮਿਲ ਕੇ 1886 ਈ. ਵਿੱਚ ਖਾਲਸਾ ਅਖਬਾਰ ਸ਼ੁਰੂ ਕੀਤਾ। ਆਪ ਦੀਆਂ ਬਹੁਤ ਸਾਰੀ ਰਚਨਾਵਾਂ ਇਸ ਅਖਬਾਰ ਵਿੱਚ ਛਪਣ ਲਗੀਆਂ।

ਆਪ ਬਹੁਤ ਹੀ ਪ੍ਰਭਾਵ ਸ਼ਾਲੀ ਬੁਲਾਰੇ ਸਨ ਅਤੇ ਲੋਕਾਂ ਨੂੰ ਲੈਕਚਰ ਦੇ ਕੇ ਆਪਣੇ ਮਗਰ ਲਾ ਲੈਂਦੇ ਸਨ। ਆਪ ਦੀਆਂ ਗੱਲਾਂ ਹਮੇਸ਼ਾ ਦਲੀਲ ਭਰੀਆਂ ਹੁੰਦੀਆਂ ਸਨ।

ਆਪ ਦੀ ਵਾਰਤਾ ਕਈ ਵਾਰ ਸਵਾਮੀ ਦਯਾ ਨੰਦ ਨਾਲ ਵੀ ਹੋਈ।

ਆਪ ਨੇ ਸ਼ਹੀਦ ਸਿੰਘਾਂ ਉਤੇ ਕਾਵਿ ਰੂਪ ਵਿੱਚ ਕਈ ਪੁਸਤਕਾਂ ਲਿਖੀਆਂ। ਆਪਨੇ ਕੁਝ ਗੁਰੂਆਂ ਦੀਆਂ ਜੀਵਨੀਆਂ ਬਾਰੇ ਵੀ ਰਚਨਾਵਾਂ ਲਿਖੀਆਂ।

ਇਹਨਾਂ ਨੇ ਧਾਰਮਿਕ ਵਾਦ ਵਿਵਾਦ ਤੋਂ ਪੈਦਾ ਹੋਈਆਂ ਸਮੱਸਿਆਵਾਂ ਦੇ ਸਮਾਧਾਨ ਲਈ ਕਈ ਪੁਸਤਕਾਂ ਲਿਖੀਆਂ। ਜਿਨਾਂ ਵਿੱਚੋਂ ਕੁਝ ਹੇਠਾਂ ਦਿਤੀਆਂ ਗਈ ਹਨ। ਦੰਭ ਬਿਦਾਰਨ, ਪੰਥ ਪ੍ਰਬੋਧ, ਮੇਰਾ ਤੇ ਸਾਧੂ ਦਯਾ ਨੰਦ ਦਾ ਸੰਬਾਦ, ਨਕਲੀ ਸਿੱਖ ਪ੍ਰਬੋਧ, ਪੰਥ ਸੁਧਾਰ, ਖਿਨੈ ਪੱਤਰ ਆਦਿ।

ਇਹਨਾਂ ਦੀ ਪ੍ਰਚਾਰ ਮੁਹਿਮ ਨੇ ਅੰਮ੍ਰਿਤਸਰ ਸਿੰਘ ਸਭਾ ਨੂੰ ਹਲੂਣ ਕੇ ਰੱਖ ਦਿੱਤਾ। ਆਪਨੇ ਇਹ ਪੁਸਤਕ ਸਵਪਨ ਨਾਟਕ ਲਿਖ ਕੇ ਉਹਨਾਂ ਦੇ ਮੋਢੀਆਂ ਦੀ ਚੰਗੀ ਖਿਲੀ ਉੜਾਈ।

1887 ਈ. ਵਿੱਚ ਇਹਨਾਂ ਦੇ ਵਿਰੁੱਧ ਕਈ ਸੰਸਥਾਵਾਂ ਨੇ ਮਿਲਕੇ ਹੁਕਮਨਾਮਾ

ਜਾਰੀ ਕਰਵਾਇਆ ਅਤੇ ਇਹਨਾਂ ਨੂੰ ਪੰਥ ਵਿੱਚ ਕੱਢਵਾ ਦਿੱਤਾ ਗਿਆ। ਆਪ ਵਾਸਤੇ ਬਾਵਾ ਉਦੈ ਸਿੰਘ ਬੇਦੀ ਨੇ ਮਾਨ ਹਾਨੀ ਲਈ ਮੁੱਕਦਮਾ ਕੀਤਾ ਅਤੇ ਇਹ ਮੁੱਕਦਮਾ ਕਰੀਬ ਇੱਕ ਸਾਲ ਚਲਿਆ ਅਤੇ ਆਪ ਉੱਤੇ ਲਾਏ ਸਾਰੇ ਇਲਜਾਮ ਝੂਠੇ ਸਾਬਤ ਹੋਏ। ਆਪ ਦੁਬਾਰਾ ਸਿੱਖੀ ਪ੍ਰਚਾਰ ਵਿੱਚ ਰੁਝ ਗਏ 1901 ਈ. ਵਿੱਚ ਜਿਗਰ ਦੀ ਬਿਮਾਰੀ ਕਾਰਨ ਆਪ ਚਲਾਣਾ ਕਰ ਗਏ।

ਪ੍ਰਸ਼ਨ 1: ਗਿਆਨੀ ਦਿੱਤ ਸਿੰਘ ਜੀ ਕਿਸ ਲਹਿਰ ਦੇ ਪ੍ਰਮੁੱਖ ਪ੍ਰਚਾਰਕ ਸਨ?
ਪ੍ਰਸ਼ਨ 2: ਗਿਆਨੀ ਦਿੱਤ ਸਿੰਘ ਦਾ ਜਨਮ ਕਦੋਂ ਹੋਇਆ?
ਪ੍ਰਸ਼ਨ 3: ਪ੍ਰੋ. ਗੁਰਮੁੱਖ ਸਿੰਘ ਨਾਲ ਮਿਲਕੇ ਆਪ ਜੀ ਨੇ ਕਿਹੜਾ ਅਖ਼ਬਾਰ ਸ਼ੁਰੂ ਕੀਤਾ?
ਪ੍ਰਸ਼ਨ 4: ਗਿਆਨੀ ਦਿੱਤ ਸਿੰਘ ਜੀ ਦੀਆਂ ਗੱਲਾਂ ਕਿਸ ਚੀਜ ਨਾਲ ਭਰੀਆਂ ਹੁੰਦੀਆਂ ਸਨ?

# ਸਿੱਖ ਸਿਧਾਂਤ ਤੇ ਪ੍ਰੰਪਰਾ

## ਮਨੁੱਖ ਅਤੇ ਜ਼ਾਤ-ਪਾਤ

ਜ਼ਾਤ- ਪਾਤ ਕੇਵਲ ਹਿੰਦੁਸਤਾਨ ਵਿਚ ਹੀ ਨਹੀਂ ਸਗੋਂ ਦੁਨੀਆਂ ਦੇ ਹੋਰ ਵੀ ਕਈ ਦੇਸ਼ਾਂ ਅਤੇ ਧਰਮਾਂ ਵਿਚ ਪਾਈ ਜਾਂਦੀ ਹੈ। ਪਰ ਜਿਤਨੀ ਖਤਰਨਾਕ ਅਤੇ ਜ਼ਹਿਰੀਲੀ ਹਵਾ ਇਸਨੇ ਹਿੰਦੁਸਤਾਨ ਦੀ ਕੀਤੀ ਹੈ ਉਤਨੀ ਕਿਸੇ ਵੀ ਹੋਰ ਦੇਸ਼ ਦੀ ਨਹੀਂ ਕੀਤੀ।

ਹਿੰਦੂ ਧਰਮ ਅਤੇ ਹਿੰਦੁਸਤਾਨ ਸਾਰੇ ਦਾ ਸਾਰਾ ਇਸ ਦੀ ਖਤਰਨਾਕ ਲਪੇਟ ਵਿੱਚ ਆਇਆ ਹੋਇਆ ਸਦੀਆਂ ਤੋਂ ਔਖੇ ਸਾਹ ਭਰ ਰਿਹਾ ਹੈ। ਪਰਮਾਤਮਾ ਨੇ ਸਭ ਨੂੰ ਇਕੋ ਜਿਹਾ ਸਰੀਰ, ਰੰਗ- ਰੂਪ ਅਤੇ ਬਣਤਰ ਦੇ ਕੇ ਸ਼ਿੰਗਾਰਿਆ ਹੈ। ਧਰਤੀ ਤੇ ਸਭ ਲਈ ਇਕੋ ਜਿਹਾ ਖੁੱਲਾ ਡੁੱਲਾ ਪ੍ਰਬੰਧ ਜੀਵਨ ਗੁਜ਼ਾਰਨ ਲਈ ਕਰ ਦਿੱਤਾ। ਯਾਦ ਰਹੇ ਜੀਵਨ ਲਈ ਜੋ ਵੀ ਵਸਤੂ ਕੀਮਤੀ ਅਤੇ ਅਨਮੋਲ ਹੈ ਉਹ ਸਾਨੂੰ ਕੁਦਰਤ ਵਲੋਂ ਬਿਲਕੁਲ ਮੁਫਤ ਵੰਡੀ ਜਾ ਰਹੀ ਹੈ। ਹਵਾ ਸਭ ਤੋਂ ਕੀਮਤੀ ਹੈ। ਸਭ ਲਈ ਇਕੋ ਜਿਹੀ ਚਲ ਰਹੀ ਹੈ। ਸੂਰਜ ਦੀ ਗਰਮੀ ਅਨਮੋਲ ਹੈ, ਸਭ ਨੂੰ ਇਕੋ ਜਿਹੀ ਮਿਲ ਰਹੀ ਹੈ। ਪਾਣੀ ਜੀਵਨ ਹੈ ਸਭ ਲਈ ਮੁਫਤ ਹੈ। ਸੋਚੀਏ ਜੇਕਰ ਸਾਨੂੰ ਮੰਨੂ ਜੀ (ਹਿੰਦੂ ਮੱਤ ਦੇ ਇੱਕ ਮੋਢੀ ਸਿਧਾਂਤ ਨਿਰਮਾਤਾ) ਦੀ ਜ਼ਾਤ -ਪਾਤ ਦੀ ਵੰਡ ਦੇ ਹਿਸਾਬ ਨਾਲ ਪਾਣੀ ਮਿਲਦਾ ਹੁੰਦਾ ਤਾਂ ਜੀਵਨ ਦਾ ਕੀ ਹਾਲ ਹੁੰਦਾ। ਮੰਨੂ ਜੀ ਨੇ ਮਨੁੱਖ ਨੂੰ ਚਾਰ ਵਰਣਾਂ "ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਵਿੱਚ ਵੰਡਿਆ ਹੋਇਆ ਹੈ। ਨਹੀਂ! ਕੁਦਰਤ ਮੰਨੂ ਦੀ ਤਰ੍ਹਾਂ ਕੋਈ ਸਵਾਰਥੀ ਬ੍ਰਾਹਮਣ ਨਹੀਂ ਜੋ ਦੂਜਿਆਂ ਦੇ ਜਨਮ ਸਿੱਧ ਅਧਿਕਾਰਾਂ ਨੂੰ ਖੋਹ ਕੇ ਕੁਝ ਇਕ ਖਾਸ ਲੋਕਾਂ ਦੇ ਹੱਥਾਂ ਵਿੱਚ ਦੇ ਦੇਵੇ। ਮੰਨੂ ਸਿਮਿਰਤੀ ਅਤੇ ਵੇਦਾਂ ਅਨੁਸਾਰ ਤਾਂ ਕੋਈ ਸ਼ੂਦਰ ਨਾ ਤਾਂ ਵਿਦਿਆ ਪ੍ਰਾਪਤ ਕਰ ਸਕਦਾ ਹੈ ਅਤੇ ਨਾ ਹੀ ਸਵੈ ਰਖਿਆ ਲਈ ਤਲਵਾਰ ਚੁੱਕ ਸਕਦਾ ਹੈ ਅਤੇ ਨਾ ਹੀ ਵਪਾਰ ਕਰਕੇ ਖਾ ਸਕਦਾ ਹੈ।





ਉਸ ਦੇ ਭਾਗਾਂ ਵਿੱਚ ਸਿਰਫ ਜਜ਼ਮਾਨ ਪਰਿਵਾਰਾਂ ਵਲੋਂ ਵਖਰੇ ਭਾਂਡਿਆਂ ਵਿੱਚ ਪਰੋਸੀ ਜੂਠ-ਮੂਠ ਜਾਂ ਉਨ੍ਹਾਂ ਦੇ ਉਤਾਰੇ ਬਸਤਰ ਹੀ ਆਉਂਦੇ ਸਨ ਅਤੇ ਉੱਤੋਂ ਜ਼ੁਲਮ ਇਹ ਕਿ ਇਸ ਰਹਿੰਦ ਖੂੰਹਦ ਨੂੰ ਪਾ ਕੇ ਵੀ ਉਹ ਜਜ਼ਮਾਨਾਂ ਨੂੰ ਅਸੀਸਾਂ ਦਿੰਦਾ ਜਾਵੇ। ਸ਼ੂਦਰਾਂ ਦੇ ਖੂਹ ਵੱਖਰੇ ਹੁੰਦੇ ਸਨ। ਇਨ੍ਹਾਂ ਦੇ ਬਣੇ ਤਲਾਬਾਂ ਅਤੇ ਖੂਹਾਂ ਤੇ ਇਸ਼ਨਾਨ ਨਹੀਂ ਕਰ ਸਕਦੇ ਸਨ। ਅਗਰ ਕੋਈ ਸ਼ੂਦਰ ਗਲਤੀ ਨਾਲ ਵਿਦਿਆ ਪ੍ਰਾਪਤ ਕਰ ਜਾਵੇ ਤਾਂ ਉਸ ਦੇ ਕੰਨਾਂ ਵਿੱਚ ਸਿੱਕਾ ਪਿਘਲਾ ਕੇ ਪਾ ਦਿੱਤਾ ਜਾਂਦਾ। ਧਰਮ ਮੰਦਰਾਂ ਦੇ ਨੇੜਿਉਂ ਲੰਘਣ ਵੀ ਨਹੀਂ ਦਿੱਤਾ ਜਾਂਦਾ ਸੀ।

ਐਸੀ ਵਿਗੜੀ ਦਸ਼ਾ ਵਾਲੇ ਸਮਾਜ ਦੀ ਹਾਲਤ ਸੁਧਾਰਣ ਲਈ ਭਾਵੇਂ ਕਈ ਭਗਤਾਂ ਅਤੇ ਫਕੀਰਾਂ ਨੇ ਆਪਣੇ ਆਪਣੇ ਤੌਰ 'ਤੇ ਕੋਸ਼ਿਸ਼ ਵੀ ਕੀਤੀ ਪਰ ਸਾਰੇ ਉੱਦਮ ਸਿਰਫ ਉਪਦੇਸ਼ਾਂ ਤੱਕ ਅਤੇ ਇੱਕਲੇ-ਇੱਕਲੇ ਵਿਅਕਤੀਆਂ ਵਲੋਂ ਹੋਣ ਕਾਰਣ ਨੇਪਰੇ ਨਹੀਂ ਚੜ ਸਕੇ। ਜਿਵੇਂ ਭਗਤ ਕਬੀਰ ਆਪਣੀ ਆਵਾਜ਼ ਨਾਲ

**"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥" (ਪੰਨਾ ੧੩੪੯)**

ਦਾ ਢੰਡੋਰਾ ਦੇ ਕੇ ਸੁੱਤੇ ਸਮਾਜ ਨੂੰ ਹਲੂਣਾ ਦੇਣ ਦਾ ਯਤਨ ਕਰਦੇ ਹਨ, ਪਰ ਸ਼ੂਦਰ ਸ਼੍ਰੇਣੀ ਵਿਚੋਂ ਹੋਣ ਕਾਰਣ ਇਹ ਆਵਾਜ਼ ਦੂਰ ਤੱਕ ਨਹੀਂ ਜਾਂਦੀ।

ਜਥੇਬੰਦਕ ਤੌਰ ਤੇ ਇਸ ਉੱਦਮ ਦਾ ਸਭ ਤੋਂ ਨਿਵੇਕਲਾ ਰੂਪ ਗੁਰੂ ਨਾਨਕ ਪਾਤਿਸ਼ਾਹ ਵਲੋਂ ਦਰਸਾਏ ਮਾਰਗ ਤੋਂ ਮਿਲਦਾ ਹੈ। ਇਸ ਮਾਰਗ ਦੀ ਤਾਂ ਸ਼ੁਰੂਆਤ ਹੀ "ਸਭੇ ਸਾਂਝੀਵਾਲ ਸਦਾਇਨਿ" ਤੋਂ ਹੁੰਦੀ ਹੈ।

ਹਿੰਦੂਆਂ ਦੀ ਹੀ ਇਕ ਉੱਚੀ ਸ਼੍ਰੇਣੀ ਵਿਚੋਂ ਉੱਠ ਕੇ ਜਦੋਂ ਗੁਰੂ ਨਾਨਕ ਉੱਚੀ ਜ਼ਾਤ ਦੇ ਝੂਠੇ ਮਾਣ ਨੂੰ ਵੰਗਾਰਦੇ ਹੋਏ ਇਸ ਨੂੰ ਫੱਕੜ ਦਸਦੇ ਹਨ ਤਾਂ ਸਮਾਜ ਝਟਕੇ ਨਾਲ ਜਾਗਦਾ ਹੈ।

**ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥**
**ਆਪਹੁ ਜੇ ਕੋ ਭਲਾ ਕਹਾਏ॥ ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ॥**

ਭਾਵ ਕਿ ਉੱਚੀ ਜਾਤ ਦੇ ਵਡਪੱਣ ਦਾ ਹੰਕਾਰ ਬਿਲਕੁਲ ਵਿਅਰਥ ਹੈ। ਪਰਮਾਤਮਾ ਨੇ ਸਭ ਨੂੰ ਇਕੋ ਆਕਾਰ ਅਤੇ ਇਕੋ ਜਿਹੀ ਆਤਮਾ ਬਖਸ਼ੀ ਹੈ। ਉੱਚੀ ਜਾਤ, ਕੁਲ ਜਾਂ ਵਧੀਆ ਨਾਂ ਭਾਵ ਦੁਨਿਆਵੀ ਮਾਣ ਇੱਜ਼ਤ ਦੇ ਆਸਰੇ ਜੇ ਕੋਈ ਖੁੱਦ ਨੂੰ ਚੰਗਾ ਅਖਵਾਉਣਾ ਚਾਹੇ ਤਾਂ ਉਹ ਸੱਚਮੁੱਚ ਚੰਗਾ ਨਹੀਂ ਬਣ ਜਾਂਦਾ। ਕੋਈ ਵੀ ਮਨੁੱਖ ਉਦੋਂ ਹੀ ਚੰਗਾ ਸਮਝਿਆ ਜਾਣਾ ਚਾਹੀਦਾ ਹੈ ਜਦੋਂ ਉਹ ਸਵੈ-ਪੜਚੋਲ ਰਾਹੀਂ ਆਪਣੇ ਅੰਦਰ ਛੁਪੇ ਔਗੁਣਾਂ ਨੂੰ ਕੱਢ ਕੇ ਆਪਣੇ ਆਤਮਕ ਜੀਵਨ ਨੂੰ ਉੱਚਾ ਕਰ ਲੈਂਦਾ ਹੈ ਅਤੇ ਸਭ ਵਿੱਚ ਉਸ ਨੂੰ ਪਰਮਾਤਮਾ ਦੀ ਇਕੋ ਜਿਹੀ ਜੋਤ ਨਜ਼ਰ

ਆਉਣ ਲੱਗ ਪੈਂਦੀ ਹੈ। ਉਹ ਖੁਦ ਪਰਮਾਤਮਾ ਰੂਪ ਹੋ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਦੁਨੀਆਂ ਵਿਚ ਜੀਵ ਵਪਾਰੀ ਪਰਮਾਤਮਾ ਦੇ ਨਾਮ ਦਾ ਵਪਾਰ ਕਰਨ ਆਉਂਦਾ ਹੈ। ਉੱਚਾ ਆਤਮਕ ਜੀਵਨ ਅਸਲ ਵਿਚ ਇਸ ਦੇ ਇਸੇ ਵਪਾਰ ਦਾ ਲੇਖਾ ਹੁੰਦਾ ਹੈ ਨਾ ਕਿ ਜ਼ਾਤ ਦਾ ਨਾਮ ਜਾਂ ਦੁਨਿਆਵੀ ਵਡਿਆਈ ਜਾਂ ਦੁਨੀਆਂ ਵਿਚ ਕਮਾਏ ਪੈਸੇ ਸੰਬੰਧੀ ਆਪ ਫੁਰਮਾਉਂਦੇ ਹਨ:

**ਜਾਤੀ ਦੈ ਕਿਆ ਹਥਿ ਸਚੁ ਪਰਖੀਐ॥**
**ਮਹੁਰਾ ਹੋਵੈ ਹਥਿ ਮਰੀਐ ਚਖੀਐ॥** (ਪੰ. ੧੪੨)

ਗੁਰੂ ਨਾਨਕ ਸਾਹਿਬ ਕੁਦਰਤੀ ਤਰੀਕੇ ਨਾਲ ਮਹੁਰੇ ਦੀ ਮਿਸਾਲ ਦੇ ਕੇ ਸਮਝਾਉਂਦੇ ਹੋਏ ਫੁਰਮਾਉਂਦੇ ਹਨ ਕਿ ਜੇ ਕਿਸੇ ਪਾਸ ਮਹੁਰਾ ਭਾਵ ਜ਼ਹਿਰ ਹੋਵੇ ਤੇ ਉਹ ਖਾ ਲਵੇ ਤਾਂ ਮਰੇਗਾ ਹੀ। ਕੁਦਰਤ ਦਾ ਇਹ ਨਿਯਮ ਸਦਾ ਅੱਟਲ ਹੈ। ਕਦੀ ਵੀ ਨਾ ਬਦਲਿਆ ਹੈ ਤੇ ਨਾ ਹੀ ਬਦਲੇਗਾ। ਜ਼ਹਿਰ ਉੱਚੀ ਜਾਤ ਵਿਚ ਜੰਮਣ ਵਾਲੇ ਦਾ ਲਿਹਾਜ਼ ਨਹੀਂ ਕਰਦਾ। ਦੂਜੇ ਪਾਸੇ ਜੇ ਕੋਈ ਉੱਚੀ ਜ਼ਾਤ ਵਿਚੋਂ ਜੰਮਣ ਦਾ ਹੰਕਾਰ ਕਰਦਾ ਹੈ ਤਾਂ ਇਹ ਹੰਕਾਰ ਵੀ ਜ਼ਹਿਰ ਸਮਾਨ ਹੀ ਹੈ ਅਤੇ ਉਸਦੇ ਆਤਮਕ ਗੁਣਾਂ ਨੂੰ ਹੌਲੀ ਹੌਲੀ ਮਾਰਦਾ ਉਸ ਨੂੰ ਆਤਮਕ ਮੌਤ ਵਲ ਹੀ ਧਕੇਲਦਾ ਹੈ। ਮਿਲਦਾ ਇਸ ਹੰਕਾਰ ਕਾਰਣ ਕੁਝ ਵੀ ਨਹੀਂ। ਪਰਮਾਤਮਾ ਦੇ ਦਰ ਤੇ ਭਾਣੇ ਅੰਦਰ ਚਲਣ ਵਾਲਾ ਹੀ ਉੱਚਾ ਹੈ। ਉਸੇ ਦੀ ਹੀ ਇਜ਼ਤ ਹੈ। ਗੁਰੂ ਸਾਹਿਬ ਇਸ ਸ਼ਬਦ ਰਾਹੀਂ ਕੁਲ ਮਨੁੱਖਤਾ ਨੂੰ "ਹੁਕਮੁ ਰਜਾਈ ਚਲਣਾ" ਦਾ ਢੰਢੋਰਾ ਦਿੰਦੇ ਹੋਏ ਜੀਵਨ ਸੁਆਰ ਕੇ ਅਸਲ ਇੱਜ਼ਤ ਖਟਣ ਲਈ ਪ੍ਰੇਰਦੇ ਹਨ। ਜਿਸ ਨੂੰ ਸੁਣ ਕੇ ਕਈ ਜਾਗੇ ਹੋਏ ਅਤੇ ਜ਼ਾਤੀ ਹੰਕਾਰ ਛੱਡ ਕੇ ਗੁਰੂ ਜੀ ਦੇ ਰਾਹ 'ਤੇ ਤੁਰ ਪਏ। ਗੁਰੂ ਨਾਨਕ ਸਾਹਿਬ ਅਮਲੀ ਜੀਵਨ ਵਿੱਚ ਵੀ ਮਰਦਾਨੇ ਵਰਗੇ ਦੁਨਿਆਵੀ ਤੌਰ ਤੇ ਨੀਚ ਜ਼ਾਤੀ ਵਾਲੇ ਮੁਸਲਮਾਨ ਮਰਾਸੀ ਨੂੰ ਸਾਰੀ ਉਮਰ ਬਰਾਬਰ ਬਿਠਾ ਕੇ ਭਾਈ ਦਾ ਦਰਜਾ ਦਿੰਦੇ ਹੋਏ ਸਤਿਕਾਰ ਦਿੰਦੇ ਹਨ ਤੇ ਗੁਣਾਂ ਦੀ ਸਾਂਝ ਨਾਲ ਉਚ ਨੀਚ ਪਰਖਣ ਦਾ ਬਿਬੇਕ ਬਖਸ਼ਦੇ ਹਨ।

ਇਸ ਅਮਲ ਦਾ ਜਥੇਬੰਧਕ ਰੂਪ ਭਾਵੇ ਸ਼ੁਰੂ ਤਾਂ ਗੁਰੂ ਨਾਨਕ ਸਾਹਿਬ ਤੋਂ ਹੀ ਕਰਤਾਰ ਪੁਰ ਵਿਖੇ ਹੀ ਹੋ ਚੁੱਕਾ ਸੀ। ਫਿਰ ਗੁਰੂ ਅੰਗਦ ਸਾਹਿਬ ਵੇਲੇ ਮਾਤਾ ਖੀਵੀ ਵਰਗੀ ਨੇਕ ਮਾਂ ਨੇ ਸਾਰਿਆਂ ਨੂੰ ਇਕੋ ਜਿਹਾ ਸੁਆਦਲਾ ਤੇ ਬਰਾਬਰੀ ਦਾ ਖਾਣਾ ਖੁਆਉਣ ਦੀ ਪਿਰਤ ਜ਼ਾਰੀ ਰੱਖੀ, ਪਰ ਇਸ ਅਮਲ ਦਾ ਨਿਵੇਕਲਾ ਰੂਪ ਗੁਰੂ ਅਮਰਦਾਸ ਜੀ ਵਕਤ "ਪਹਿਲੇ ਪੰਗਤ ਪਾਛੈ ਸੰਗਤ" ਰਾਹੀਂ ਉਘੜ ਕੇ ਲੋਕਾਈ ਸਾਹਮਣੇ ਆ ਗਿਆ। ਜਦੋਂ ਆਪ ਜੀ ਬਾਦਸ਼ਾਹ ਅਕਬਰ ਨੂੰ ਵੀ ਸਾਂਝੇ ਲੰਗਰ ਵਿੱਚੋਂ ਲੰਗਰ ਛਕੇ ਬਿਨ੍ਹਾਂ ਮਿਲਣ ਤੋਂ ਨਾਂਹ ਕਰ ਦਿੰਦੇ ਹਨ ਤੇ ਕੁਲ ਮਨੁੱਖਤਾ ਨੂੰ ਇਕੋ ਨਜ਼ਰ ਨਾਲ ਦੇਖਣ ਦੀ ਪਿਰਤ ਪਾਉਂਦੇ ਹੋਏ ਫੁਰਮਾਉਂਦੇ ਹਨ ਤੇ ਤਾੜਨਾ ਕਰਦੇ ਹਨ ਕਿ

**ਜਾਤਿ ਕਾ ਗਰਬੁ ਨ ਕਰੀਅਹੁ ਕੋਈ॥**
**ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥** (ਪੰਨਾ ੧੧੨੭)

ਭਾਵ ਕੋਈ ਵੀ ਗਲਤੀ ਨਾਲ ਉੱਚੀ ਜਾਤ ਦਾ ਹੰਕਾਰ ਨਾ ਕਰੇ। ਉੱਚੀ ਜਾਤ





ਵਾਲਾ ਉਹੀ ਹੈ ਜੋ ਸਵੈ ਪੜਚੋਲ ਰਾਹੀਂ ਆਪਣੇ ਅੰਦਰ ਵਸੇ ਪਰਮਾਤਮਾ ਨੂੰ ਪਹਿਚਾਣ ਕੇ ਬਾਕੀ ਸਭ ਨੂੰ ਪਰਮਾਤਮਾ ਵਾਂਗ ਹੀ ਸਦਾ ਕੁਝ ਦੇਣ ਦੀ ਭਾਵਨਾ ਨਾਲ ਦੇਖੇ। ਜਿਵੇਂ ਘੁਮਿਆਰ ਇਕੋ ਮਿੱਟੀ ਤੋਂ ਕਈ ਤਰ੍ਹਾਂ ਦੇ ਭਾਂਡੇ ਘੜ ਲੈਂਦਾ ਹੈ ਉਸੇ ਤਰ੍ਹਾਂ ਪਰਮਾਤਮਾ ਵਰਗੇ ਇਕੋ ਹੀ ਅਸਲੇ ਤੋਂ ਅਸੀਂ ਸਭ ਪੈਦਾ ਹੋਏ ਹਾਂ। ਜੋ ਮਨੁੱਖ ਇਸ ਤੱਤ ਦੀ ਗਲ ਨੂੰ ਸਮਝ ਲੈਂਦਾ ਹੈ। ਉਹੀ ਅਸਲ ਵਿਚ ਉੱਚੀ ਜ਼ਾਤ ਦਾ ਹੈ।

ਮਾਂ ਦੇ ਪੇਟ ਵਿੱਚ ਕਿਸੇ ਨੂੰ ਇਹ ਸਮਝ ਨਹੀਂ ਹੁੰਦੀ ਕਿ ਉਹ ਕਿਸ ਜ਼ਾਤ ਦਾ ਹੈ। ਪਰ ਪਰਮਾਤਮਾ ਸਭ ਨੂੰ ਇਕੋ ਜਿਹੀ ਰਖਵਾਲੀ, ਇਕੋ ਜਿਹੀ ਖੁਰਾਕ, ਇਕੋ ਜਿਹਾ ਖੂਨ ਅਤੇ ਇਕੋ ਜਿਹਾ ਜਨਮ ਅਤੇ ਜੀਵਨ ਬਖਸ਼ਦਾ ਹੈ।

ਗੁਰੂ ਸਾਹਿਬਾਨ ਵਲੋਂ ਸਮੁੱਚੀ ਮਨੁੱਖਤਾ ਲਈ ਚਲਾਏ ਗਏ ਇਸ ਅੰਦੋਲਨ ਦਾ ਸਿਖਰ ਦਸਮ ਪਾਤਿਸ਼ਾਹ ਨੇ ਖਾਲਸਾ ਸਿਰਜਣਾ ਵਕਤ ਦਰਸਾਇਆ। ਜਦੋਂ ਪੰਜ ਪਿਆਰਿਆਂ ਵਿਚੋਂ ਚਾਰ ਦੁਨਿਆਵੀਂ ਤੌਰ ਤੇ ਨੀਚ ਜ਼ਾਤਾਂ ਵਿਚੋਂ ਸਨ ਪਰ ਉਹ ਅਪਣੀ ਕਰਨੀ ਅਤੇ ਉੱਚੇ ਆਤਮਕ ਜੀਵਨ ਕਾਰਣ ਸਿੱਖ ਪੰਥ ਦੀਆਂ ਸਭ ਤੋਂ ਉੱਚੀਆਂ ਸਖਸ਼ੀਅਤਾਂ ਬਣੇ। ਇਹ ਉਹ ਗੁਰੂ ਪਿਆਰੇ ਸਨ ਜਿਨ੍ਹਾਂ ਤੋਂ ਦਸਮ ਪਿਤਾ ਨੇ ਆਪ ਵੀ ਅੰਮ੍ਰਿਤ ਦੀ ਦਾਤ ਮੰਗ ਕੇ ਲਈ। ਕੁਲ ਮਨੁੱਖਤਾ ਦੇ ਇਤਿਹਾਸ ਵਿਚ ਐਸਾ ਬਰਾਬਰੀ ਦਾ ਅੰਦੋਲਨ ਚਲਿਆ ਵੀ ਪਹਿਲੀ ਵਾਰ ਅਤੇ ਐਸਾ ਪਿਆਰ ਇਸ ਨੂੰ ਅਮਲੀ ਜਾਮਾ ਵੀ ਪਹਿਲੀ ਵਾਰ ਹੀ ਪਹਿਨਾਇਆ ਗਿਆ। ਗੁਰੂ ਸਾਹਿਬਾਨ ਨੇ ਜਿਥੇ ਨੀਵਿਆਂ ਨੂੰ ਉੱਚੇ ਚੁਕਿਆ ਉਥੇ ਝੂਠਾ ਜ਼ਾਤ ਹੰਕਾਰ ਛੱਡ ਕੇ ਬਰਾਬਰ ਆ ਬੈਠਣ ਵਾਲਿਆਂ ਨੂੰ ਵੀ ਬਰਾਬਰ ਦਾ ਹੀ ਸਤਿਕਾਰ ਦਿੱਤਾ। ਅਸਲੀਅਤ ਵਿਚ ਗੁਰੂ ਸਾਹਿਬਾਨ ਵਲੋਂ ਦਰਸਾਇਆ ਰਾਹ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰੇ ਦਾ ਕੰਮ ਕਰ ਸਕਦਾ ਹੈ, ਜੇ ਮਨੁੱਖ ਆਪਣੀਆਂ ਅੱਖਾਂ ਤੋਂ ਝੂਠੀ ਕੱਟੜਤਾ ਦੀ ਪੱਟੀ ਲਾਹ ਦੇਵੇ। ਜਿਸ ਦਿਨ ਐਸਾ ਸੰਭਵ ਹੋ ਸਕਿਆ ਉਸ ਦਿਨ ਫਿਰ

**"ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ"**

ਦਾ ਨਿਸ਼ਾਨਾ ਪੂਰਾ ਹੁੰਦਿਆ ਦੇਰ ਨਹੀਂ ਲਗੇਗੀ। ਲੋੜ ਸਿਰਫ ਬਿਬੇਕ ਬੁੱਧ ਨਾਲ ਸੱਚ ਪਰਖਣ ਦੀ ਹੈ।

ਸਿੱਖਾਂ ਦੀ ਅੱਜ ਦੀ ਤਰਸਯੋਗ ਹਾਲਤ ਜਿਨ੍ਹਾਂ ਨੂੰ ਗੁਰੂ ਸਾਹਿਬਾਨ ਨੇ 239 ਸਾਲਾਂ ਦਾ ਸਮਾਂ ਲਗਾ ਕੇ ਸਵਾਰਿਆ ਤੇ ਸ਼ਿੰਗਾਰਿਆ ਅਤੇ ਜ਼ਾਤ-ਪਾਤ ਦੀ ਲਾਹਨਤ ਤੋਂ ਛੁਟਕਾਰਾ ਦਿਵਾਇਆ ਸੀ, ਅੱਜ ਫਿਰ ਇਸੇ ਚੱਕਰ ਵਿਚ ਫਸ ਰਹੀ ਹੈ। ਅੱਜ ਤੋਂ ਸੌ ਕੁ ਸਾਲ ਪਹਿਲਾਂ, ਜਦ ਸਿੰਘ ਸਭਾ ਲਹਿਰ ਆਰੰਭ ਹੋਈ ਸੀ, ਉਸ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ ਜੀ ਦੀ ਇਹ ਸਿੱਖਿਆ ਅੱਜ ਵੀ ਸਾਨੂੰ ਜਗਾਉਣ ਦਾ ਤਰਲਾ ਲੈ ਰਹੀ ਹੈ। ਆਓ! ਅਸੀ ਜਾਗੀਏ ਅਤੇ ਜ਼ਾਤ-ਪਾਤ ਰਹਿਤ ਸਮਾਜ ਸਿਰਜੀਏ। ਉਹਨਾਂ ਦੇ ਬਚਨ ਇਸ ਪ੍ਰਕਾਰ ਹਨ:

ਪ੍ਰਸ਼ਨ 1: ਮੱਨੂ ਨੇ ਮਨੁੱਖ ਨੂੰ ਕਿਹੜੇ ਚਾਰ ਵਰਣਾਂ ਵਿੱਚ ਵੰਡਿਆ ਹੋਇਆ ਹੈ?

ਪ੍ਰਸ਼ਨ 2: ਗੁਰੂ ਨਾਨਕ ਸਾਹਿਬ ਜੀ ਕਿਹੜੀ ਉਦਾਹਰਣਾਂ ਦੇ ਕੇ ਜਾਤ ਪਾਤ ਦਾ ਖੰਡਣ ਕੀਤਾ ?

ਪ੍ਰਸ਼ਨ 3: ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਤਰਾਂ ਜਾਤ ਪਾਤ ਦਾ ਖੰਡਨ ਕੀਤਾ?

## ਕੇਸਾਂ ਦੀ ਮਹੱਤਤਾ

ਕੇਸ ਸਾਡੇ ਸਰੀਰ ਦਾ ਇੱਕ ਮਹੱਤਵਪੂਰਨ ਅੰਗ ਹਨ। ਇਹ ਸਾਡੇ ਸਰੀਰ ਦੇ ਵਿਸ਼ੇਸ਼ ਭਾਗਾਂ ਨੂੰ ਗਰਮੀ ਤੇ ਸਰਦੀ ਤੋਂ ਬਚਾਉਂਦੇ ਹਨ। ਵਾਲਾਂ ਤੇ ਉਨ੍ਹਾਂ ਵਿੱਚ ਮੌਜੂਦ ਹਵਾ ਦੀ ਨਿਰੋਧਕ ਪਰਤ, ਸਰੀਰ ਦੇ ਤਾਪਮਾਨ ਨੂੰ ਅਚਾਨਕ ਘਟਣ ਜਾਂ ਵਧਣ ਤੋਂ ਬਚਾਉਂਦੀ ਹੈ। ਕੇਸ ਸਰੀਰ ਦੇ ਅੰਦਰੂਨੀ ਤਾਪਮਾਨ ਦੀ ਸੰਤੁਲਿਤ ਤੇ ਨਿਸ਼ਚਿਤ ਮਾਤਰਾ ਨੂੰ ਕਾਇਮ ਰੱਖਣ ਵਿੱਚ ਮੱਦਦ ਕਰਦੇ ਹਨ। ਸਾਡੇ ਸਰੀਰ ਦੇ ਵਿਭਿੰਨ ਭਾਗਾਂ ਉੱਤੇ ਉੱਗੇ ਹੋਏ ਵਾਲ ਸੂਰਜ ਤੋਂ ਆ ਰਹੀਆਂ ਕਿਰਨਾਂ ਨੂੰ ਸਿੱਧਿਆ ਚਮੜੀ ਤੱਕ ਪਹੁੰਚਣ ਤੋਂ ਰੋਕਦੇ ਹਨ। ਜਿਨ੍ਹਾਂ ਤੋਂ ਚਮੜੀ ਦਾ ਕੈਂਸਰ ਹੋਣ ਦਾ ਪ੍ਰਮਾਣ ਹੈ। ਅੱਖਾਂ ਦੇ ਭਰਵੱਟੇ, ਨੱਕ ਤੇ ਕੰਨ ਵਿੱਚ ਮੌਜੂਦ ਵਾਲ ਚੌਗਿਰਦੇ ਦੀ ਹਵਾ ਵਿੱਚ ਮੌਜੂਦ ਮਿੱਟੀ, ਧੂੜ ਤੇ ਰਾਖ ਨੂੰ ਸਾਡੇ ਸਰੀਰ ਦੇ ਨਾਜ਼ੁਕ ਤੇ ਮਹੱਤਵਪੂਰਨ ਅੰਗਾਂ (ਅੱਖਾਂ, ਕੰਨ ਦਾ ਪਰਦਾ) ਤੱਕ ਪਹੁੰਚਣ ਨਹੀਂ ਦਿੰਦੇ। ਨਿਊਕਲੀ ਜਾਂ ਰੇਡੀਓ ਐਕਟਿਵ ਵਿਕਿਰਨ ਤੋਂ ਮਨੁੱਖੀ ਸਰੀਰ ਦੀ ਸੁਰੱਖਿਆ ਲਈ, ਸਰੀਰਕ ਅੰਗਾਂ ਉੱਤੇ ਉੱਗੇ ਵਾਲ, ਇੱਕ ਸੁਰਖਿਅਕ ਢਾਲ ਵਜੋਂ ਕੰਮ ਕਰਦੇ ਹਨ। ਇਸ ਤੱਥ ਦੀ ਪੁਸ਼ਟੀ ਮਾਹਿਰਾਂ ਦੁਆਰਾ ਕੀਤਾ ਜਾ ਚੁੱਕੀ ਹੈ।

ਅੱਖਾਂ ਦੇ ਭਰਵੱਟੇ, ਪਾਣੀ ਜਾਂ ਪਸੀਨੇ ਨੂੰ ਅੱਖਾਂ ਵਿੱਚ ਪੈਣ ਤੋਂ ਬਚਾਉਂਦੇ ਹਨ। ਸਾਡੀਆਂ ਕੱਛਾਂ ਤੇ ਭਾਗਾਂ ਵਿਖੇ ਮੌਜੂਦ ਵਾਲ, ਸਾਡੇ ਆਵਾਜਾਈ ਕਾਰਜਾਂ ਦੌਰਾਨ ਸਾਡੇ ਅੰਗਾਂ ਤੇ ਸਾਡੇ ਪੜ ਵਿੱਚ ਮੌਜੂਦ ਆਪਸੀ ਰਗੜ ਨੂੰ ਘਟਾਉਂਦੇ ਹਨ। ਸਾਡੇ ਸਰੀਰ ਉੱਤੇ ਮੌਜੂਦ ਕੇਸ, ਪਸੀਨੇ ਦੇ ਵਾਸ਼ਪੀ ਕਰਨ ਲਈ ਵਧੇਰੇ ਸਤਹੀ ਖੇਤਰ ਪ੍ਰਦਾਨ ਕਰਨ ਵਿੱਚ ਮਦਦ ਕਰਦੇ ਹਨ। ਕੇਸਾਂ ਦੀ ਹੋਂਦ ਮਨੁੱਖੀ ਸਰੀਰ ਨੂੰ ਸੁੰਦਰਤਾ ਬਖਸ਼ਦੀ ਹੈ। ਦਾੜੀ ਤੇ ਮੁੱਛਾਂ, ਨਰ ਤੇ ਮਾਦਾ ਦਾ ਫਰਕ ਦੱਸਣ ਲਈ ਕੁਦਰਤ ਵੱਲੋਂ ਦਿੱਤੇ ਵਿਸ਼ੇਸ਼ ਤੋਹਫੇ ਹਨ। ਕੁਦਰਤ ਨੇ ਸਿਰਫ ਨਰ ਜੀਵਾਂ ਨੂੰ ਹੀ ਦਾੜੀ ਜਾਂ ਮੁੱਛਾਂ ਨਾਲ ਸਜਾਇਆ ਹੈ।

ਵਾਲ ਸਾਨੂੰ ਸੂਰਜ ਦੀ ਤੇਜ਼ ਧੁੱਪ ਤੇ ਮੀਂਹ ਤੋਂ ਬਚਾਉਂਦੇ ਹਨ। ਅਜਿਹੀਆਂ ਰਿਪੋਰਟਾਂ ਆਈਆਂ ਹਨ ਕਿ ਭਰਵੱਟਿਆਂ, ਨੱਕ ਦੇ ਵਾਲਾਂ ਤੇ ਕੰਨਾਂ ਦੇ ਵਾਲਾਂ ਨੂੰ ਕੱਟ ਦੇਣ ਨਾਲ ਜਾਂ ਕੱਢ ਦੇਣ ਨਾਲ ਅੱਖਾਂ, ਨੱਕ, ਗੱਲੇ ਤੇ ਕੰਨਾਂ ਦੀਆਂ ਬੀਮਾਰੀਆਂ ਵਿੱਚ ਵਾਧਾ ਹੋਇਆ ਹੈ। ਸਿੱਖ ਧਰਮ ਕੇਸਾਂ ਦੀ ਸੰਭਾਲ ਤੇ ਕੇਸ ਰੱਖਣ ਦੀ ਮਹੱਤਤਾ ਤੇ ਜੋਰ ਦਿੰਦਾ ਹੈ। ਗੁਰਸੋਭਾ ਗ੍ਰੰਥ ਵਿੱਚ ਇਸ ਤਰ੍ਹਾਂ ਲਿਖਿਆ ਹੈ:

**ਹੁਕਾ ਨਾਹ ਪੀਵੇ, ਸੀਸ ਦਾੜ੍ਹੀ ਨ ਮੁਨਾਵੇ।**
**ਸੋ ਤੋ ਵਾਹਿਗੁਰੂ, ਗੁਰੂ ਜੀ ਕਾ ਖਾਲਸਾ।**

ਕੇਸਾਂ ਬਾਰੇ ਹੋਰ ਵਰਨਨ ਹੈ:

**ਸਤਿਗੁਰ ਕੀ ਇਹ ਮੋਹਰ ਸੁਹਾਵਣ, ਛਾਪ ਗੁਰੂ ਕੀ**





**ਗੁਰਸਮ ਜਾਣੇ, ਗੁਰ ਸਮ ਅਦਬ ਕੇਸ ਕੋ ਠਾਨੇ॥**

ਜਨਮ ਸਾਖੀ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਫੁਰਮਾਨ ਹੈ:

**ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ।**
**ਦਰਗਹ ਢੋਈ ਨ ਮਿਲੈ, ਕਾਫਰ ਕੁਤਾ ਸ਼ੈਤਾਨ॥**

ਭਗਤ ਕਬੀਰ ਜੀ ਦਾ ਫੁਰਮਾਨ ਹੈ:

**ਕਬੀਰ ਮਨ ਮੂੰਡਿਆ ਨਹੀਂ, ਕੇਸ ਮੂੰਡਾਏ ਕਾਏ॥**

ਇਸ ਤਰ੍ਹਾਂ ਧਰਮ ਤੇ ਵਿਗਿਆਨ ਦੋਨੋਂ ਹੀ ਕੇਸਾਂ ਦੀ ਮਹੱਤਤਾ ਤੇ ਲਾਭਾਂ ਨੂੰ ਸੁਝਾਂਦੇ ਹਨ। ਇਸ ਲਈ ਵਿਦਿਆਰਥੀਆਂ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਉਹ ਵਾਲਾਂ ਨੂੰ ਨਾ ਕਟਾਉਣ ਤੇ ਉਨ੍ਹਾਂ ਦੀ ਉਚਿਤ ਸਾਂਭ-ਸੰਭਾਲ ਵਲ ਵਿਸ਼ੇਸ਼ ਧਿਆਨ ਦੇਣ।

ਪ੍ਰਸ਼ਨ : ਕੇਸਾਂ ਦੇ ਸਾਨੂੰ ਕੀ ਲਾਭ ਹਨ?

## ਗੁਰਬਾਣੀ ਅਤੇ ਸਾਇੰਸ
## ਹੁਕਮ ਵਿੱਚ ਬੱਝੇ ਵਿਗਿਆਨਕ ਨਿਯਮ

ਵਿਗਿਆਨ ਦਾ ਕਹਿਣਾ ਹੈ:-

1. ਬ੍ਰਹਿਮੰਡ ਵਿੱਚ ਕਰੋੜਾਂ ਹੀ ਗਲੈਕਸੀਆਂ ਹਨ, ਜਿਹੜੀਆਂ ਬ੍ਰਹਿਮੰਡ ਦੇ ਸੁੰਨ ਵਿਚੋਂ ਜਨਮ ਲੈ ਕੇ ਫਿਰ ਉਸੇ ਵਿੱਚ ਸਮਾਅ ਜਾਂਦੀਆਂ ਹਨ।

2. ਸਾਡੀ ਦੁਧੀਆ ਤਾਰਿਕਾ-ਮੰਡਲੀ ਵਿੱਚ ਕਰੋੜਾਂ ਹੀ ਤਾਰੇ ਹਨ, ਜਿਨ੍ਹਾਂ ਵਿਚੋਂ ਸੂਰਜ ਵੀ ਇਕ ਹੈ। ਤਾਰਾ ਤਾਰਿਕਾ-ਮੰਡਲੀ ਵਿਚੋਂ ਉਤਪੰਨ ਹੋ ਕੇ, ਵਿਕਸਤ ਹੁੰਦਾ ਹੈ ਅਤੇ ਅੰਤ ਮਰ ਜਾਂਦਾ ਹੈ।

3. ਧਰਤੀ ਉਪਰ ਅਣਗਿਣਤ ਪਹਾੜ, ਨਦੀਆਂ ਨਾਲੇ, ਪਠਾਰ ਅਤੇ ਮੈਦਾਨ ਹਨ ਪਰੰਤੂ ਇਨ੍ਹਾਂ ਵਿਚੋਂ ਕੁਝ ਵੀ ਸਥਾਈ ਰੂਪ ਵਿੱਚ ਨਹੀਂ ਹੈ। ਜਿਥੇ ਅੱਜ ਮੈਦਾਨ ਹੈ ਉਥੇ ਕੱਲ੍ਹ ਨੂੰ ਪਹਾੜ ਉਠ ਖੜ੍ਹਾ ਹੋ ਸਕਦਾ ਹੈ। ਜਿਥੇ ਅੱਜ ਪਹਾੜ ਹਨ, ਉਹ ਕਦੇ ਮੈਦਾਨ ਦਾ ਰੂਪ ਲੈ ਸਕਦੇ ਹਨ। ਘੁੱਗ ਵਸਦੇ ਸ਼ਹਿਰ ਭੂਚਾਲ ਆਦਿ ਆਉਣ ਨਾਲ ਧਰਤੀ ਵਿਚ ਲੁਪਤ ਹੋ ਜਾਂਦੇ ਹਨ।

4. ਕਿਸੇ ਵੀ ਊਰਜਾ ਦਾ ਪ੍ਰੋਟਾਨ ਕੁਝ ਖਾਸ ਹਾਲਤਾਂ ਵਿਚ ਆਪਣਾ ਅੰਤ ਕਰਦਾ ਹੋਇਆ ਆਪਣੇ ਆਪ ਨੂੰ ਇਲੈਕਟ੍ਰਾਨ ਅਤੇ ਪ੍ਰੋਟਾਨ ਵਿਚ ਪਰਿਵਰਤਤ ਕਰ ਲੈਂਦਾ ਹੈ।

5. ਨਿਊਟਰਾਨ ਦਾ ਜੀਵਨ ਕਾਲ ਬਹੁਤ ਘੱਟ ਹੈ, ਇਹ ਤਕਰੀਬਨ 1000 ਸੈਕਿੰਡਾਂ ਲਈ ਜਿਊਂਦਾ ਹੈ ਅਤੇ ਇਸ ਦੇ ਕਾਲ ਇਲੈਕਟ੍ਰਾਨ ਅਤੇ ਪ੍ਰੋਟਾਨ ਦੇ ਜਨਮ ਨਾਲ ਸਮਾਪਤ ਹੋ ਜਾਂਦਾ ਹੈ।

ਉਪਰ ਦਿੱਤੇ ਗਏ ਵਿਗਿਆਨ ਅਤੇ ਗੁਰਬਾਣੀ ਦੇ ਤੱਥਾਂ ਦੀ ਇਕਸਾਰਤਾ ਤੋਂ ਇਹ ਪ੍ਰਮਾਣਿਤ ਹੈ ਕਿ ਨਿਰਜੀਵ ਵਸਤਾਂ ਵੀ ਜੀਵ ਜੰਤੂਆਂ ਵਾਂਗੂ ਪ੍ਰਭੂ ਦੇ ਹੁਕਮ ਦੀ ਪਾਲਣਾ ਉਵੇਂ ਹੀ ਕਰਦੀਆਂ ਹਨ ਜਿਵੇਂ ***"ਜੈਸੇ ਜਲ ਦੇ ਬੁਦਬੁਦਾ ਉਪਜੈ ਬਿਨਸੈ ਨੀਤ"***, ਭਾਵ ਵਸਤੂ ਦੀ ਉਪਜ ਤੋਂ ਬਾਅਦ ਉਸ ਦਾ ਅੰਤ ਪਾਣੀ ਵਿਚੋਂ ਉਠ ਰਹੇ ਬੁਦਬੁਦੇ ਵਾਂਗੂ ਯਕੀਨੀ ਹੈ। ਹਰ ਵਸਤੂ ਪ੍ਰਭੂ ਦੇ ਹੁਕਮ ਦੀ ਪਾਲਣਾ ਕਰਨ ਲਈ ***"ਹੁਕਮੀ ਹੁਕਮ ਚਲਾਏ ਰਾਹ"*** ਅਰਥਾਤ ਆਪਣੇ ਆਪ ਨੂੰ ਕੁਝ ਨਿਯਮਾਂ ਹੇਠ ਲਿਆਉਂਦੀ ਹੋਈ ਕ੍ਰਿਆਸ਼ੀਲ ਰਹਿੰਦੀ ਹੈ। ਵਸਤੂ ਦਾ ਪਹਿਲਾਂ ਵਿਕਾਸ, ਸਥਿਰਤਾ ਅਤੇ ਅੰਤ ਉਨ੍ਹਾਂ ਨਿਯਮਾਂ ਸਦਕਾ ਹੀ ਹੁੰਦਾ ਹੈ ਜਿਨ੍ਹਾਂ ਨਿਯਮਾਂ ਨੂੰ ਅਸੀਂ ਯੂਨੀਵਰਸਲ ਲਾਅ ਨਾਲ ਜਾਣਦੇ ਹਾਂ। ਕੁਝ ਇਕ ਯੂਨੀਵਰਸਲ ਲਾਅ ਹੇਠ ਲਿਖੇ ਅਨੁਸਾਰ ਇਸ ਤਰ੍ਹਾਂ ਹਨ:

1. **ਨਿਊਟਨ ਲਾਅ ਆਫ ਗਰੈਵੀਟੇਸ਼ਨ**
2. **ਕੈਪਲਰ ਲਾਅ**
3. **ਕੂਲੰਬ ਲਾਅ**

ਵਿਗਿਆਨਕ ਮਤ ਅਨੁਸਾਰ ਨਿਊਟਨ ਲਾਅ ਆਫ ਗਰੈਵੀਟੇਸ਼ਨ (ਹਰ ਕੋਈ ਦੋ ਵਸਤੂਆਂ ਇਕ ਦੂਜੇ ਨੂੰ ਇਕ ਤਾਕਤ ਨਾਲ ਖਿੱਚਦੀਆਂ ਹਨ) ਸਦਕਾ ਹੀ ਇਹ ਸ੍ਰਿਸ਼ਟੀ ਆਪਣੀ ਹੋਂਦ ਵਿੱਚ ਹੈ। ਧਰਤੀਆਂ, ਸੂਰਜਾਂ, ਗ੍ਰਹਿਆਂ, ਉਪਗ੍ਰਹਿਆਂ ਅਤੇ ਗਲੈਕਸੀਆਂ ਦੇ ਜਨਮ ਮਰਨ ਦਾ ਇਕੋ ਇਕ ਕਾਰਨ ਇਹੋ ਨਿਯਮ ਹੈ। ਇਸ ਨਿਯਮ ਸਦਕਾ ਧਰਤੀ ਸੂਰਜ ਦੁਆਲੇ ਅਤੇ ਚੰਦ ਧਰਤੀ ਦੁਆਲੇ ਚੱਕਰ ਕੱਟਦੇ ਹਨ ਅਤੇ ਉਨ੍ਹਾਂ ਦੀ ਚਾਲ ਵਿੱਚ ਰੱਤੀ ਭਰ ਵੀ ਫਰਕ ਨਹੀਂ ਪੈਂਦਾ।

ਵਿਗਿਆਨੀ ਕੈਪਲਰ ਨੇ ਗ੍ਰਹਿਆਂ ਦੇ ਸੂਰਜ ਦੁਆਲੇ ਘੁੰਮਣ ਨੂੰ ਘੋਖਦੇ ਹੋਏ ਇਕ ਹੋਰ ਨਿਯਮ ਦਾ ਰੂਪ ਦਿੱਤਾ ਜਿਸ ਨੂੰ ਕੈਪਲਰ ਲਾਅ ਆਫ ਪਲੈਨਟਰੀ ਮੋਸ਼ਨ ਨਾਲ ਜਾਣਿਆ ਜਾਣ ਲਗਾ। ਇਸ ਤਰ੍ਹਾਂ ਇਕ ਨਿਯਮ ਤੋਂ ਬਾਅਦ ਦੂਜਾ ਅਤੇ ਦੂਜੇ ਤੋਂ ਬਾਅਦ ਤੀਜਾ....... ਅਤੇ ਪਤਾ ਨਹੀਂ ਕਿੰਨੇ ਨਿਯਮਾਂ ਵਿੱਚ ਬੱਝੀ ਹੋਈ ਵਸਤੂ ਪ੍ਰਭੂ ਦੇ ਹੁਕਮ (ਜਨਮ ਅਤੇ ਮਰਨ) ਦੀ ਪਾਲਣਾ, ***"ਹੁਕਮੀ ਹੁਕਮੁ ਚਲਾਏ ਰਾਹੁ"*** ਦੇ ਅਨੁਸਾਰ ਵਿੱਚ ਬੱਝੀ ਹੈ ਅਤੇ ਉਨ੍ਹਾਂ ਨੂੰ ਆਖ ਸਕਣਾ ਮਨੁੱਖ ਦੀ ਪਹੁੰਚ ਤੋਂ ਪਰ੍ਹੇ ਦੀ ਗੱਲ ਹੈ ਜਿਵੇਂ:

**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥**
**ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥ ੨॥**

***"ਹੁਕਮੈ ਅੰਦਰਿ ਸਭ ਕੋ ਬਾਹਰਿ ਹੁਕਮ ਨਾ ਕੋਇ"*** ਅਰਥਾਤ ਹਰ ਕੋਈ ਹੁਕਮ ਦੇ ਅਧੀਨ ਹੈ, ਹੁਕਮ ਤੋਂ ਬਾਹਰ ਕੋਈ ਵੀ ਨਹੀਂ ਹੈ। ਜਿਹੜਾ ਮਨੁੱਖ ਹੁਕਮ ਵਿੱਚ ਰਹਿ ਕੇ ਨਿਯਮਾਂ ਨੂੰ ਬੁੱਝਦਾ ਹੈ, ਉਸ ਦੀ ਨਿਸ਼ਾਨੀ ਇਹ ਹੈ ਕਿ ਉਸ ਦਾ ਆਪਾ ਨਹੀਂ ਰਹਿੰਦਾ ਉਸ ਮਨੁੱਖ ਨੇ ਆਪਣਾ ਜੀਵਨ (ਸਰੀਰਕ, ਇਖਲਾਕੀ ਅਤੇ ਆਤਮਿਕ) ਨਿਯਮਾਂ ਅਧੀਨ ਕਰ ਲਿਆ ਹੁੰਦਾ ਹੈ। ਜਿਹੜੀ ਆਤਮਾ ਸਭ ਅੰਦਰ





ਵਰਤ ਰਹੀ ਹੈ ਉਹ ਕਿਸੇ ਪਰਮ ਜੋਤਿ ਜਾਂ ਪਰਮਾਤਮਾ ਦਾ ਹੀ ਪ੍ਰਗਟਾਵਾ ਹੈ, ਜਿਸ ਨੇ ਆਪਣੇ ਹੁਕਮ ਅਰਥਾਤ ਆਪਣੇ ਕਾਨੂੰਨਾਂ ਜਾਂ ਨਿਯਮਾਂ ਦੀ ਵਰਤੋਂ ਕਰਕੇ ਆਪਣੇ ਆਪ ਨੂੰ ਹੀ ਆਪਣੀ ਰਚਨਾ ਦੇ ਅੰਦਰ ਪ੍ਰਗਟ ਕੀਤਾ ਹੈ। ਵਿਗਿਆਨਕ ਨਿਯਮ ਜਿਹੜੇ ਪਰਮਾਤਮਾ ਦੇ ਹੁਕਮ ਵਿਚ ਬੱਝੇ ਹੋਏ ਹਨ, ਇਨ੍ਹਾਂ ਸਦਕਾ ਹੀ ਇਕ ਤੋਂ ਅਨੇਕ ਦੀ ਰਚਨਾ ਹੁੰਦੀ ਗਈ ਹੈ ਜਿਸ ਰਚਨਾ ਵਿੱਚ ਬੇਅੰਤ ਨੇ ਆਪਣੇ ਆਪ ਨੂੰ ਹੀ ਵਖ ਵਖ ਸਰੀਰਾਂ ਵਿੱਚ ਮਹਿਦੂਦ ਕਰ ਦਿੱਤਾ ਹੈ।


ਕੁਲੰਬ ਅਨੁਸਾਰ ਦੋ ਪੁਵਾਇੰਟਾਂ ਦਾ ਚਾਰਜ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਦੀ ਐਟਰੈਕਸ਼ਨ ਕਿੰਨੀ ਹੈ ਚਾਰਜ ਕਿੰਨਾ ਹੈ ਅਤੇ ਉਨ੍ਹਾਂ ਦੀ ਆਪਸੀ ਦੂਰੀ ਕਿੰਨੀ ਹੈ।

ਇਸ ਸ੍ਰਿਸ਼ਟੀ ਦਾ ਰਚਣਹਾਰ ਅਤੇ ਉਸ ਨੂੰ ਕ੍ਰਿਆਸ਼ੀਲ ਬਣਾਉਣ ਵਾਲਾ ਪਰਮਾਤਮਾ ਹੈ, ***"ਜੋ ਉਪਜਿਓ ਸੋ ਬਿਨਸਿ ਹੈ"*** ਦੇ ਅਨੁਸਾਰ, ਉਹ ਇਸ ਦੇ ਉਪਾਦਾਨ ਕਾਰਨ ਦੇ ਨਾਲ ਇਸ ਦਾ ਨਿਮਿਨ ਕਾਰਨ ਵੀ ਹੈ। ਪ੍ਰਭੂ ਨੇ ਸੁੰਨ ਅਵਸਥਾ ਵਿਚੋਂ, ਆਪਣੀ ਲੀਲਾ ਨੂੰ ਵੇਖਣ ਲਈ ਸ੍ਰਿਸ਼ਟੀ ਨੂੰ ਰਚਿਆ। ਇਸ ਸ੍ਰਿਸ਼ਟੀ ਦੀ ਉਤਪਤੀ ***"ਹੁਕਮੀ ਸ੍ਰਿਸਟਿ ਸਾਜੀਅਨੁ"*** ਦੇ ਭਾਵ ਮੁਤਾਬਿਕ "ਹੁਕਮ ਤੋਂ ਹੋਈ" ਅਤੇ ਇਸ ਹੁਕਮ ਨੂੰ ਨਿਯਮਾਂ ਵਿੱਚ ਤਕਸੀਮ ਕਰਦੀ ਹੋਈ ਇਹ ਸ੍ਰਿਸ਼ਟੀ ਕ੍ਰਿਆਸ਼ੀਲ ਹੈ। ਅੱਜ ਦੇ ਪਦਾਰਥਵਾਦੀ ਯੁਗ ਵਿੱਚ ਜਿਥੇ ਹਰ ਇਕ ਵਸਤੂ ਅਤੇ ਉਸਦੇ ਗਿਆਨ ਨੂੰ ਠੋਸ ਨਾਪ ਤੋਲ ਦੇ ਸਿਧਾਂਤਾਂ ਨਾਲ ਪਰਖਿਆ ਜਾਂਦਾ ਹੈ ਉਥੇ ਹੁਕਮ ਵਿਚ ਬੱਝੇ ਵਿਗਿਆਨਕ ਨਿਯਮਾਂ ਦਾ ਵਿਗਿਆਨਕ ਅਤੇ ਧਾਰਮਿਕ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕਰਨਾ, ਜਿਨ੍ਹਾਂ ਨਿਯਮਾਂ ਸਦਕਾ ਇਹ ਪਦਾਰਥਵਾਦੀ ਯੁਗ ਆਪਣੀ ਹੋਂਦ ਵਿੱਚ ਹੈ, ਵੀ ਜਰੂਰੀ ਬਣ ਗਿਆ ਹੈ। ਪ੍ਰਸਤੁਤ ਵਿਸ਼ੇ ਦਾ ਪ੍ਰਸੰਗ ਵੀ ਇਹੋ ਹੈ। ਪ੍ਰਭੂ ਦਾ ਹੁਕਮ ਇਹ ਹੈ:

**ਹੁਕਮੇ ਆਵੈ ਹੁਕਮੇ ਜਾਇ॥**
**ਆਗੈ ਪਾਛੈ ਹੁਕਮਿ ਸਮਾਇ॥ (੧੫੧)**
**ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ॥ (੧੮੫)**
**ਹੁਕਮੇ ਹੋਇਆ ਹੁਕਮੁ ਬੁਝਿ ਸਮਾਈ॥ (੩੩੦)**
**ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ॥ (੫੦੯)**
**ਤੁਧੁ ਆਪੇ ਕਾਰਣੁ ਆਪੇ ਕਰਣਾ॥**
**ਹੁਕਮੇ ਜੰਮਣੁ ਹੁਕਮੇ ਮਰਣਾ॥ (੫੬੪)**
**ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ॥**
**ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ॥ (੯੪੦)**
**ਹੁਕਮਿ ਮਰੈ ਹੁਕਮੇ ਹੀ ਜੀਵੈ॥ ਹੁਕਮੇ ਨਾਨ੍ਹਾ ਵਡਾ ਥੀਵੈ॥**
**ਹੁਕਮੇ ਸੋਗ ਹਰਖ ਆਨੰਦ॥ ਹੁਕਮੇ ਜਪੈ ਨਿਰੋਧਰ ਗੁਰਮੰਤ॥**

**ਹੁਕਮੇ ਆਵਣੁ ਜਾਣੁ ਰਹਾਏ॥ਨਾਨਕ ਜਾ ਕਉ ਭਗਤੀ ਲਾਏ॥(੯੬੨)**

ਹੁਕਮ ਤੋਂ ਭਾਵ "ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲ",



ਅਰਥਾਤ ਬ੍ਰਹਿਮੰਡ ਵਿਚ ਹਰ ਵਸਤੂ ਜਿਹੜੀ ਪੈਦਾ ਹੋਈ ਹੈ ਉਸ ਦਾ ਅੰਤ ਵੀ ਯਕੀਨੀ ਹੈ, ਵੇਖੋ ਚਿਤਰ ਵਿਚ ਜੀਵ ਜੰਤੂਆਂ ਨੂੰ ਅਸੀਂ ਜੰਮਦੇ ਅਤੇ ਮਰਦੇ ਵੇਖਦੇ ਹੀ ਹਾਂ ਪਰੰਤੂ ਨਿਰਜੀਵ ਸਮਝੀਆਂ ਜਾਣ ਵਾਲੀਆਂ ਵਸਤਾਂ ਜਿਵੇਂ ਧਰਤੀ, ਸੂਰਜ, ਤਾਰੇ ਆਦਿ ਦਾ ਵੀ ਜਨਮ ਅਤੇ ਫਿਰ ਅੰਤ, ਅਜ ਦੇ ਵਿਗਿਆਨੀਆਂ ਵਲੋਂ ਸਿੱਧ ਕੀਤਾ ਜਾ ਚੁੱਕਾ ਹੈ।

ਪਿਆਰੇ ਵਿਦਿਆਰਥੀਓ! ਵਿਗਿਆਨ ਜੋ ਕੁੱਝ ਅੱਜ ਕਹਿ ਰਿਹਾ ਹੈ। ਉਹ ਗੁਰੂ ਨਾਨਕ ਸਾਹਿਬ ਨੇ 500 ਸਾਲ ਪਹਿਲਾਂ ਕਹਿ ਦਿੱਤਾ ਹੈ।

ਧੰਨਵਾਦ ਸਾਹਿਤ ਗੁਰਬਾਣੀ ਅਤੇ ਵਿਗਿਆਨ ਪ੍ਰੋ. ਤਰਲੋਚਨ ਸਿੰਘ।





ਪ੍ਰਸ਼ਨ 1: ਨਿਊਟਨ ਲਾਅ ਆਫ ਗਰੇਵੀਟੇਸ਼ਨ ਤੇ ਨੋਟ ਲਿਖੋ।

ਪ੍ਰਸ਼ਨ 2: ਕੂਲੰਬ ਲਾਅ ਤੇ ਨੋਟ ਲਿਖੋ।

## ਸਿੱਖ ਰਹਿਤ ਮਰਯਾਦਾ

(ਮਰਯਾਦਾ ਸ੍ਰੀ ਅਕਾਲ ਤਖਤ ਸਾਹਿਬ)

ਪਹਿਲੋਂ 13, 14, 15 ਤੇ ਲਿਖੀ ਹੋਈ ਮਰਿਯਾਦਾ ਇਸ ਕਿਤਾਬ ਦੇ ਪਹਿਲੇ ਭਾਗ ਵਿੱਚ ਹਨ।

16. ***ਹੋਰ ਰੀਤੀਆਂ***

ਇਨ੍ਹਾਂ ਸੰਸਕਾਰਾਂ ਤੋਂ ਛੁੱਟ ਸਮੇਂ ਸਮੇਂ ਜੋ ਭੀ ਖੁਸ਼ੀ ਗ਼ਮੀ ਦਾ ਮੌਕਾ ਆ ਬਣੇ (ਜਿਵੇਂ ਨਵੇਂ ਮਕਾਨ ਵਿੱਚ ਪ੍ਰਵੇਸ਼ ਕਰਨਾ, ਨਵੀਂ ਦੁਕਾਨ ਖੋਲ੍ਹਣਾ, ਬਾਲਕ ਨੂੰ ਮਦਰੱਸੇ ਪਾਉਣਾ ਆਦਿ) ਤਾਂ ਸਿੱਖ ਨੂੰ ਚਾਹੀਏ ਕਿ ਵਾਹਿਗੁਰੂ ਦੀ ਸਹਾਇਤਾ ਲਈ ਅਰਦਾਸ ਸੋਧੇ। ਸਿੱਖੀ ਵਿੱਚ ਸਾਰੇ ਸੰਸਕਾਰਾਂ ਦਾ ਜ਼ਰੂਰੀ ਅੰਗ ਬਾਣੀ ਦਾ ਪਾਠ ਤੇ ਅਰਦਾਸ ਹੈ।

17. ***ਸੇਵਾ***

ਸੇਵਾ ਸਿੱਖ ਧਰਮ ਦਾ ਇਕ ਉੱਘਾ ਅੰਗ ਹੈ। ਇਸ ਨੂੰ ਨਮੂਨੇ ਮਾਤਰ ਸਿਖਾਉਣ ਲਈ ਗੁਰਦੁਆਰਿਆਂ 'ਚ ਹੀ ਪ੍ਰਬੰਧ ਕੀਤਾ ਹੁੰਦਾ ਹੈ। ਸਾਧਾਰਨ ਰੂਪ ਇਸ ਦੇ ਇਹ ਹਨ-ਗੁਰਦੁਆਰੇ ਦਾ ਝਾੜੂ, ਲੇਪਣ, ਸੰਗਤਾਂ ਦੀ ਪਾਣੀ ਪੱਖੇ ਦੀ ਸੇਵਾ, ਲੰਗਰ ਦੀ ਸੇਵਾ, ਜੋੜੇ ਝਾੜਨਾ ਆਦਿ।

ੳ) ***ਗੁਰੂ ਕਾ ਲੰਗਰ*** - ਇਸ ਦੇ ਦੋ ਭਾਵ ਹਨ: ਇਕ ਸਿੱਖਾਂ ਨੂੰ ਸੇਵਾ ਸਿਖਾਉਣਾ, ਦੂਜਾ ਊਚ-ਨੀਚ, ਛੂਤ-ਛਾਤ ਦਾ ਭਰਮ ਮਿਟਾਉਣਾ।

ਅ) ਗੁਰੂ ਕੇ ਲੰਗਰ ਵਿੱਚ ਬੈਠ ਕੇ ਊਚ-ਨੀਚ, ਕਿਸੇ ਜ਼ਾਤ ਜਾਂ ਵਰਣ ਦਾ ਪ੍ਰਾਣੀ ਪ੍ਰਸ਼ਾਦ ਛਕ ਸਕਦਾ ਹੈ। ਪੰਗਤ ਵਿੱਚ ਬਿਠਾਣ ਲੱਗਿਆ ਕਿਸੇ ਦੇਸ਼, ਵਰਣ, ਜਾਤ ਜਾਂ ਮਜ਼ਬ ਦਾ ਵਿਤਕਰਾ ਨਹੀਂ ਕਰਨਾ। ਹਾਂ, ਇਕ ਥਾਲੀ ਵਿੱਚ ਕੇਵਲ ਅੰਮ੍ਰਿਤਧਾਰੀ ਸਿੱਖ ਹੀ ਛਕ ਸਕਦੇ ਹਨ।

18. ***ਪੰਥਕ ਰਹਿਣੀ***

੧. ਗੁਰੂ ਪੰਥ
੨. ਅੰਮ੍ਰਿਤ ਸੰਸਕਾਰ
੩. ਤਨਖਾਹ ਲਾਉਣ ਦੀ ਵਿਧੀ
੪. ਗੁਰਮਤਾ ਕਰਨ ਦੀ ਵਿਧੀ
੫. ਸਥਾਨਕ ਫੈਸਲਿਆਂ ਦੀ ਅਪੀਲ

19. ***ਗੁਰੂ ਪੰਥ***

ਸੇਵਾ, ਕੇਵਲ ਪੱਖੇ ਲੰਗਰ ਆਦਿ 'ਤੇ ਹੀ ਨਹੀਂ ਮੁਕ ਜਾਂਦੀ, ਸਿੱਖ ਦੀ ਸਾਰੀ ਜ਼ਿੰਦਗੀ ਪਰਉਪਕਾਰ ਵਾਲੀ ਹੈ। ਸੇਵਾ, ਸਫਲ ਉਹ ਹੈ, ਜੋ ਥੋੜ੍ਹੇ ਜਤਨ ਨਾਲ ਵਧੀਕ ਤੋਂ ਵਧੀਕ ਹੋ ਸਕੇ। ਇਹ ਗੱਲ ਜਥੇਬੰਦੀ ਦੇ ਰਾਹੀਂ ਹੋ ਸਕਦੀ ਹੈ। ਸਿੱਖ ਨੇ ਇਸ ਲਈ

ਸ਼ਖਸੀ ਧਰਮ ਪੂਰਾ ਕਰਦਿਆਂ ਹੋਇਆਂ ਨਾਲ ਹੀ ਪੰਥਕ ਫਰਜ਼ ਭੀ ਪੂਰੇ ਕਰਨੇ ਹਨ। ਇਸ ਜਥੇਬੰਦੀ ਦਾ ਨਾਂ ਪੰਥ ਹੈ। ਹਰ ਇਕ ਸਿੱਖ ਨੇ 'ਪੰਥ' ਦਾ ਇਕ ਅੰਗ ਹੋ ਕੇ ਭੀ ਆਪਣਾ ਧਰਮ ਨਿਭਾਉਣਾ ਹੈ।

ੳ) ਗੁਰੂ ਪੰਥ: ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।

## 20. *ਅੰਮ੍ਰਿਤ ਸੰਸਕਾਰ*

ੳ) ਅੰਮ੍ਰਿਤ ਛਕਾਉਣ ਲਈ ਇਕ ਖਾਸ ਅਸਥਾਨ 'ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ।

ਅ) ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘੱਟ ਤੋਂ ਘੱਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ 'ਚੋਂ ਇਕ ਤਾਬਿਆ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਉਣ ਲਈ ਹੋਣ। ਇਨ੍ਹਾਂ ਵਿੱਚ ਸਿੰਘਣੀਆਂ ਭੀ ਹੋ ਸਕਦੀਆਂ ਹਨ। ਇਨ੍ਹਾਂ ਸਾਰਿਆਂ ਨੇ ਕੇਸੀ ਇਸ਼ਨਾਨ ਕੀਤਾ ਹੋਵੇ।

ੲ) ਇਨ੍ਹਾਂ ਪੰਜਾਂ ਪਿਆਰਿਆਂ ਵਿੱਚ ਕੋਈ ਅੰਗ-ਹੀਣ (ਅੰਨ੍ਹਾਂ, ਕਾਣਾ, ਲੰਙਾ, ਲੂਲ੍ਹਾ ਜਾਂ ਦੀਰਘ ਰੋਗ ਵਾਲਾ) ਨਾ ਹੋਵੇ। ਕੋਈ ਤਨਖਾਹੀਆ ਨਾ ਹੋਵੇ। ਸਾਰੇ ਤਿਆਰ-ਬਰ-ਤਿਆਰ ਦਰਸ਼ਨੀ ਸਿੰਘ ਹੋਣ।

ਸ) ਹਰ ਦੇਸ਼, ਹਰ ਮਜ਼੍ਹਬ ਤੇ ਜਾਤੀ ਦੇ ਹਰ ਇਸਤਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿੱਖ ਧਰਮ ਗ੍ਰਹਿਣ ਕਰਨ 'ਤੇ ਉਸ ਦੇ ਅਸੂਲ ਉੱਪਰ ਚੱਲਣ ਦਾ ਪ੍ਰਣ ਕਰੇ।

ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ, ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ. ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ, ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਹੱਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜ੍ਹੇ ਹੋਣ।

ਹ) ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛਕਣਾ ਹੋਵੇ ਤਾਂ ਉਸ ਨੂੰ ਅੱਡ ਕਰ ਕੇ ਸੰਗਤ ਵਿੱਚ ਪੰਜ ਪਿਆਰੇ ਤਨਖਾਹ ਲਾ ਲੈਣ।

ਕ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ 'ਚੋਂ ਕੋਈ ਇਕ ਸੱਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿੱਖ ਧਰਮ ਦੇ ਅਸੂਲ ਸਮਝਾਵੇ-

ਸਿੱਖ ਧਰਮ ਵਿੱਚ ਕਿਰਤਮ ਦੀ ਪੂਜਾ ਤਿਆਗ ਕੇ ਇਕ ਕਰਤਾਰ ਦੀ ਪ੍ਰੇਮਾ-





ਭਗਤੀ ਤੇ ਉਪਾਸ਼ਨਾ ਦੱਸੀ ਹੈ। ਇਸ ਦੀ ਪੂਰਨਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ, ਨਾਮ ਦਾ ਪ੍ਰੇਮ ਅਤੇ ਅੰਮ੍ਰਿਤ ਛਕ ਕੇ ਰਹਿਤ-ਬਹਿਤ ਰੱਖਣਾ ਮੁੱਖ ਸਾਧਨ ਹਨ ਆਦਿ, ਕੀ ਤੁਸੀਂ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ ਕਰਦੇ ਹੋ?

ਖ) "ਹਾਂ" ਦਾ ਜਵਾਬ ਆਉਣ 'ਤੇ ਪਿਆਰਿਆਂ 'ਚੋਂ ਇਕ ਸੱਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਕਰ ਕੇ ਹੁਕਮ ਲਵੇ। ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ।

ਗ) ਬਾਟਾ ਸਰਬ-ਲੋਹ ਦਾ ਹੋਵੇ ਤੇ ਚੌਂਕੀ, ਸੁਨਹਿਰੇ ਆਦਿ ਕਿਸੇ ਸਵੱਛ ਚੀਜ਼ ਪੁਰ ਰੱਖਿਆ ਹੋਵੇ।

ਘ) ਬਾਟੇ ਵਿੱਚ ਸਵੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ-ਗਿਰਦ ਬੀਰ ਆਸਨ ਹੋ ਕੇ ਬੈਠ ਜਾਣ।

ਙ) ਤੇ ਇਹਨਾਂ ਬਾਣੀਆਂ ਦਾ ਪਾਠ ਕਰਨ:

ਜਪੁ, ਜਾਪੁ, ੧੦ ਸਵੱਯੇ ('ਸ੍ਰਾਵਗ ਸੁਧ' ਵਾਲੇ), ਬੇਨਤੀ ਚੌਪਈ ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤੱਕ), ਅਨੰਦ ਸਾਹਿਬ।

ਚ) ਹਰ ਇਕ ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ ਤੇ ਧਰੇ ਤੇ ਸੱਜੇ ਹੱਥ ਨਾਲ ਖੰਡਾ ਜਲ ਵਿੱਚ ਫੇਰੀ ਜਾਵੇ। ਸੁਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ 'ਤੇ ਅਤੇ ਧਿਆਨ ਅੰਮ੍ਰਿਤ ਵੱਲ ਟਿਕੇ।

ਛ) ਪਾਠ ਹੋਣ ਮਗਰੋਂ ਪਿਆਰਿਆਂ ਵਿਚੋਂ ਕੋਈ ਇਕ ਅਰਦਾਸ ਕਰੇ।

ਜ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ 'ਚ ਹਿੱਸਾ ਲਿਆ ਹੈ, ਉਹੀ ਅੰਮ੍ਰਿਤ ਛਕਣ ਵਿੱਚ ਸ਼ਾਮਲ ਹੋ ਸਕਦਾ ਹੈ। ਅਧਵਾਟੇ ਆਉਣ ਵਾਲਾ ਨਹੀਂ ਹੋ ਸਕਦਾ।

ਝ) ਹੁਣ ਸ੍ਰੀ ਕਲਗੀਧਰ ਦਸ਼ਮੇਸ਼ ਪਿਤਾ ਦਾ ਧਿਆਨ ਧਰ ਕੇ ਹਰ ਇਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ-ਆਸਨ ਕਰਾ ਕੇ ਉਸਦੇ ਖੱਬੇ ਹੱਥ ਉੱਪਰ ਸਜਾ ਹੱਥ ਰੱਖਾ ਕੇ ਪੰਜ ਚੁਲੇ ਅੰਮ੍ਰਿਤ ਦੇ ਛਕਾਏ ਜਾਣ ਅਤੇ ਹਰ ਚੁਲੇ ਨਾਲ ਇਹ ਕਿਹਾ ਜਾਵੇ:

ਬੋਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ।' ਛਕਣ ਵਾਲਾ ਛਕ ਕੇ ਕਹੇ: 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ।' ਫੇਰ ਪੰਜ ਛੱਟੇ ਅੰਮ੍ਰਿਤ ਦੇ ਨੇਤਰਾਂ 'ਪਰ ਲਾਏ ਜਾਣ। ਫੇਰ ਪੰਜ ਛੱਟੇ ਕੇਸਾਂਵਿੱਚ ਪਾਏ ਜਾਣ। ਹਰ ਇਕ ਛੱਟੇ ਨਾਲ ਛਕਣ ਵਾਲਾ ਛਕਾਉਣ ਵਾਲੇ ਦੇ ਪਿੱਛੇ ਪਿੱਛੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ

ਸ਼ਖਸੀ ਧਰਮ ਪੂਰਾ ਕਰਦਿਆਂ ਹੋਇਆਂ ਨਾਲ ਹੀ ਪੰਥਕ ਫਰਜ਼ ਭੀ ਪੂਰੇ ਕਰਨੇ ਹਨ। ਇਸ ਜਥੇਬੰਦੀ ਦਾ ਨਾਂ ਪੰਥ ਹੈ। ਹਰ ਇਕ ਸਿੱਖ ਨੇ 'ਪੰਥ' ਦਾ ਇਕ ਅੰਗ ਹੋ ਕੇ ਭੀ ਆਪਣਾ ਧਰਮ ਨਿਭਾਉਣਾ ਹੈ।

ੳ) ਗੁਰੂ ਪੰਥ: ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਅਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।

## 20. *ਅੰਮ੍ਰਿਤ ਸੰਸਕਾਰ*

ੳ) ਅੰਮ੍ਰਿਤ ਛਕਾਉਣ ਲਈ ਇਕ ਖਾਸ ਅਸਥਾਨ 'ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ।

ਅ) ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘੱਟ ਤੋਂ ਘੱਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ 'ਚੋਂ ਇਕ ਤਾਬਿਆ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਉਣ ਲਈ ਹੋਣ। ਇਨ੍ਹਾਂ ਵਿੱਚ ਸਿੰਘਣੀਆਂ ਭੀ ਹੋ ਸਕਦੀਆਂ ਹਨ। ਇਨ੍ਹਾਂ ਸਾਰਿਆਂ ਨੇ ਕੇਸੀ ਇਸ਼ਨਾਨ ਕੀਤਾ ਹੋਵੇ।

ੲ) ਇਨ੍ਹਾਂ ਪੰਜਾਂ ਪਿਆਰਿਆਂ ਵਿੱਚ ਕੋਈ ਅੰਗ-ਹੀਣ (ਅੰਨ੍ਹਾਂ, ਕਾਣਾ, ਲੰਡਾ, ਲੂਲ੍ਹਾ ਜਾਂ ਦੀਰਘ ਰੋਗ ਵਾਲਾ) ਨਾ ਹੋਵੇ। ਕੋਈ ਤਨਖਾਹੀਆ ਨਾ ਹੋਵੇ। ਸਾਰੇ ਤਿਆਰ-ਬਰ-ਤਿਆਰ ਦਰਸ਼ਨੀ ਸਿੰਘ ਹੋਣ।

ਸ) ਹਰ ਦੇਸ਼, ਹਰ ਮਜ਼ਹਬ ਤੇ ਜਾਤੀ ਦੇ ਹਰ ਇਸਤਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿੱਖ ਧਰਮ ਗ੍ਰਹਿਣ ਕਰਨ 'ਤੇ ਉਸ ਦੇ ਅਸੂਲ ਉੱਪਰ ਚੱਲਣ ਦਾ ਪ੍ਰਣ ਕਰੇ।

ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ, ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ. ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ, ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਹੱਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜ੍ਹੇ ਹੋਣ।

ਹ) ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛਕਣਾ ਹੋਵੇ ਤਾਂ ਉਸ ਨੂੰ ਅੱਡ ਕਰ ਕੇ ਸੰਗਤ ਵਿੱਚ ਪੰਜ ਪਿਆਰੇ ਤਨਖਾਹ ਲਾ ਲੈਣ।

ਕ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ 'ਚੋਂ ਕੋਈ ਇਕ ਸੱਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿੱਖ ਧਰਮ ਦੇ ਅਸੂਲ ਸਮਝਾਵੇ-

ਸਿੱਖ ਧਰਮ ਵਿੱਚ ਕਿਰਤਮ ਦੀ ਪੂਜਾ ਤਿਆਗ ਕੇ ਇਕ ਕਰਤਾਰ ਦੀ ਪ੍ਰੇਮਾ-





ਭਗਤੀ ਤੇ ਉਪਾਸ਼ਨਾ ਦੱਸੀ ਹੈ। ਇਸ ਦੀ ਪੂਰਨਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ, ਨਾਮ ਦਾ ਪ੍ਰੇਮ ਅਤੇ ਅੰਮ੍ਰਿਤ ਛਕ ਕੇ ਰਹਿਤ-ਬਹਿਤ ਰੱਖਣਾ ਮੁੱਖ ਸਾਧਨ ਹਨ ਆਦਿ, ਕੀ ਤੁਸੀਂ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ ਕਰਦੇ ਹੋ?

ਖ) "ਹਾਂ" ਦਾ ਜਵਾਬ ਆਉਣ 'ਤੇ ਪਿਆਰਿਆਂ 'ਚੋਂ ਇਕ ਸੱਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਕਰ ਕੇ ਹੁਕਮ ਲਵੇ। ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ।

ਗ) ਬਾਟਾ ਸਰਬ-ਲੋਹ ਦਾ ਹੋਵੇ ਤੇ ਚੌਕੀ, ਸੁਨਹਿਰੇ ਆਦਿ ਕਿਸੇ ਸਵੱਛ ਚੀਜ਼ ਪੁਰ ਰੱਖਿਆ ਹੋਵੇ।

ਘ) ਬਾਟੇ ਵਿੱਚ ਸਵੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ-ਗਿਰਦ ਬੀਰ ਆਸਨ ਹੋ ਕੇ ਬੈਠ ਜਾਣ।

ਙ) ਤੇ ਇਹਨਾਂ ਬਾਣੀਆਂ ਦਾ ਪਾਠ ਕਰਨ:

ਜਪੁ, ਜਾਪੁ, ੧੦ ਸਵੱਯੇ ('ਸ੍ਰਾਵਗ ਸੁਧ' ਵਾਲੇ), ਬੇਨਤੀ ਚੌਪਈ ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤੱਕ), ਅਨੰਦ ਸਾਹਿਬ।

ਚ) ਹਰ ਇਕ ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ ਤੇ ਧਰੇ ਤੇ ਸੱਜੇ ਹੱਥ ਨਾਲ ਖੰਡਾ ਜਲ ਵਿੱਚ ਫੇਰੀ ਜਾਵੇ। ਸੁਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ 'ਤੇ ਅਤੇ ਧਿਆਨ ਅੰਮ੍ਰਿਤ ਵੱਲ ਟਿਕੇ।

ਛ) ਪਾਠ ਹੋਣ ਮਗਰੋਂ ਪਿਆਰਿਆਂ ਵਿਚੋਂ ਕੋਈ ਇਕ ਅਰਦਾਸ ਕਰੇ।

ਜ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ 'ਚ ਹਿੱਸਾ ਲਿਆ ਹੈ, ਉਹੀ ਅੰਮ੍ਰਿਤ ਛਕਣ ਵਿੱਚ ਸ਼ਾਮਲ ਹੋ ਸਕਦਾ ਹੈ। ਅਧਵਾਟੇ ਆਉਣ ਵਾਲਾ ਨਹੀਂ ਹੋ ਸਕਦਾ।

ਝ) ਹੁਣ ਸ੍ਰੀ ਕਲਗੀਧਰ ਦਸ਼ਮੇਸ਼ ਪਿਤਾ ਦਾ ਧਿਆਨ ਧਰ ਕੇ ਹਰ ਇਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ-ਆਸਨ ਕਰਾ ਕੇ ਉਸਦੇ ਖੱਬੇ ਹੱਥ ਉੱਪਰ ਸਜਾ ਹੱਥ ਰੱਖਾ ਕੇ ਪੰਜ ਚੁਲੇ ਅੰਮ੍ਰਿਤ ਦੇ ਛਕਾਏ ਜਾਣ ਅਤੇ ਹਰ ਚੁਲੇ ਨਾਲ ਇਹ ਕਿਹਾ ਜਾਵੇ:

ਬੋਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ।' ਛਕਣ ਵਾਲਾ ਛਕ ਕੇ ਕਹੇ: 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ।' ਫੇਰ ਪੰਜ ਛੱਟੇ ਅੰਮ੍ਰਿਤ ਦੇ ਨੇਤਰਾਂ 'ਪਰ ਲਾਏ ਜਾਣ।' ਫੇਰ ਪੰਜ ਛੱਟੇ ਕੇਸਾਂਵਿੱਚ ਪਾਏ ਜਾਣ। ਹਰ ਇਕ ਛੱਟੇ ਨਾਲ ਛਕਣ ਵਾਲਾ ਛਕਾਉਣ ਵਾਲੇ ਦੇ ਪਿੱਛੇ ਪਿੱਛੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ

ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਤੇ ਸਿੱਖਣੀਆਂ) ਰਲ ਕੇ ਛਕਣ।

ਢ) ਉਪਰੰਤ ਪੰਜੇ ਪਿਆਰੇ ਰਲ ਕੇ ਇਕੋ ਅਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ 'ਵਾਹਿਗੁਰੂ' ਦਾ ਨਾਮ ਦੱਸ ਕੇ ਮੂਲ ਮੰਤ੍ ਸੁਨਾਉਣ ਤੇ ਉਹਨਾਂ ਪਾਸੋਂ ਇਸ ਦਾ ਰਟਨ ਕਰਾਉਣ:

***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥***

ਣ) ਫਿਰ ਪੰਜਾਂ ਪਿਆਰਿਆਂ 'ਚੋਂ ਕੋਈ ਸੱਜਣ ਰਹਿਤ ਦੱਸੇ-ਅੱਜ ਤੋਂ ਤੁਸੀਂ ***'ਸਤਿਗੁਰ ਕੇ ਜਨਮੇ ਗਵਨ ਮਿਟਾਇਆ'*** ਹੈ ਅਤੇ ਖਾਲਸਾ ਪੰਥ ਵਿੱਚ ਸ਼ਾਮਲ ਹੋਏ ਹੋ। ਤੁਹਾਡਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ ਹਨ। ਜਨਮ ਆਪ ਦਾ ਕੇਸਗੜ੍ਹ ਸਾਹਿਬ ਦਾ ਤੇ ਵਾਸੀ ਅਨੰਦਪੁਰ ਸਾਹਿਬ ਦੇ ਹੋ। ਇਕ ਪਿਤਾ ਦੇ ਪੁੱਤਰ ਹੋਣ ਕਰਕੇ ਆਪਸ ਵਿੱਚ ਤੇ ਹੋਰ ਸਾਰੇ ਅੰਮ੍ਰਿਤ-ਧਾਰੀਆਂ ਦੇ ਧਾਰਮਿਕ ਭਰਾਤਾ ਹੋ। ਤੁਸੀਂ ਪਿਛਲੀ ਕੁਲ, ਕਿਰਤ, ਕਰਮ, ਧਰਮ ਦਾ ਤਿਆਗ ਕਰ ਕੇ ਅਰਥਾਤ ਪਿਛਲੀ ਜਾਤ-ਪਾਤ, ਜਨਮ, ਦੇਸ਼, ਮਜ਼ਬ ਦਾ ਖਿਆਲ ਤਕ ਛੱਡ ਕੇ ਨਿਰੋਲ ਖਾਲਸਾ ਬਣ ਗਏ ਹੋ। ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸ਼ਨਾ ਨਹੀਂ ਕਰਨੀ। ਦਸੋਂ ਗੁਰੂ ਸਾਹਿਬਾਨ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ। ਤੁਸੀਂ ਗੁਰਮੁਖੀ ਜਾਣਦੇ ਹੋ (ਜੇ ਨਹੀਂ ਜਾਣਦੇ ਤਾਂ ਸਿੱਖ ਲਓ) ਅਤੇ ਹਰ ਰੋਜ਼ ਘੱਟ ਤੋਂ ਘੱਟ ਇਹਨਾਂ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਜਾਂ ਸੁਣਨਾ, ਜਪੁ, ਜਾਪੁ, ੧੦ ਸਵੱਯੇ ('ਸ੍ਰਾਵਗ ਸੁਧ' ਵਾਲੇ), ਸੋ ਦਰੁ ਰਹਰਾਸਿ ਤੇ ਸੋਹਿਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ, ਪੰਜ ਕੱਕਿਆ-ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ-ਸੰਗ ਰੱਖਣਾ।

ਇਹ ਚਾਰ ਕੁਰਹਿਤਾਂ ਨਹੀਂ ਕਰਨੀਆਂ:

੧. ਕੇਸਾਂ ਦੀ ਬੇ-ਅਦਬੀ
੨. ਕੁੱਠਾ ਖਾਣਾ।
੩. ਪਰ-ਇਸਤਰੀ ਜਾਂ ਪਰ ਪੁਰਸ਼ ਦਾ ਗਮਨ (ਭੋਗਣਾ)।
੪. ਤੰਮਾਕੂ ਦਾ ਵਰਤਣਾ।

ਇਨ੍ਹਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਏਗਾ। ਆਪਣੀ ਇੱਛਾ ਵਿਰੁੱਧ ਅਨਭੋਲ ਹੀ ਕੋਈ ਕੁਰਹਿਤ ਹੋ ਜਾਵੇ ਤਾਂ ਕੋਈ ਦੰਡ ਨਹੀਂ।

ਸਿਰਗੁੰਮ, ਕੁੜੀ ਮਾਰ, ਨੜੀ ਮਾਰ (ਜੋ ਸਿੱਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ। ਪੰਥ ਸੇਵਾ ਅਤੇ ਗੁਰਦੁਆਰਿਆਂ ਦੀ ਟਹਿਲ ਵਿੱਚ ਤਤਪਰ ਰਹਿਣਾ, ਆਪਣੀ





ਕਮਾਈ ਵਿਚੋਂ ਗੁਰੂ ਕਾ ਦਸਵੰਧ ਦੇਣਾ ਆਦਿ ਸਾਰੇ ਕੰਮ ਗੁਰਮਤਿ ਅਨੁਸਾਰ ਕਰਨੇ।

ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿੱਚ ਇਕ ਸੂਤ ਪਰੋਏ ਰਹਿਣਾ, ਰਹਿਤ ਵਿੱਚ ਕੋਈ ਭੁੱਲ ਹੋ ਜਾਵੇ ਤਾਂ ਖਾਲਸੇ ਦੇ ਦੀਵਾਨ ਵਿੱਚ ਹਾਜ਼ਰ ਹੋ ਕੇ ਬੇਨਤੀ ਕਰ ਕੇ ਤਨਖਾਹ ਬਖਸ਼ਾਉਣੀ। ਅੱਗੇ ਲਈ ਸਾਵਧਾਨ ਰਹਿਣਾ।

ਠ) ਤਨਖਾਹੀਏ ਇਹ ਹਨ:

੧. ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ, ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖਾਹੀਆ ਹੋ ਜਾਂਦਾ ਹੈ।
੨. ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।
੩. ਦਾਹੜਾ ਰੰਗਣ ਵਾਲਾ।
੪. ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲਾ।
੫. ਕੋਈ ਨਸ਼ਾ (ਭੰਗ, ਅਫੀਮ, ਸ਼ਰਾਬ, ਪੋਸਤ, ਕੁਕੀਨ ਆਦਿ) ਵਰਤਣ ਵਾਲਾ।
੬. ਗੁਰਮਤਿ ਤੋਂ ਵਿਰੁੱਧ ਕੋਈ ਸੰਸਕਾਰ ਕਰਨ ਕਰਾਉਣ ਵਾਲਾ।
੭. ਰਹਿਤ ਵਿੱਚ ਕੋਈ ਭੁੱਲ ਕਰਨ ਵਾਲਾ।

ਡ) ਇਹ ਸਿੱਖਿਆ ਦੇਣ ਤੋਂ ਉਪਰੰਤ ਪੰਜਾਂ ਪਿਆਰਿਆਂ ਵਿਚੋਂ ਕੋਈ ਜਣਾ ਅਰਦਾਸਾ ਕਰੇ।

ਢ) ਫਿਰ ਤਾਬਿਆ ਬੈਠਾ ਸਿੰਘ 'ਹੁਕਮ' ਲਵੇ, ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੈ, ਉਹਨਾਂ ਵਿਚੋਂ ਜੇ ਕਿਸੇ ਦਾ ਨਾਮ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਹੀਂ ਸੀ ਰੱਖਿਆ ਹੋਇਆ, ਉਸ ਦਾ ਨਾਮ ਹੁਣ ਬਦਲਾ ਕੇ ਰੱਖਿਆ ਜਾਵੇ।

ਣ) ਅੰਤ ਕੜਾਹ ਪ੍ਰਸ਼ਾਦਿ ਵਰਤੇ। ਜਹਾਜ਼ ਚੜ੍ਹੇ ਸਾਰੇ ਸਿੰਘ ਤੇ ਸਿੰਘਣੀਆਂ ਇਕੋ ਬਾਟੇ ਵਿਚੋਂ ਕੜਾਹ ਪ੍ਰਸ਼ਾਦਿ ਰਲ ਕੇ ਛਕਣ।

21. ***ਤਨਖਾਹ ਲਾਉਣ ਦੀ ਵਿਧੀ***

ੳ) ਜਿਸ ਕਿਸੇ ਸਿੱਖ ਪਾਸੋਂ ਰਹਿਤ ਦੀ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ-ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁੱਖ ਖੜ੍ਹੋ ਕੇ ਆਪਣੀ ਭੁੱਲ ਮੰਨੇ।

ਅ) ਗੁਰ-ਸੰਗਤ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁੱਲ ਨੂੰ ਵਿਚਾਰ ਕੇ ਗੁਰ-ਸੰਗਤ ਪਾਸ ਤਨਖਾਹ (ਦੰਡ) ਤਜਵੀਜ਼ ਕਰਨ।

ੲ) ਸੰਗਤ ਨੂੰ ਬਖਸ਼ਣ ਵੇਲੇ ਹਠ ਨਹੀਂ ਕਰਨਾ ਚਾਹੀਦਾ। ਨਾ ਹੀ ਤਨਖਾਹ ਲੁਆਉਣ ਵਾਲੇ ਨੂੰ ਦੰਡ ਭਰਨ ਵਿੱਚ ਅੜੀ ਕਰਨੀ ਚਾਹੀਦੀ ਹੈ। ਤਨਖਾਹ ਕਿਸੇ ਕਿਸਮ ਦੀ ਸੇਵਾ, ਖਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਦੀ ਹੈ।

22. ***ਗੁਰਮਤਾ ਕਰਨ ਦੀ ਵਿਧੀ***

ੳ) ਗੁਰਮਤਾ ਕੇਵਲ ਉਨ੍ਹਾਂ ਸਵਾਲਾਂ 'ਤੇ ਹੀ ਹੋ ਸਕਦਾ ਹੈ, ਜੋ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ, ਅਰਥਾਤ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ

ਸਾਹਿਬ ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ, ਰਹਿਤ-ਬਹਿਤ, ਪੰਥ ਦੀ ਬਨਾਵਟ ਆਦਿ ਨੂੰ ਕਾਇਮ ਰੱਖਣ ਬਾਬਤ। ਹੋਰ ਕਿਸੇ ਕਿਸਮ ਦੇ ਸਾਧਾਰਨ (ਧਾਰਮਿਕ, ਵਿਦਿਅਕ, ਸਮਾਜਕ, ਪੁਲੀਟੀਕਲ) ਸਵਾਲ ਉਤੇ ਕੇਵਲ ਮਤਾ ਹੋ ਸਕਦਾ ਹੈ।

ਅ) ਇਹ ਗੁਰਮਤਾ ਗੁਰੂ ਪੰਥ ਦਾ ਚੁਣਿਆ ਹੋਇਆ ਕੇਵਲ ਸ਼੍ਰੋਮਣੀ ਜਥਾ ਜਾਂ ਗੁਰੂ-ਪੰਥ ਦਾ ਪ੍ਰਤੀਨਿਧ ਇੱਕਠ ਹੀ ਕਰ ਸਕਦਾ ਹੈ।

23. ***ਸਥਾਨਕ ਫੈਸਲਿਆਂ ਦੀ ਅਪੀਲ***

ਸਥਾਨਕ ਗੁਰ-ਸੰਗਤ ਦੇ ਫੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ ਪਾਸ ਹੋ ਸਕਦੀ ਹੈ।

ਪ੍ਰਸ਼ਨ 1: ਸੇਵਾ ਤੋਂ ਕੀ ਭਾਵ ਹੈ?

ਪ੍ਰਸ਼ਨ 2: ਗੁਰੂ ਪੰਥ ਕਿਸ ਨੂੰ ਆਖਦੇ ਹਨ?

ਪ੍ਰਸ਼ਨ 3: ਅੰਮ੍ਰਿਤ ਛਕਾਉਣ ਵੇਲੇ ਕਿਹੜੀਆਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

ਪ੍ਰਸ਼ਨ 5: ਚਾਰ ਬਜਰ ਕੁਰਹਿਤਾਂ ਕਿਹੜੀਆਂ ਹਨ?

ਪ੍ਰਸ਼ਨ 6: ਤਨਖਾਹੀਏ ਕਿਸ ਨੂੰ ਕਿਹਾ ਜਾਂਦਾ ਹੈ?

ਪ੍ਰਸ਼ਨ 7: ਸਿੱਖ ਪੰਥ ਵਿੱਚ ਤਨਖਾਹ ਲਾਉਣ ਦੀ ਵਿਧੀ ਕੀ ਹੈ?

ਪ੍ਰਸ਼ਨ 8: ਗੁਰਮਤਾ ਤੋਂ ਕੀ ਭਾਵ ਹੈ?

## ਪ੍ਰੋਜੈਕਟ ਵਰਕ

1. ਮੀਰ ਮੰਨੂ ਵੱਲੋਂ ਸਿੱਖਾਂ ਤੇ ਕੀਤੇ ਗਏ ਅੱਤਿਆਚਾਰ ਦਾ ਜਵਾਬ ਇਕ ਚਿੱਠੀ ਰਾਹੀਂ ਲਿਖੋ।
2. ਬਿਉਰਾ ਗੁਰੂ ਗ੍ਰੰਥ ਸਾਹਿਬ ਬਣਾਉ।

## ਜਪੁ ਜੀ ਸਾਹਿਬ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

॥ਜਪੁ॥

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥ ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥ ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥ ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥ ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥ ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ ਹੁਕਮੀ ਹੋਵਨਿ ਜੀਅ





ਹੁਕਮਿ ਮਿਲੈ ਵਡਿਆਈ॥ ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥ ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥ ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥ ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥ ਗਾਵੈ ਕੋ ਦਾਤਿ ਜਾਣੈ ਨੀਸਾਣੁ॥ ਗਾਵੈ ਕੋ ਗੁਣ ਵਡਿਆਈਆ ਚਾਰ॥ ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥ ਗਾਵੈ ਕੋ ਸਾਜਿ ਕਰੇ ਤਨੁ ਖੇਹ॥ ਗਾਵੈ ਕੋ ਜੀਅ ਲੈ ਫਿਰਿ ਦੇਹ॥ ਗਾਵੈ ਕੋ ਜਾਪੈ ਦਿਸੈ ਦੂਰਿ॥ ਗਾਵੈ ਕੋ ਵੇਖੈ ਹਾਦਰਾ ਹਦੂਰਿ॥ ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥ ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥ ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ॥੩॥ ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥ ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥ ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥੪॥ ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥ ਜਿਨਿ ਸੇਵਿਆ ਤਿਨਿ ਪਾਇਆ ਮਾਨੁ॥ ਨਾਨਕ ਗਾਵੀਐ ਗੁਣੀ ਨਿਧਾਨੁ॥ ਗਾਵੀਐ ਸੁਣੀਐ ਮਨਿ ਰਖੀਐ ਭਾਉ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥ ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥ ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥ ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੫॥ ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥ ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥ ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥ ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨਾ ਜਾਈ॥੬॥ ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥ ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥ ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥ ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥੭॥ ਸੁਣਿਐ ਸਿਧ ਪੀਰ ਸੁਰਿ ਨਾਥ॥ ਸੁਣਿਐ ਧਰਤਿ ਧਵਲ ਆਕਾਸ॥ ਸੁਣਿਐ ਦੀਪ ਲੋਅ ਪਾਤਾਲ॥ ਸੁਣਿਐ ਪੋਹਿ ਨ ਸਕੈ ਕਾਲੁ॥ ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੮॥ ਸੁਣਿਐ ਈਸਰੁ

ਬਰਮਾ ਇੰਦੁ॥ ਸੁਣਿਐ ਮੁਖਿ ਸਾਲਾਹਣ ਮੰਦੁ॥ ਸੁਣਿਐ ਜੋਗ ਜੁਗਤਿ ਤਨਿ ਭੇਦ॥ ਸੁਣਿਐ ਸਾਸਤ ਸਿਮ੍ਰਿਤਿ ਵੇਦ॥ ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੯॥ ਸੁਣਿਐ ਸਤੁ ਸੰਤੋਖੁ ਗਿਆਨੁ॥ ਸੁਣਿਐ ਅਠਸਠਿ ਕਾ ਇਸਨਾਨੁ॥ ਸੁਣਿਐ ਪੜਿ ਪੜਿ ਪਾਵਹਿ ਮਾਨੁ॥ ਸੁਣਿਐ ਲਾਗੈ ਸਹਜਿ ਧਿਆਨੁ॥ ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੧੦॥ ਸੁਣਿਐ ਸਰਾ ਗੁਣਾ ਕੇ ਗਾਹ॥ ਸੁਣਿਐ ਸੇਖ ਪੀਰ ਪਾਤਿਸਾਹ॥ ਸੁਣਿਐ ਅੰਧੇ ਪਾਵਹਿ ਰਾਹੁ॥ ਸੁਣਿਐ ਹਾਥ ਹੋਵੈ ਅਸਗਾਹੁ॥ ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੧੧॥ ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥ ਕਾਗਦਿ ਕਲਮ ਨ ਲਿਖਣਹਾਰੁ॥ ਮੰਨੇ ਕਾ ਬਹਿ ਕਰਨਿ ਵੀਚਾਰੁ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥ ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ॥ ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥ ਮੰਨੈ ਮਾਰਗਿ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ ॥ ਮੰਨੈ ਮਗੁ ਨ ਚਲੈ ਪੰਥੁ॥ ਮੰਨੈ ਧਰਮ ਸੇਤੀ ਸਨਬੰਧੁ॥ ਐਸਾ ਨਾਮ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥੧੪॥ ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ॥ ਮੰਨੈ ਤਰੈ ਤਾਰੇ ਗੁਰੁ ਸਿਖ॥ ਮੰਨੈ ਨਾਨਕ ਭਵਹਿ ਨ ਭਿਖ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥੧੫॥ ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥ ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥ ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ॥ ਧੌਲੁ ਧਰਮੁ ਦਇਆ ਕਾ ਪੂਤੁ। ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ ਜੇ ਕੋ ਬੁਝੈ ਹੋਵੈ ਸਚਿਆਰੁ॥ ਧਵਲੈ ਉਪਰਿ ਕੇਤਾ ਭਾਰੁ॥ ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ॥ ਜੀਅ ਜਾਤਿ ਰੰਗਾ ਕੇ ਨਾਵ॥ ਸਭਨਾ ਲਿਖਿਆ ਵੁੜੀ ਕਲਾਮ॥ ਏਹੁ ਲੇਖਾ ਲਿਖਿ ਜਾਣੈ ਕੋਇ॥ ਲੇਖਾ ਲਿਖਿਆ ਕੇਤਾ ਹੋਇ॥ ਕੇਤਾ ਤਾਣੁ ਸੁਆਲਿਹੁ ਰੂਪੁ॥ ਕੇਤੀ ਦਾਤਿ ਜਾਣੈ ਕੌਣੁ ਕੂਤੁ॥ ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੬॥ ਅਸੰਖ ਜਪ ਅਸੰਖ ਭਾਉ॥ ਅਸੰਖ ਪੂਜਾ ਅਸੰਖ ਤਪ ਤਾਉ॥ ਅਸੰਖ ਗਰੰਥ ਮੁਖਿ ਵੇਦ ਪਾਠ॥ ਅਸੰਖ ਜੋਗ ਮਨਿ ਰਹਹਿ ਉਦਾਸ॥ ਅਸੰਖ ਭਗਤ ਗੁਣ ਗਿਆਨ ਵੀਚਾਰ॥ ਅਸੰਖ ਸਤੀ ਅਸੰਖ ਦਾਤਾਰ ॥ ਅਸੰਖ ਸੂਰ ਮੁਹ ਭਖਸਾਰ॥ ਅਸੰਖ ਮੋਨਿ ਲਿਵ ਲਾਇ ਤਾਰ ॥ ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ





ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੭॥ ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥ ਅਸੰਖ ਅਮਰ ਕਰਿ ਜਾਹਿ ਜੋਰ॥ ਅਸੰਖ ਗਲਵਢ ਹਤਿਆ ਕਮਾਹਿ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥ ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ॥ ਨਾਨਕੁ ਨੀਚੁ ਕਹੈ ਵੀਚਾਰੁ ॥ ਵਾਰਿਆ ਨਾ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ ॥੧੮॥ ਅਸੰਖ ਨਾਵ ਅਸੰਖ ਥਾਵ॥ ਅਗੰਮ ਅਗੰਮ ਅਸੰਖ ਲੋਅ। ਅਸੰਖ ਕਹਹਿ ਸਿਰਿ ਭਾਰੁ ਹੋਇ॥ ਅਖਰੀ ਨਾਮੁ ਅਖਰੀ ਸਾਲਾਹ॥ ਅਖਰੀ ਗਿਆਨੁ ਗੀਤ ਗੁਣ ਗਾਹ॥ ਅਖਰੀ ਲਿਖਣੁ ਬੋਲਣੁ ਬਾਣਿ॥ ਅਖਰਾ ਸਿਰਿ ਸੰਜੋਗੁ ਵਖਾਣਿ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥ ਜਿਵ ਫੁਰਮਾਏ ਤਿਵ ਤਿਵ ਪਾਹਿ॥ ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨਾ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥੧੯॥ ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥ ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ ॥ ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥ ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ ॥ ੨੦॥ ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥ ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ॥ ਸਭਿ ਗੁਣ ਤੇਰੇ ਮੈ ਨਾਹੀ ਕੋਇ॥ ਵਿਣੁ ਗੁਣ ਕੀਤੇ ਭਗਤਿ ਨ ਹੋਇ॥ ਸੁਅਸਤਿ ਆਥਿ ਬਾਣੀ ਬਰਮਾਉ॥ ਸਤਿ ਸੁਹਾਣੁ ਸਦਾ ਮਨਿ ਚਾਉ॥ ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥ ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥ ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥ ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ॥ ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ॥ ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ॥੨੧॥ ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥ ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥ ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥ ਨਦੀਆ ਅਤੈ ਵਾਹ ਪਵਹਿ ਸਮੁੰਦਿ ਨ

ਜਾਣੀਅਹਿ॥ ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥੨੩॥ ਅੰਤੁ ਨ ਸਿਫਤੀ ਕਹਣਿ ਨ ਅੰਤੁ॥ ਅੰਤੁ ਨ ਕਰਣੈ ਦੇਣਿ ਨ ਅੰਤੁ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥ ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥ ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥ ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥ ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥ ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥ ਜੇਵਡੁ ਆਪਿ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ ॥੨੪॥ ਬਹੁਤਾ ਕਰਮੁ ਲਿਖਿਆ ਨਾ ਜਾਇ॥ ਵਡਾ ਦਾਤਾ ਤਿਲੁ ਨ ਤਮਾਇ॥ ਕੇਤੇ ਮੰਗਹਿ ਜੋਧ ਅਪਾਰ॥ ਕੇਤਿਆ ਗਣਤ ਨਹੀ ਵੀਚਾਰੁ॥ ਕੇਤੇ ਖਪਿ ਤੁਟਹਿ ਵੇਕਾਰ॥ ਕੇਤੇ ਲੈ ਲੈ ਮੁਕਰੁ ਪਾਹਿ॥ ਕੇਤੇ ਮੂਰਖ ਖਾਹੀ ਖਾਹਿ॥ ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥ ਬੰਦਿ ਖਲਾਸੀ ਭਾਣੈ ਹੋਇ॥ ਹੋਰੁ ਆਖਿ ਨ ਸਕੈ ਕੋਇ॥ ਜੇ ਕੋ ਖਾਇਕੁ ਆਖਣਿ ਪਾਇ॥ ਓਹੁ ਜਾਣੈ ਜੇਤੀਆ ਮੁਹਿ ਖਾਇ ॥ ਆਪੇ ਜਾਣੈ ਆਪੇ ਦੇਇ॥ ਆਖਹਿ ਸਿ ਭਿ ਕੇਈ ਕੇਇ॥ ਜਿਸ ਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥੨੫॥ ਅਮੁਲ ਗੁਣ ਅਮੁਲ ਵਾਪਾਰ॥ ਅਮੁਲ ਵਾਪਾਰੀਏ ਅਮੁਲ ਭੰਡਾਰ॥ ਅਮੁਲ ਆਵਹਿ ਅਮੁਲ ਲੈ ਜਾਹਿ ॥ ਅਮੁਲ ਭਾਇ ਅਮੁਲਾ ਸਮਾਹਿ॥ ਅਮੁਲੁ ਧਰਮੁ ਅਮੁਲੁ ਦੀਬਾਣੁ॥ ਅਮੁਲੁ ਤੁਲੁ ਅਮੁਲੁ ਪਰਵਾਣੁ॥ ਅਮੁਲੁ ਬਖਸੀਸ ਅਮੁਲੁ ਨੀਸਾਣੁ॥ ਅਮੁਲੁ ਕਰਮੁ ਅਮੁਲੁ ਫੁਰਮਾਣੁ॥ ਅਮੁਲੋ ਅਮੁਲੁ ਆਖਿਆ ਨ ਜਾਇ॥ ਆਖਿ ਆਖਿ ਰਹੇ ਲਿਵ ਲਾਇ॥ ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣੁ॥ ਆਖਹਿ ਬਰਮੇ ਆਖਹਿ ਇੰਦ॥ ਆਖਹਿ ਗੋਪੀ ਤੈ ਗੋਵਿੰਦ॥ ਆਖਹਿ ਈਸਰ ਆਖਹਿ ਸਿਧ॥ ਆਖਹਿ ਕੇਤੇ ਕੀਤੇ ਬੁਧ॥ ਆਖਹਿ ਦਾਨਵ ਆਖਹਿ ਦੇਵ॥ ਆਖਹਿ ਸੁਰਿ ਨਰ ਮੁਨਿ ਜਨ ਸੇਵ॥ ਕੇਤੇ ਆਖਹਿ ਆਖਣਿ ਪਾਹਿ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ॥ ਏਤੇ ਕੀਤੇ ਹੋਰਿ ਕਰੇਹਿ॥ ਤਾ ਆਖਿ ਨ ਸਕਹਿ ਕੇਈ ਕੇਇ॥ ਜੇਵਡੁ ਭਾਵੈ ਤੇਵਡੁ ਹੋਇ॥ ਨਾਨਕ ਜਾਣੈ ਸਾਚਾ ਸੋਇ॥ ਜੇ ਕੋ ਆਖੈ ਬੋਲੁ ਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥੨੬॥ ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥ ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥ ਗਾਵਹਿ ਤੁਹਨੋ ਪਉਣ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥ ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥ ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥ ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ





ਸਾਧ ਵਿਚਾਰੇ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥ ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥ ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ॥ ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥ ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥ ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥ ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥ ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿਨਾਨਕੁ ਕਿਆ ਵੀਚਾਰੇ॥ ਸੋਈ ਸੋਈ ਸਦਾ ਸਚੁ ਸਾਹਿਬ ਸਾਚਾ ਸਾਚੀ ਨਾਈ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥ ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥ ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥ ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥ ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥੨੭॥ ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥ ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੮॥ ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥ ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥ ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥ ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੯॥ ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥ ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥ ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੩੦॥ ਆਸਣੁ ਲੋਇ ਲੋਇ ਭੰਡਾਰ॥ ਜੋ ਕਿਛੁ ਪਾਇਆ ਸੁ ਏਕਾ ਵਾਰ॥ ਕਰਿ ਕਰਿ ਵੇਖੈ ਸਿਰਜਣਹਾਰੁ॥ ਨਾਨਕ ਸਚੇ ਕੀ ਸਾਚੀ ਕਾਰ॥ ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੩੧॥ ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥ ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥ ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥੩੨॥ ਆਖਣਿ ਜੋਰੁ ਚੁਪੈ ਨਹ ਜੋਰੁ॥ ਜੋਰੁ ਨ ਮੰਗਣਿ ਦੇਣਿ ਨ ਜੋਰੁ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ ਜੋਰੁ ਨ ਜੁਗਤੀ ਛੁਟੈ ਸੰਸਾਰੁ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ

ਜਾਣੀਅਹਿ॥ ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥੨੩॥ ਅੰਤੁ ਨ ਸਿਫਤੀ ਕਹਣਿ ਨ ਅੰਤੁ॥ ਅੰਤੁ ਨ ਕਰਣੈ ਦੇਣਿ ਨ ਅੰਤੁ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥ ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥ ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥ ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥ ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥ ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥ ਜੇਵਡੁ ਆਪਿ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ ॥੨੪॥ ਬਹੁਤਾ ਕਰਮੁ ਲਿਖਿਆ ਨਾ ਜਾਇ॥ ਵਡਾ ਦਾਤਾ ਤਿਲੁ ਨ ਤਮਾਇ॥ ਕੇਤੇ ਮੰਗਹਿ ਜੋਧ ਅਪਾਰ॥ ਕੇਤਿਆ ਗਣਤ ਨਹੀ ਵੀਚਾਰੁ॥ ਕੇਤੇ ਖਪਿ ਤੁਟਹਿ ਵੇਕਾਰ॥ ਕੇਤੇ ਲੈ ਲੈ ਮੁਕਰੁ ਪਾਹਿ॥ ਕੇਤੇ ਮੂਰਖ ਖਾਹੀ ਖਾਹਿ॥ ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥ ਬੰਦਿ ਖਲਾਸੀ ਭਾਣੈ ਹੋਇ॥ ਹੋਰੁ ਆਖਿ ਨ ਸਕੈ ਕੋਇ॥ ਜੇ ਕੋ ਖਾਇਕੁ ਆਖਣਿ ਪਾਇ॥ ਓਹੁ ਜਾਣੈ ਜੇਤੀਆ ਮੁਹਿ ਖਾਇ ॥ ਆਪੇ ਜਾਣੈ ਆਪੇ ਦੇਇ॥ ਆਖਹਿ ਸਿ ਭਿ ਕੇਈ ਕੇਇ॥ ਜਿਸ ਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥੨੫॥ ਅਮੁਲ ਗੁਣ ਅਮੁਲ ਵਾਪਾਰ॥ ਅਮੁਲ ਵਾਪਾਰੀਏ ਅਮੁਲ ਭੰਡਾਰ॥ ਅਮੁਲ ਆਵਹਿ ਅਮੁਲ ਲੈ ਜਾਹਿ ॥ ਅਮੁਲ ਭਾਇ ਅਮੁਲਾ ਸਮਾਹਿ॥ ਅਮੁਲੁ ਧਰਮੁ ਅਮੁਲੁ ਦੀਬਾਣੁ॥ ਅਮੁਲੁ ਤੁਲੁ ਅਮੁਲੁ ਪਰਵਾਣੁ॥ ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ॥ ਅਮੁਲੋ ਅਮੁਲੁ ਆਖਿਆ ਨ ਜਾਇ॥ ਆਖਿ ਆਖਿ ਰਹੇ ਲਿਵ ਲਾਇ॥ ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣੁ॥ ਆਖਹਿ ਬਰਮੇ ਆਖਹਿ ਇੰਦ॥ ਆਖਹਿ ਗੋਪੀ ਤੈ ਗੋਵਿੰਦ॥ ਆਖਹਿ ਈਸਰ ਆਖਹਿ ਸਿਧ॥ ਆਖਹਿ ਕੇਤੇ ਕੀਤੇ ਬੁਧ॥ ਆਖਹਿ ਦਾਨਵ ਆਖਹਿ ਦੇਵ॥ ਆਖਹਿ ਸੁਰਿ ਨਰ ਮੁਨਿ ਜਨ ਸੇਵ॥ ਕੇਤੇ ਆਖਹਿ ਆਖਣਿ ਪਾਹਿ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ॥ ਏਤੇ ਕੀਤੇ ਹੋਰਿ ਕਰੇਹਿ॥ ਤਾ ਆਖਿ ਨ ਸਕਹਿ ਕੇਈ ਕੇਇ॥ ਜੇਵਡੁ ਭਾਵੈ ਤੇਵਡੁ ਹੋਇ॥ ਨਾਨਕ ਜਾਣੈ ਸਾਚਾ ਸੋਇ॥ ਜੇ ਕੋ ਆਖੈ ਬੋਲੁ ਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥੨੬॥ ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥ ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥ ਗਾਵਹਿ ਤੁਹਨੋ ਪਉਣ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥ ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥ ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥ ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ





ਸਾਧ ਵਿਚਾਰੇ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥ ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥ ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ॥ ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥ ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥ ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥ ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥ ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥ ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥ ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥ ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥ ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥ ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥੨੭॥ ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥ ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੮॥ ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥ ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥ ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥ ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੯॥ ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥ ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥ ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੩੦॥ ਆਸਣੁ ਲੋਇ ਲੋਇ ਭੰਡਾਰ॥ ਜੋ ਕਿਛੁ ਪਾਇਆ ਸੁ ਏਕਾ ਵਾਰ॥ ਕਰਿ ਕਰਿ ਵੇਖੈ ਸਿਰਜਣਹਾਰੁ॥ ਨਾਨਕ ਸਚੇ ਕੀ ਸਾਚੀ ਕਾਰ॥ ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੩੧॥ ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥ ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥ ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥੩੨॥ ਆਖਣਿ ਜੋਰੁ ਚੁਪੈ ਨਹ ਜੋਰੁ॥ ਜੋਰੁ ਨ ਮੰਗਣਿ ਦੇਣਿ ਨ ਜੋਰੁ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ ਜੋਰੁ ਨ ਜੁਗਤੀ ਛੁਟੈ ਸੰਸਾਰੁ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ

ਕੋਇ॥੩੩॥ ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ ਅਨੇਕ ਅਨੰਤ॥ ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ॥ ਕਚ ਪਕਾਈ ਓਥੈ ਪਾਇ॥ ਨਾਨਕ ਗਇਆ ਜਾਪੈ ਜਾਇ ॥੩੪॥ ਧਰਮ ਖੰਡ ਕਾ ਏਹੋ ਧਰਮੁ॥ ਗਿਆਨ ਖੰਡ ਕਾ ਆਖਹੁ ਕਰਮੁ॥ ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥ ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥ ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥ ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ। ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥੩੫॥ ਗਿਆਨ ਖੰਡ ਮਹਿ ਗਿਆਨੁ ਪਰਚੰਡੁ॥ ਤਿਥੈ ਨਾਦ ਬਿਨੋਦ ਕੋਡ ਅਨੰਦੁ॥ ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥ ਤਾ ਕੀਆ ਗਲਾ ਕਥੀਆ ਨ ਜਾਹਿ॥ ਜੇ ਕੋ ਕਹੈ ਪਿਛੈ ਪਛੁਤਾਇ ॥ ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥ ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ॥ ਤਿਥੈ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥ ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ ਨ ਕਥਨੇ ਜਾਹਿ॥ ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥ ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥ ਸਚਿ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ॥ ਤਿਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥ ਜਤੁ ਪਹਾਰਾ ਧੀਰਜੁ ਸੁਨਿਆਰੁ॥ ਅਹਰਣਿ ਮਤਿ ਵੇਦੁ ਹਥੀਆਰੁ॥ ਭਉ ਖਲਾ ਅਗਨਿ ਤਪਤਾਉ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥ ਘੜੀਐ ਸਬਦੁ ਸਚੀ ਟਕਸਾਲ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥੩੮॥ ਸਲੋਕੁ ॥ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥ ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥





## ਰਹਰਾਸਿ ਸਾਹਿਬ

### ਸੋ ਦਰੁ ਰਾਗੁ ਆਸਾ ਮਹਲਾ ੧

### ੴ ਸਤਿਗੁਰ ਪ੍ਰਸਾਦਿ॥

ਸੋਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥ ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥ ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ॥ ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥ ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ॥ ਗਾਵਨਿ ਤੁਧਨੋ ਈਸਰ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥ ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ॥ ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ॥ ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ॥ ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ॥ ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ॥ ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥ ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ॥ ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ॥ ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥ ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ॥ ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥ ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥ ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ॥ ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ॥ ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣੁ ਰਜਾਈ॥੧॥

ਆਸਾ ਮਹਲਾ ੧॥ ਸੁਣਿ ਵਡਾ ਆਖੈ ਸਭੁ ਕੋਇ॥ ਕੇਵਡੁ ਵਡਾ ਡੀਠਾ ਹੋਇ॥ ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥ ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥੧॥ ਰਹਾਉ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ॥ ਸਭ ਕੀਮਤਿ ਮਿਲਿ ਕੀਮਤਿ ਪਾਈ॥ ਗਿਆਨੀ ਧਿਆਨੀ ਗੁਰ ਗੁਰਹਾਈ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ॥ ਸਿਧਾ ਪੁਰਖਾ ਕੀਆ ਵਡਿਆਈਆ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ॥੩॥ ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ॥ ਨਾਨਕ ਸਚੁ ਸਵਾਰਣਹਾਰਾ॥੪॥੨॥

ਆਸਾ ਮਹਲਾ ੧॥ ਆਖਾ ਜੀਵਾ ਵਿਸਰੈ ਮਰਿ ਜਾਉ॥ ਆਖਣਿ ਅਉਖਾ ਸਾਚਾ ਨਾਉ।ਸਾਚੇ ਨਾਮ ਕੀ ਲਾਗੈ ਭੂਖ॥ ਉਤੁ ਭੂਖੈ ਖਾਇ ਚਲੀਅਹਿ ਦੂਖ॥੧॥ਸੋ ਕਿਉ ਵਿਸਰੈ ਮੇਰੀ ਮਾਇ॥ ਸਾਚਾ ਸਾਹਿਬੁ ਸਾਚੈ ਨਾਇ॥੧॥ਰਹਾਉ॥ ਸਾਚੇ ਨਾਮ ਕੀ ਤਿਲੁ ਵਡਿਆਈ॥ ਆਖਿ ਥਕੇ ਕੀਮਤਿ ਨਹੀ ਪਾਈ॥ ਜੇ ਸਭਿ ਮਿਲਿ ਕੈ ਆਖਣਿ ਪਾਹਿ॥ ਵਡਾ ਨ ਹੋਵੈ ਘਾਟਿ ਨ ਜਾਇ॥੨॥ ਨਾ ਓਹੁ ਮਰੈ ਨ ਹੋਵੈ ਸੋਗੁ॥ ਦੇਦਾ ਰਹੈ ਨ ਚੂਕੈ ਭੋਗੁ॥ ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥ ਖਸਮੁ ਵਿਸਾਰਹਿ ਤੇ ਕਮਜਾਤਿ॥ ਨਾਨਕ ਨਾਵੈ ਬਾਝੁ ਸਨਾਤਿ॥੪॥੩॥ ਰਾਗੁ ਗੂਜਰੀ ਮਹਲਾ ੪॥ ਹਰਿ ਕੇ ਜਨ ਸਤਿਗੁਰ ਸਤਿਪੁਰਖਾ ਬਿਨਉ ਕਰਉ ਗੁਰ ਪਾਸਿ ॥ ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥ ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ॥ ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ਰਹਾਉ॥ ਹਰਿ ਜਨ ਕੇ ਵਡਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ॥ ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥ ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗ ਹੀਣ ਜਮ ਪਾਸਿ ॥ ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥ ਜਿਨ ਹਰਿਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ॥ ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥ ਰਾਗੁ ਗੂਜਰੀ ਮਹਲਾ 5॥ ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥ ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥੧॥ ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥ ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥੧॥ ਰਹਾਉ॥ ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ॥ ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥ ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥ ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥੩॥ ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ॥ ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ॥੪॥੫॥ ਰਾਗੁ ਆਸਾ ਮਹਲਾ ੪ ਸੋ ਪੁਰਖੁ॥ ੧ੳ ਸਤਿਗੁਰ ਪ੍ਰਸਾਦਿ॥ ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ॥ ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ॥ ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥ ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥ ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ॥੧॥ ਤੂੰ ਘਟ ਘਟ ਅੰਤਰਿ





ਸਰਬ ਨਿਰੰਤਰਿ ਜੀ ਹਰ ਏਕੋ ਪੁਰਖੁ ਸਮਾਣਾ॥ ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥ ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ॥ ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ॥ ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ॥੨॥ ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ॥ ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ॥ ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ॥ ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ॥ ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਸ ਬਲਿ ਜਾਸੀ ॥੩॥ ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ॥ ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ॥ ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ॥ ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟ ਕਰਮ ਕਰੰਤਾ॥ ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ॥੪॥ ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ॥ ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ॥ ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ॥ ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ॥ ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ॥੫॥੧॥ ਆਸਾ ਮਹਲਾ ੪॥ ਤੂੰ ਕਰਤਾ ਸਚਿਆਰੁ ਮੈਡਾ ਸਾਂਈ॥ ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ॥੧॥ ਰਹਾਉ॥ ਸਭ ਤੇਰੀ ਤੂੰ ਸਭਨੀ ਧਿਆਇਆ॥ ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ॥ ਗੁਰਮੁਖਿ ਲਾਧਾ ਮਨਮੁਖਿ ਗਵਾਇਆ॥ ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥ ਤੂੰ ਦਰੀਆਉ ਸਭ ਤੁਝ ਹੀ ਮਾਹਿ॥ ਤੁਝ ਬਿਨੁ ਦੂਜਾ ਕੋਈ ਨਾਹਿ॥ ਜੀਅ ਜੰਤ ਸਭਿ ਤੇਰਾ ਖੇਲੁ॥ ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ॥੨॥ ਜਿਸ ਨੋ ਤੂੰ ਜਾਣਾਇਹਿ ਸੋਈ ਜਨੁ ਜਾਣੈ॥ ਹਰਿਗੁਣ ਸਦ ਹੀ ਆਖਿ ਵਖਾਣੈ॥ ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ॥ ਸਹਜੇ ਹੀ ਹਰਿ ਨਾਮਿ ਸਮਾਇਆ॥੩॥ ਤੂੰ ਆਪੇ ਕਰਤਾ ਤੇਰਾ ਕੀਆ ਸਭੁ ਹੋਇ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ॥ ਤੂ ਕਰਿ ਕਰਿ ਵੇਖਹਿ ਜਾਣਹਿ ਸੋਇ॥ ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥ ਆਸਾ ਮਹਲਾ ੧॥ ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ॥ ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ॥੧॥ ਮਨ ਏਕੁ ਨ ਚੇਤਸਿ ਮੂੜ ਮਨਾ॥ ਹਰਿ ਬਿਸਰਤ ਤੇਰੇ ਗੁਣ ਗਲਿਆ॥੧॥ ਰਹਾਉ॥ ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ

ਜਨਮੁ ਭਇਆ॥ ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂੰ ਨਾਹੀ ਵੀਸਰਿਆ॥੨॥੩॥ ਆਸਾ ਮਹਲਾ ੫ ॥ ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥੧॥ ਸਰੰਜਾਮਿ ਲਾਗੁ ਭਵਜਲ ਤਰਨ ਕੈ॥ ਜਨਮ ਬ੍ਰਿਥਾ ਜਾਤ ਰੰਗਿ ਮਾਇਆ ਕੈ॥੧॥ਰਹਾਉ॥ ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ॥ ਕਹੁ ਨਾਨਕ ਹਮ ਨੀਚ ਕਰੰਮਾ॥ ਸਰਣਿ ਪਰੇ ਕੀ ਰਾਖਹੁ ਸਰਮਾ॥੨॥੪॥ ਕਬਿਯੋਬਾਚ ਬੇਨਤੀ ॥ ਚੌਪਈ ॥ ਪਾਤਸ਼ਾਹੀ ੧੦॥ ਹਮਰੀ ਕਰੋ ਹਾਥ ਦੈ ਰੱਛਾ॥ ਪੂਰਨ ਹੋਇ ਚਿਤ ਕੀ ਇੱਛਾ ॥ ਤਵ ਚਰਨਨ ਮਨ ਰਹੈ ਹਮਾਰਾ॥ ਅਪਨਾ ਜਾਨ ਕਰੋ ਪ੍ਰਤਿਪਾਰਾ॥੧॥ ਹਮਰੇ ਦੁਸਟ ਸਭੈ ਤੁਮ ਘਾਵਹੁ॥ ਆਪੁ ਹਾਥ ਦੈ ਮੋਹਿ ਬਚਾਵਹੁ॥ ਸੁਖੀ ਬਸੈ ਮੋਰੋ ਪਰਿਵਾਰਾ॥ ਸੇਵਕ ਸਿੱਖ ਸਭੈ ਕਰਤਾਰਾ ॥੨॥ ਮੋ ਰੱਛਾ ਨਿਜ ਕਰ ਦੈ ਕਰਿਯੈ॥ ਸਭ ਬੈਰਨ ਕੋ ਆਜ ਸੰਘਰਿਯੈ॥ ਪੂਰਨ ਹੋਇ ਹਮਾਰੀ ਆਸਾ॥ ਤੋਰ ਭਜਨ ਕੀ ਰਹੈ ਪਿਆਸਾ॥੩॥ ਤੁਮਹਿ ਛਾਡਿ ਕੋਈ ਅਵਰੁ ਨ ਧਯਾਊਂ॥ ਜੋ ਬਰ ਚਹੋਂ ਸੁ ਤੁਮ ਤੇ ਪਾਊਂ॥ ਸੇਵਕ ਸਿੱਖ ਹਮਾਰੇ ਤਾਰੀਅਹਿ॥ ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ॥੪॥ ਆਪ ਹਾਥ ਦੈ ਮੁਝੈ ਉਬਰਿਯੈ॥ ਮਰਨ ਕਾਲ ਕਾ ਤ੍ਰਾਸ ਨਿਵਰਿਯੈ॥ ਹੂਜੋ ਸਦਾ ਹਮਾਰੇ ਪੱਛਾ॥ ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ॥੫॥ ਰਾਖਿ ਲੇਹੁ ਮੁਹਿ ਰਾਖਨਹਾਰੇ॥ ਸਾਹਿਬ ਸੰਤ ਸਹਾਇ ਪਿਯਾਰੇ॥ ਦੀਨ ਬੰਧੁ ਦੁਸਟਨ ਕੇ ਹੰਤਾ॥ ਤੁਮ ਹੋ ਪੁਰੀ ਚਤੁਰ ਦਸ ਕੰਤਾ॥੬॥ ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸਿਵਜੂ ਅਵਤਰਾ॥ ਕਾਲ ਪਾਇ ਕਰ ਬਿਸਨੁ ਪ੍ਰਕਾਸਾ॥ ਸਕਲ ਕਾਲ ਕਾ ਕੀਆ ਤਮਾਸਾ॥੭॥ ਜਵਨ ਕਾਲ ਜੋਗੀ ਸਿਵ ਕੀਓ॥ ਬੇਦਰਾਜ ਬ੍ਰਹਮਾ ਜੂ ਥੀਓ॥ ਜਵਨ ਕਾਲ ਸਭ ਲੋਕ ਸਵਾਰਾ॥ ਨਮਸਕਾਰ ਹੈ ਤਾਹਿ ਹਮਾਰਾ ॥੮॥ ਜਵਨ ਕਾਲ ਸਭ ਜਗਤ ਬਨਾਯੋ॥ ਦੇਵ ਦੈਤ ਜੱਛਨ ਉਪਜਾਯੋ॥ ਆਦਿ ਅੰਤਿ ਏਕੈ ਅਵਤਾਰਾ॥ ਸੋਈ ਗੁਰੂ ਸਮਝਿਯਹੁ ਹਮਾਰਾ ॥੯॥ ਨਮਸਕਾਰ ਤਿਸ ਹੀ ਕੋ ਹਮਾਰੀ॥ ਸਕਲ ਪ੍ਰਜਾ ਜਿਨ ਆਪ ਸਵਾਰੀ॥ ਸਿਵਕਨ ਕੋ ਸਿਵਗੁਨ ਸੁਖ ਦੀਓ॥ ਸੱਤ੍ਰਨ ਕੋ ਪਲ ਮੋ ਬਧ ਕੀਓ॥੧੦॥ ਘਟ ਘਟ ਕੇ ਅੰਤਰ ਕੀ ਜਾਨਤ॥ ਭਲੇ ਬੁਰੇ ਕੀ ਪੀਰ ਪਛਾਨਤ ॥ ਚੀਟੀ ਤੇ ਕੁੰਚਰ ਅਸਥੂਲਾ॥ ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ॥੧੧॥ ਸੰਤਨ ਦੁਖ ਪਾਏ ਤੇ ਦੁਖੀ॥ ਸੁਖ ਪਾਏ ਸਾਧੁਨ ਕੇ ਸੁਖੀ॥ ਏਕ ਏਕ ਕੀ ਪੀਰ ਪਛਾਨੈਂ॥ ਘਟ ਘਟ ਕੇ ਪਟ ਪਟ ਕੀ ਜਾਨੈਂ ॥੧੨॥ ਜਬ ਉਦਕਰਖ ਕਰਾ ਕਰਤਾਰਾ॥ ਪ੍ਰਜਾ ਧਰਤ ਤਬ ਦੇਹ ਅਪਾਰਾ ॥ ਜਬ ਆਕਰਖ ਕਰਤ ਹੋ ਕਬਹੂੰ॥ ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥ ਜੇਤੇ ਬਦਨ ਸ੍ਰਿਸਟਿ ਸਭ ਧਾਰੈ॥ ਆਪੁ ਆਪਨੀ ਬੂਝ ਉਚਾਰੈ॥ ਤੁਮ ਸਭਹੀ ਤੇ ਰਹਤ ਨਿਰਾਲਮ॥ ਜਾਨਤ ਬੇਦ ਭੇਦ ਅਰ ਆਲਮ॥੧੪॥ ਨਿਰੰਕਾਰ ਨ੍ਰਿਬਿਕਾਰ ਨਿਰਲੰਭ॥ ਆਦਿ ਅਨੀਲ ਅਨਾਦਿ





ਅਸੰਭਿ॥ ਤਾਕਾ ਮੂੜ੍ਹ ਉਚਾਰਤ ਭੇਦਾ॥ ਜਾਕੋ ਭੇਵ ਨ ਪਾਵਤ ਬੇਦਾ॥੧੫॥ ਤਾਕੋ ਕਰਿ ਪਾਹਨ ਅਨੁਮਾਨਤ॥ ਮਹਾ ਮੂੜ੍ਹ ਕਛੁ ਭੇਦ ਨ ਜਾਨਤ॥ ਮਹਾਦੇਵ ਕੋ ਕਹਤ ਸਦਾ ਸਿਵ॥ ਨਿਰੰਕਾਰ ਕਾ ਚੀਨਤ ਨਹਿ ਭਿਵ॥੧੬॥ ਆਪੁ ਆਪਨੀ ਬੁਧਿ ਹੈ ਜੇਤੀ॥ ਬਰਨਤ ਭਿੰਨ ਭਿੰਨ ਤੁਹਿ ਤੇਤੀ॥ ਤੁਮਰਾ ਲਖਾ ਨ ਜਾਇ ਪਸਾਰਾ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥੧੭॥ ਏਕੈ ਰੂਪ ਅਨੂਪ ਸਰੂਪਾ॥ ਰੰਕ ਭਯੋ ਰਾਵ ਕਹੀ ਭੂਪਾ॥ ਅੰਡਜ ਜੇਰਜ ਸੇਤਜ ਕੀਨੀ॥ ਉਤਭੁਜ ਖਾਨਿ ਬਹੁਰ ਰਚਿ ਦੀਨੀ॥੧੮॥ ਕਹੂੰ ਫੂਲ ਰਾਜਾ ਹ੍ਵੈ ਬੈਠਾ ॥ ਕਹੂੰ ਸਿਮਟਿ ਭਯੋ ਸੰਕਰ ਇਕੈਠਾ ॥ ਸਗਰੀ ਸ੍ਰਿਸਟਿ ਦਿਖਾਇ ਅਚੰਭਵ ॥ ਆਦਿ ਜੁਗਾਦਿ ਸਰੂਪ ਸੁਯੰਭਵ॥੧੯॥ ਅਬ ਰੱਛਾ ਮੇਰੀ ਤੁਮ ਕਰੋ ॥ ਸਿੱਖ ਉਬਾਰਿ ਅਸਿੱਖ ਸੰਘਰੋ ॥ ਦੁਸ਼ਟ ਜਿਤੇ ਉਠਵਤ ਉਤਪਾਤਾ॥ ਸਕਲ ਮਲੇਛ ਕਰੋ ਰਣ ਘਾਤਾ॥੨੦॥ ਜੇ ਅਸਿਧੁਜ ਤਵ ਸਰਨੀ ਪਰੇ॥ ਤਿਨਕੇ ਦੁਸ਼ਟ ਦੁਖਿਤ ਹ੍ਵੈ ਮਰੇ ॥ ਪੁਰਖ ਜਵਨ ਪਗ ਪਰੇ ਤਿਹਾਰੇ॥ ਤਿਨਕੇ ਤੁਮ ਸੰਕਟ ਸਭ ਟਾਰੇ ॥੨੧॥ ਜੋ ਕਲਿ ਕੋ ਇਕ ਬਾਰ ਧਿਐ ਹੈ॥ ਤਾਕੇ ਕਾਲ ਨਿਕਟਿ ਨਹਿ ਐਹੈ॥ ਰੱਛਾ ਹੋਇ ਤਾਹਿ ਸਭ ਕਾਲਾ॥ ਦੁਸਟ ਅਰਿਸਟ ਟਰੇਂ ਤਤਕਾਲਾ ॥੨੨॥ ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ॥ ਤਾਕੇ ਤਾਪ ਤਨਕ ਮੋ ਹਰਿਹੋ॥ ਰਿੱਧਿ ਸਿੱਧਿ ਘਰ ਮੋ ਸਭ ਹੋਈ॥ ਦੁਸ਼ਟ ਛਾਹ ਛ੍ਵੈ ਸਕੈ ਨ ਕੋਈ॥੨੩॥ ਏਕ ਬਾਰ ਜਿਨ ਤੁਮੈ ਸੰਭਾਰਾ॥ ਕਾਲ ਫਾਸ ਤੇ ਤਾਹਿ ਉਬਾਰਾ ॥ ਜਿਨ ਨਰ ਨਾਮ ਤਿਹਾਰੋ ਕਹਾ॥ ਦਾਰਿਦ ਦੁਸਟ ਦੋਖ ਤੇ ਰਹਾ ॥੨੪॥ ਖੜਗ ਕੇਤ ਮੈ ਸਰਣਿ ਤਿਹਾਰੀ ॥ ਆਪ ਹਾਥ ਦੈ ਲੇਹੁ ਉਬਾਰੀ ॥ ਸਰਬ ਠੌਰ ਮੋ ਹੋਹੁ ਸਹਾਈ॥ ਦੁਸਟ ਦੋਖ ਤੇ ਲੇਹੁ ਬਚਾਈ ॥੨੫॥ ਸ੍ਵੈਯਾ ॥ ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ॥ ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥ ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ॥ ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ॥ ਦੋਹਰਾ ॥ ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥ ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥ ਰਾਮਕਲੀ ਮਹਲਾ ੩ ਅਨੰਦੁ॥ ੧ੴ ਸਤਿਗੁਰ ਪ੍ਰਸਾਦਿ ॥ ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥ ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥ ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥ ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥ ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥੧॥ ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥ ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥ ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥ ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥ ਕਹੈ ਨਾਨਕੁ ਮੰਨ ਮੇਰੇ ਸਦਾ

ਰਹੁ ਹਰਿ ਨਾਲੇ ॥੨॥ ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥ ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥ ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥ ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥ ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥ ਸਾਚਾ ਨਾਮੁ ਮੇਰਾ ਆਧਾਰੋ ॥ ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥ ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ॥ ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ॥ ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ॥ ਸਾਚਾ ਨਾਮੁ ਮੇਰਾ ਆਧਾਰੋ ॥੪॥ ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥ ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥ ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥ ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥ ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥ ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥ ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥ ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥ ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥੪੦॥੧॥ ਮੁੰਦਾਵਣੀ ਮਹਲਾ ੫॥ ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥ ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥ ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥ ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥੧॥ ਸਲੋਕ ਮਹਲਾ ੫॥ ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥ ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥ ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ॥ ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥





## ਜੀਵਨ ਬਿਓਰਾ ਗੁਰੂ ਸਾਹਿਬਾਨ

| ਗੁਰੂ ਸਾਹਿਬ ਜੀ ਦਾ ਨਾਂ | ਪ੍ਰਕਾਸ਼ | ਪ੍ਰਕਾਸ਼ ਅਸਥਾਨ | ਪਿਤਾ ਜੀ ਦਾ ਨਾਂ | ਮਾਤਾ ਜੀ ਦਾ ਨਾਂ | ਸੰਤਾਨ | ਜੋਤੀ ਜੋਤ ਸਮਾਉਣ ਦਾ ਅਸਥਾਨ | ਜੋਤੀ ਜੋਤ | ਕੁੱਲ ਉਮਰ |
|---|---|---|---|---|---|---|---|---|
| ਗੁਰੂ ਨਾਨਕ ਸਾਹਿਬ ਜੀ | 15.04.1469 | ਨਨਕਾਣਾ ਸਾਹਿਬ | ਬਾ: ਕਲਿਆਣ ਦਾਸ ਜੀ | ਮਾ: ਤ੍ਰਿਪਤਾ ਜੀ | ਬਾਬਾ ਸ੍ਰੀ ਚੰਦ ਜੀ, ਬਾਬਾ ਲਖਮੀ ਦਾਸ ਜੀ | ਕਰਤਾਰਪੁਰ (ਪਾਕਿਸਤਾਨ) | 22.9.1539 | 70 ਸਾਲ 5 ਮਹੀਨੇ |
| ਗੁਰੂ ਅੰਗਦ ਸਾਹਿਬ ਜੀ | 31.03.1504 | ਮੱਤੇ ਦੀ ਸਰਾਂ (ਮੁਕਤਸਰ) | ਬਾ: ਫੇਰੂ ਮੱਲ ਜੀ | ਮਾ: ਦਇਆ ਕੌਰ ਜੀ | ਬਾਬਾ ਦਾਸੂ ਜੀ, ਬਾਬਾ ਦਾਤੂ ਜੀ, ਬੀਬੀ ਅਮਰੋ ਜੀ, ਬੀਬੀ ਅਨੋਖੀ ਜੀ | ਖਡੂਰ ਸਾਹਿਬ | 29.3.1552 | 48 ਸਾਲ |
| ਗੁਰੂ ਅਮਰਦਾਸ ਸਾਹਿਬ ਜੀ | 05.5.1479 | ਬਾਸਰਕੇ (ਅੰਮ੍ਰਿਤਸਰ) | ਬਾ: ਤੇਜ ਭਾਨ ਜੀ | ਮਾ: ਲਖਮੀ ਜੀ | ਬਾਬਾ ਮੋਹਰੀ ਜੀ, ਬਾਬਾ ਮੋਹਨ ਜੀ, ਬੀਬੀ ਭਾਨੀ ਜੀ, ਬੀਬੀ ਦਾਨੀ ਜੀ | ਗੋਇੰਦਵਾਲ ਸਾਹਿਬ | 1.9.1574 | 95 ਸਾਲ 4 ਮਹੀਨੇ |
| ਗੁਰੂ ਰਾਮਦਾਸ ਸਾਹਿਬ ਜੀ | 24.09.1534 | ਲਾਹੌਰ (ਚੂਨਾ ਮੰਡੀ) (ਪਾਕਿਸਤਾਨ) | ਬਾ: ਹਰਿ ਦਾਸ ਜੀ | ਮਾ: ਦਇਆ ਕੌਰ ਜੀ | ਬਾਬਾ ਪ੍ਰਿਥੀ ਚੰਦ ਜੀ, ਬਾਬਾ ਮਹਾਂਦੇਵ ਜੀ, ਬਾਬਾ (ਗੁਰੂ) ਅਰਜਨ ਸਾਹਿਬ ਜੀ | ਗੋਇੰਦਵਾਲ ਸਾਹਿਬ | 1.9.1581 | 47 ਸਾਲ |
| ਗੁਰੂ ਅਰਜਨ ਸਾਹਿਬ ਜੀ | 15.4.1563 | ਗੋਇੰਦਵਾਲ | ਗੁਰੂ ਰਾਮ ਦਾਸ ਜੀ | ਮਾ: ਭਾਨੀ ਜੀ | ਬਾਬਾ (ਗੁਰੂ) ਹਰਗੋਬਿੰਦ ਸਾਹਿਬ ਜੀ | ਲਾਹੌਰ | 30.5.1606 | 43 ਸਾਲ |
| ਗੁਰੂ ਹਰਗੋਬਿੰਦ ਸਾਹਿਬ ਜੀ | 19.6.1595 | ਗੁਰੂ ਕੀ ਵਡਾਲੀ (ਅੰਮ੍ਰਿਤਸਰ) | ਗੁਰੂ ਅਰਜਨ ਸਾਹਿਬ ਜੀ | ਮਾ: ਗੰਗਾ ਜੀ | ਬਾਬਾ ਗੁਰਦਿੱਤਾ ਜੀ, ਬੀਬੀ ਵੀਰੋ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਏ ਜੀ, ਬਾਬਾ ਅਟੱਲ ਰਾਏ ਜੀ, ਬਾਬਾ (ਗੁਰੂ) ਤੇਗ ਬਹਾਦਰ ਸਾਹਿਬ ਜੀ | ਕੀਰਤਪੁਰ | 3.3.1644 | 48 ਸਾਲ 9 ਮਹੀਨੇ |
| ਗੁਰੂ ਹਰਿ ਰਾਏ ਸਾਹਿਬ ਜੀ | 16.01.1630 | ਕੀਰਤਪੁਰ ਸਾਹਿਬ (ਰੋਪੜ) | ਬਾ: ਗੁਰਦਿੱਤਾ ਜੀ | ਮਾ: ਨਿਹਾਲ ਕੌਰ ਜੀ | ਬਾਬਾ ਰਾਮ ਰਾਇ ਜੀ, ਬੀਬੀ ਅਨੂਪ ਕੌਰ ਜੀ, ਬਾਬਾ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ | ਕੀਰਤਪੁਰ | 6.10.1661 | 31 ਸਾਲ 9 ਮਹੀਨੇ |
| ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 07.07.1656 | ਕੀਰਤਪੁਰ ਸਾਹਿਬ (ਰੋਪੜ) | ਗੁਰੂ ਹਰਿ ਰਾਏ ਸਾਹਿਬ ਜੀ | ਮਾ: ਕਿਸ਼ਨ ਕੌਰ ਜੀ | | ਦਿੱਲੀ | 30.3.1664 | 7 ਸਾਲ 9 ਮਹੀਨੇ |
| ਗੁਰੂ ਤੇਗ ਬਹਾਦਰ ਸਾਹਿਬ ਜੀ | 01.04.1621 | ਗੁਰੂ ਕੇ ਮਹਿਲ (ਅੰਮ੍ਰਿਤਸਰ) | ਗੁਰੂ ਹਰਿ ਗੋਬਿੰਦ ਸਾਹਿਬ ਜੀ | ਮਾ: ਨਾਨਕੀ ਜੀ | ਬਾਬਾ (ਗੁਰੂ) ਗੋਬਿੰਦ ਸਿੰਘ ਸਾਹਿਬ ਜੀ | ਦਿੱਲੀ | 11.11.1675 | 54 ਸਾਲ 7 ਮਹੀਨੇ |
| ਗੁਰੂ ਗੋਬਿੰਦ ਸਿੰਘ ਸਾਹਿਬ ਜੀ | 22.12.1666 | ਪਟਨਾ ਸਾਹਿਬ | ਗੁਰੂ ਤੇਗ ਬਹਾਦਰ ਸਾਹਿਬ ਜੀ | ਮਾ: ਗੁਜਰੀ ਜੀ | ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ | ਹਜ਼ੂਰ ਸਾਹਿਬ ਨੰਦੇੜ | 7.10.1708 | 41 ਸਾਲ 9½ ਮਹੀਨੇ |
| ਗੁਰੂ ਗ੍ਰੰਥ ਸਾਹਿਬ ਜੀ | 1.9.1604 | | | | | | | ਜੁਗੋ ਜੁਗ ਅਟੱਲ |

**ਪੰਜ ਪਿਆਰੇ:** ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ

**ਪੰਜ ਤਖ਼ਤ:** ਅਕਾਲ ਤਖ਼ਤ ਸਾਹਿਬ ਜੀ (ਅੰਮ੍ਰਿਤਸਰ), ਹਰਿਮੰਦਰ ਸਾਹਿਬ ਜੀ (ਪਟਨਾ), ਕੇਸਗੜ੍ਹ ਸਾਹਿਬ ਜੀ (ਅਨੰਦਪੁਰ ਸਾਹਿਬ), ਹਜ਼ੂਰ ਸਾਹਿਬ ਜੀ (ਨੰਦੇੜ), ਦਮਦਮਾ ਸਾਹਿਬ ਜੀ (ਤਲਵੰਡੀ ਸਾਬੋ)

**ਚਾਰ ਸਾਹਿਬਜ਼ਾਦੇ:** ਸਾਹਿਬਜ਼ਾਦਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਫਤਹਿ ਸਿੰਘ ਜੀ

**ਪੰਜ ਕਕਾਰ:** ਕੇਸ, ਕਿਰਪਾਨ, ਕਛਹਿਰਾ, ਕੰਘਾ, ਕੜਾ।

**ਚਾਰ ਕੁਰਹਿਤਾਂ:** ਕੇਸਾਂ ਦੀ ਬੇਅਦਬੀ, ਕੁੱਠਾ ਖਾਣਾ, ਪਰ-ਇਸਤਰੀ ਜਾਂ ਪੁਰਸ਼ ਦਾ ਗਮਨ, ਤਮਾਕੂ ਦਾ ਵਰਤਣਾ।

**ਜੈਕਾਰਾ:** ਜੋ ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥ **ਫ਼ਤਿਹ** ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਿਹ ॥